# ਚਿਰਾਗ

ਜਨਵਰੀ - ਮਾਰਚ 1996

**January - March 1996**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼

ਜਦੋਂ ਜਗੇ ਚਿਰਾਗ਼, ਰਾਹ ਹੋਏ ਰੌਸ਼ਨ,
ਚਿਹਰੇ ਮਿੱਤਰਾਂ ਦੇ ਮੁਸਕਰਾਉਣ ਲੱਗੇ।

ਵਾਹਗੇ ਪਾਰ ਤੋਂ ਵਿੱਛੜੇ ਸੱਜਣਾਂ ਦੇ,
ਸਾਨੂੰ ਸੁਖ-ਸਨੇਹੜੇ ਆਉਣ ਲੱਗੇ।

ਬੂਹੇ ਖੁੱਲ੍ਹ ਗਏ ਪਿਆਰ ਦੀ ਸਾਂਝ ਵਾਲੇ,
ਘਿਰਣਾ ਘੋਲਦੇ ਹੱਥ ਘਬਰਾਉਣ ਲੱਗੇ।

ਸ਼ਾਹ ਮੁਹੰਮਦਾ, ਰੌਣਕਾਂ ਪਰਤ ਆਈਆਂ,
ਗੀਤ ਜਦੋਂ ਕਰਿੰਗੜੀ ਪਾਉਣ ਲੱਗੇ।

ਮੁੱਲ : ਦੱਸ ਰੁਪਏ

ਅੰਕ ਨੰਬਰ—5

ਜਨਵਰੀ-ਮਾਰਚ 1996

# ਚਿਰਾਗ਼ (ਤ੍ਰੈ-ਮਾਸਕ)

ਜਨਵਰੀ-ਮਾਰਚ 1996

ਸੰਪਾਦਕ : **ਹਰਭਜਨ ਸਿੰਘ ਹੁੰਦਲ** ਸੰਪਾਦਕੀ ਮੰਡਲ :—**ਡਾ: ਕਰਮਜੀਤ ਸਿੰਘ**
**ਸੁਰਜੀਤ ਗਿੱਲ**



ਸੰਪਾਦਕੀ ਟਿੱਪਣੀ : ਹਰਭਜਨ ਸਿੰਘ ਹੁੰਦਲ/1

ਇਸ ਅੰਕ ਦਾ ਕਵੀ : ਡਾ: ਜਗਤਾਰ (ਅੱਠ ਗ਼ਜ਼ਲਾਂ)/3

ਕਹਾਣੀ : ਚੀਰ ਹਰਨ (ਗੁਰਮੀਤ ਕੜਿਆਲਵੀ)/8
ਚੀਕ (ਦੇਸ ਰਾਜ ਕਾਲੀ)/42

ਨਜ਼ਮਾਂ : ਪਾਬਲੋ ਨੇਰੂਦਾ/22, ਬਲਬੀਰ ਪਰਵਾਨਾ/12
ਪ੍ਰੋ: ਅਨੂਪ ਵਿਰਕ/19, ਸਿਮਰਜੀਤ ਸਿੰਮੀ/69, ਪ੍ਰੋ: ਨਿਰਮਲ ਦੱਤ/80

ਸਿਰਜਨ ਕਿਰਿਆ : ਪਾਬਲੋ ਨੇਰੂਦਾ/21 ਮੁਖਤਿਆਰ ਸਿੰਘ/77

ਲੇਖ : ਕ੍ਰਿਸ਼ਨ ਕਲਪਿਤ (ਇਸ ਬਾਬਤ ਨੂੰ ਆਪ ਨਹੀਂ ਜਾਣਦੇ/25
ਡਾ: ਸੁਖਦੇਵ ਸਿੰਘ (ਜੁਝਾਰ ਕਾਵਿ-ਧਾਰਾ—ਪੁਨਰ ਵਿਚਾਰ/30

ਵਾਦ-ਵਿਵਾਦ : ਪ੍ਰੀਤਮ ਸਿੰਘ/ਮਾਰਕਸਵਾਦ/ਡਾ: ਅਨੂਪ ਸਿੰਘ (ਪੰਜਾਬੀ ਲੇਖਕਾਂ ਦੀ
ਏਕਤਾ ਦਾ ਮਸਲਾ/49

ਗ਼ਜ਼ਲਾਂ : ਰਾਬਿੰਦਰ ਮਸਰੂਰ/2

ਵਤਨੋਂ ਦੂਰ : ਦਰਸ਼ਨ ਬੁਲੰਦਵੀ (ਨਜ਼ਮ)/47, ਭੁਪਿੰਦਰ ਸੱਗੂ (ਗ਼ਜ਼ਲ)/46
ਜਸਵਿੰਦਰ ਮਾਨ (ਗ਼ਜ਼ਲ)/46 ਹਰਜੀਤ ਅਟਵਾਲ/68

ਵਾਘਿਓਂ ਪਾਰ ; ਮਸੂਦ-ਖੱਦਰ ਪੋਸ਼ (ਮਹਿਮੂਦ ਸ਼ਾਨ ਗੁੱਲ)/63, ਤਾਰਕ ਗੋਜਰ/79
ਗ਼ਜ਼ਲ (ਆਬਿਦ ਨੁਬੇਦ ਸ਼ਾਦ) ਅਖਲਾਕ-ਆਤਿਫ਼ (ਚਾਰ ਗ਼ਜ਼ਲਾਂ)/66

ਪੁਸਤਕ ਪੜਚੋਲ : ਸਰਦ ਰਿਸ਼ਤੇ (ਡਾ: ਸਵਰਨ ਚੰਦਨ) ਓਨਮ (ਹਰਵਿੰਦਰ ਭੰਡਾਲ)
ਆਗਿਆਤ ਹਾਸ਼ੀਆ, ਮੁਖਾਲਿਫ਼ ਹਵਾ, ਰੁੱਤ ਵਿਜੋਗਣ ਹੋਈ,
ਆਲਮ ਕਾਵਿ, ਅਲਵਿਦਾ ਤੋਂ ਪਹਿਲਾਂ (ਹ.ਸ.ਹ.)

ਖਿਆਲ ਆਪੋ ਆਪਣਾ : ਮੁਸ਼ਤਾਕ ਸਿੰਘ, ਡਾ: ਜਗਤਾਰ, ਜਸਵਿੰਦਰ, ਦਰਸ਼ਨ ਬੁੱਟਰ,
ਅਮਰਜੀਤ, ਜੋਗਿੰਦਰਪਾਲ ਮਾਨ, ਬਲਬੀਰ ਪਰਵਾਨਾ,
ਅਮਨ-ਪਾਲ ਸਾਰਾ।

ਵਾਹਘੇ ਪਾਰ ਤੋਂ ਪੱਤਰ : ਇਲਿਆਸ ਘੁੰਮਣ, ਅਹਿਮਦ ਅਲੀ ਗਰ ਇਆ, ਬਾਬਾ ਨਜ਼ਮੀ,
ਐਮ. ਅਸ਼ਰਫ਼ ਸੁਹੇਲ।



ਪੁਸਤਕ ਪ੍ਰਾਪਤੀ : .........

ਪ੍ਰਕਾਸ਼ਨ ਮਿਤੀ : ਫਰਵਰੀ 29, 1996



**Postal Address :**

Harbhajan Singh Hundal,
V. Fatu Chak,
P/o. Dhilwan,
Distt. Kapurthala-144804
(Pb.) India.



ਚੰਦਿਆਂ ਦਾ ਵੇਰਵਾ :

| | | |
|---|---|---|
| ਦੇਸ਼ ਵਾਰਸ਼ਿਕ | : | 30 ਰੁਪਏ |
| ਇਕ ਪਰਚਾ | : | 10 ਰੁਪਏ |
| ਸੰਸਥਾਵਾਂ ਵਾਰਸ਼ਿਕ | : | 40 ਰੁਪਏ |
| ਬਦੇਸ਼ : | | |
| ਵਾਰਸ਼ਿਕ | : | 250 ਰੁਪਏ |
| ਇਕ ਪਰਚਾ | : | ਇਕ ਪੌਂਡ |


ਸੰਪਾਦਕੀ ਟਿੱਪਣੀ

# ਕਵਿਤਾ ਤੇ ਕਲਾਤਮਿਕ ਵਿੱਥ

ਪਿਛਲੇ ਡੇਢ ਦਹਾਕੇ ਦੀ ਕਵਿਤਾ ਦਾ ਜ਼ਿਕਰ ਕਰਦਿਆਂ ਆਲੋਚਕ ਤੇ ਟਿੱਪਣੀਕਾਰ ਅਕਸਰ ਆਖਦੇ ਹਨ ਕਿ ਸੰਕਟ ਕਾਵਿ ਨਾਲ ਸੰਬੰਧਿਤ ਕਵਿਤਾ ਵਧੇਰੇ ਕਰਕੇ ਤੁਰੰਤ ਪ੍ਰਗਟ ਕੀਤੇ ਭਾਵਕ ਪ੍ਰਤੀਕਰਮ ਦਾ ਸਿੱਟਾ ਹੈ। ਇੰਜ ਕਹਿੰਦੇ ਹੋਏ ਉਹਨਾਂ ਦੇ ਦਿਮਾਗ਼ ਵਿਚ ਕਵਿਤਾ ਦੀ ਪ੍ਰਕਿਰਤੀ ਤੋਂ ਉਲਟ ਗਲਪ ਰਚਨਾ ਦਾ ਕਾਵਿ-ਸ਼ਾਸਤਰ ਭਾਰੂ ਪ੍ਰਤੀਤ ਹੁੰਦਾ ਹੈ। ਸ਼ਾਇਦ ਉਹ ਇਹ ਸੋਚਦੇ ਹਨ ਕਿ ਸੰਬੰਧਿਤ ਕਵਿਤਾ ਕਿਸੇ ਘਟਨਾ ਜਾਂ ਵਰਤਾਰੇ ਦੇ ਵਾਪਰਨ ਤੋਂ ਬਹੁਤ ਦੇਰ ਬਾਅਦ ਹਾਲਤ ਦੇ ਨਾਰਮਲ ਹੋ ਜਾਣ ਤੇ ਹੀ ਲਿਖੀ ਜਾਣੀ ਚਾਹੀਦੀ ਹੈ। ਇੰਜ ਸੋਚਦੇ ਹੋਏ ਉਹ ਕਵਿਤਾ ਦੇ ਪ੍ਰਕਾਰਜ ਤੇ ਮੂਲ ਸੁਭਾਅ ਨੂੰ ਅਣਡਿੱਠ ਕਰਦੇ ਪ੍ਰਤੀਤ ਹੁੰਦੇ ਹਨ। ਕਵੀ ਬੁਨਿਆਦੀ ਤੌਰ ਤੇ ਇਕ ਭਾਵੁਕ ਵਿਅਕਤੀ ਹੁੰਦਾ ਹੈ ਤੇ ਕਿਸੇ ਘਟਨਾ ਦੇ ਵਾਪਰਨ ਜਾਂ ਕਿਸੇ ਖੁਸ਼ੀ, ਗ਼ਮੀ ਤੇ ਦੁੱਖ ਦੇ ਅਨੁਭਵ ਵਿਚੋਂ ਗੁਜ਼ਰਦਿਆਂ ਉਸ ਦਾ ਕਾਵਿਕ ਪ੍ਰਤੀਕਰਮ ਨਿਸਚੇ ਹੀ ਜਜ਼ਬਾਤੀ, ਭਾਵੁਕ ਤੇ ਤੱਟ-ਫੱਟ ਹੁੰਦਾ ਹੈ। ਸੰਭਵ ਹੈ ਕਿ ਘਟਨਾ ਦੇ ਵਾਪਰਨ ਤੋਂ ਤੁਰੰਤ ਬਾਅਦ ਜਾਂ ਕੁਝ ਦਿਨਾਂ ਬਾਅਦ ਲਿਖੀ ਕਾਵਿ ਰਚਨਾ ਵਾਪਰੇ ਯਥਾਰਥ ਦੇ ਸਾਰੇ ਪਾਸਾਰਾਂ ਦੀ ਡੂੰਘਾਈ ਤੀਕ ਲਹਿ ਜਾਣ ਤੋਂ ਅਸਮਰੱਥ ਰਹਿ ਜਾਵੇ ਤੇ ਵਕਤ ਬੀਤਣ ਨਾਲ ਵਾਪਰੀ ਘਟਨਾ ਸਬੰਧੀ ਕੁਝ ਨਵੇਂ ਅਜਿਹੇ ਤੱਥ ਪ੍ਰਗਟ ਹੋ ਜਾਣ ਜਿਹੜੇ ਲਿਖੀ ਗਈ ਕਵਿਤਾ ਦੇ ਸੱਚ ਨੂੰ ਰੱਦ ਕਰ ਦੇਣ। ਇਤਿਹਾਸ ਦੇ ਕਈਆਂ ਮੋੜਾਂ 'ਤੇ ਇਹ ਗੱਲ ਵਾਪਰਦੀ ਰਹੀ ਹੈ ਤੇ ਅੱਗੋਂ ਵੀ ਵਾਪਰਦੀ ਰਹੇਗੀ ਕਿ ਕਵੀ ਦਾ ਬਿਆਨ ਕੀਤਾ ਸੱਚ ਇਤਿਹਾਸ ਦੀ ਤੋਰ ਨੇ ਗਲਤ ਸਿੱਧ ਕਰ ਦਿੱਤਾ ਹੋਵੇ। ਹਿੰਦ-ਚੀਨ ਦੇ ਸਰਹੱਦੀ ਝਗੜੇ ਸਮੇਂ ਬਹੁਤ ਸਾਰੇ ਪ੍ਰਗਤੀਵਾਦੀ ਭਾਰਤੀ ਕਵੀਆਂ ਨੇ ਚੀਨ ਦੇ ਵਿਰੁੱਧ ਕਵਿਤਾਵਾਂ ਲਿਖੀਆਂ ਸਨ ਜਿਹੜੀਆਂ ਤੁਰੰਤ ਪ੍ਰਤੀਕਰਮ ਦਾ ਸਿੱਟਾ ਹਨ ਤੇ ਬਾਅਦ ਵਿਚ ਸਰਹੱਦੀ ਝਗੜੇ ਬਾਰੇ ਸਾਹਮਣੇ ਆਏ ਨਵੇਂ ਤੱਥਾਂ ਨੇ ਰੱਦ ਕਰ ਦਿੱਤੀਆਂ ਸਨ।

ਇਹ ਮਸਲੇ ਦਾ ਇਕ ਪੱਖ ਹੈ। ਪਰ ਇਸ ਦੇ ਉਲਟ ਦੂਸਰਾ ਪੱਖ ਵੀ ਅਣਗੌਲਿਆਂ ਕਰਨ ਵਾਲਾ ਨਹੀਂ। ਐਮਰਜੰਸੀ ਜਾਂ ਅਤਿਵਾਦ ਦੀ ਚੜ੍ਹਤ ਸਮੇਂ ਜਿਹਨਾਂ ਤਜਰਬਿਆਂ ਤੋਂ ਕਵੀ ਗੁਜ਼ਰਦੇ ਰਹੇ ਹਨ, ਜੇ ਉਹ ਉਹਨਾਂ ਸਮਿਆਂ ਬਾਰੇ ਤੁਰੰਤ ਜਾਂ ਤੱਟ-ਫ਼ੱਟ ਆਪਣਾ ਕਾਵਿ ਪ੍ਰਤੀਕਰਮ ਪ੍ਰਗਟ ਨਹੀਂ ਕਰਦੇ ਤਾਂ ਬੀਤ ਗਏ ਸਮਿਆਂ ਬਾਰੇ ਨਵੇਂ ਸਿਰਿਓਂ ਓਨੀ ਸ਼ਿਦਤ ਨਾਲ ਕਾਵਿ-ਰਚਨਾ ਕਰਨੀ ਸੰਭਵ ਨਹੀਂ ਹੁੰਦੀ। ਜਿਹੜੇ ਕਵੀ ਇਹਨਾਂ ਉੱਪਰ ਦਿੱਤੇ ਕਾਲੇ ਵਰ੍ਹਿਆਂ ਬਾਰੇ ਚੁੱਪ ਰਹੇ ਹਨ ਉਹਨਾਂ ਕੋਲੋਂ ਅੱਜ ਔਖੇ ਸਮਿਆਂ ਬਾਰੇ ਕਾਵਿ-ਸਿਰਜਣਾ ਦੀ ਉਮੀਦ ਕਰਨੀ ਹਾਸੋ-ਹੀਣੀ ਗੱਲ ਹੈ। ਬਦਲਦੇ ਹੋਏ ਯਥਾਰਥ ਨੂੰ ਵਕਤ ਸਿਰ ਕਵਿਤਾ ਵਿਚ ਪੇਸ਼ ਕਰਨਾ ਕਵੀ ਲਈ ਆਵੱਸ਼ਕ ਹੈ।

ਜੇ ਉਹ ਵਾਪਰਦੀਆਂ ਘਟਨਾਵਾਂ ਦੀ ਗਰਦ ਦੇ ਬੈਠ ਜਾਣ ਦੀ ਉਡੀਕ ਕਰਦਾ ਰਹੇ ਤਾਂ ਉਹ ਕਾਵਿ-ਸਿਰਜਣਾਂ ਦੇ ਸੁਨਹਿਰੀ ਛਿਣ ਗਵਾ ਬੈਠੇਗਾ। ਸੋ ਕਵੀ ਦਾ ਤੁਰੰਤ ਤੇ ਭਾਵੁਕ ਪ੍ਰਤੀਕਰਮ ਇਕ ਕੁਦਰਤੀ ਤੇ ਸਹਿਜ ਵਰਤਾਰਾ ਹੈ 'ਤੇ ਏਸੇ ਵਿਚ ਹੀ ਕਾਵਿ-ਸਿਰਜਣਾ ਦਾ ਰਹੱਸ ਛੁਪਿਆ ਹੋਇਆ ਹੈ। ਰੂਸੀ ਕਵੀ ਮਾਇਆ ਕੋਵਸਕਾਈ ਇਸ ਸਥਿਤੀ ਬਾਰੇ ਕਹਿੰਦਾ ਹੈ 'ਨਿਤਾਣੇ ਕਵੀ ਝੱਟ ਟਪਾਉਂਦੇ ਰਹਿੰਦੇ ਹਨ ਤੇ ਉਡੀਕਦੇ ਰਹਿੰਦੇ ਹਨ ਕਿ ਘਟਨਾ ਵਾਪਰ ਜਾਵੇ ਤਾਂ ਕਿ ਉਹ ਇਸ ਨੂੰ ਚਿੱਤਰ ਸਕਣ, ਪਰ ਤਕੜੇ ਕਵੀ ਏਨਾ ਹੀ ਫਾਸਲਾ ਅੱਗੇ ਵੱਲ ਦੌੜਦੇ ਹਨ ਤਾਂ ਕਿ ਉਹ ਸਮੇਂ ਨੂੰ, ਜਿਸ ਦੀ ਕਿ ਉਹਨਾਂ ਨੂੰ ਸਮਝ ਆ ਚੁੱਕੀ ਹੁੰਦੀ ਹੈ, ਅਗਲਵਾਂਢੀ ਹੋ ਕੇ ਮਿਲਣ।'

ਸੋ ਕਵਿਤਾ ਦੀ ਸਿਰਜਣਾ ਵੇਲੇ ਸਮੇਂ ਦੀਆਂ ਵਾਗਾਂ ਨੂੰ ਅੱਗਲਵਾਂਢੀ ਹੋ ਕੇ ਫੜਨ ਦੀ ਲੋੜ ਹੁੰਦੀ ਹੈ। ਅੰਗਰੇਜ਼ੀ ਦਾ ਮੁਹਾਵਰਾ (To cateh the time by the forelock) ਸ਼ਾਇਦ ਏਸੇ ਸਥਿਤੀ ਵਲ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ। ਠੰਢੇ ਦਿਲ ਨਾਲ, ਘਟਨਾਵਾਂ ਦੇ ਵਾਪਰਨ ਤੋਂ ਕਾਫੀ ਦੇਰ ਬਾਅਦ ਕਵਿਤਾ ਲਿਖਣ ਤੀਕ, ਬਹੁਤ ਕੁਝ ਸ਼ਾਂਤ ਜਾਂ ਠੰਢਾ ਹੋ ਚੁੱਕਾ ਹੁੰਦਾ ਹੈ ਤੇ ਲੰਘੇ ਛਿਣਾਂ ਦੇ ਝਲਕਾਰੇ ਬਾਰ-ਬਾਰ ਕਵੀ ਦਾ ਦਰ ਮੜਕਾਉਣ ਲਈ ਵਾਪਸ ਨਹੀਂ ਪਰਤਦੇ ਹੁੰਦੇ। ਤੱਤ-ਫੱਟ ਪ੍ਰਤੀਕਰਮ ਨੂੰ ਪਕੜਦੇ ਹੋਏ ਅਖੀਰ ਨੂੰ ਖਤਰਿਆਂ ਤੇ ਉਲਾਰਾਂ ਤੋਂ ਤਾਂ ਕਵੀ ਦੇ ਡੂੰਘੇਰੇ ਤੇ ਸਾਰਥਕ ਚਿੰਤਨ ਨੇ ਹੀ ਬਚਾਉਣਾ ਹੁੰਦਾ ਹੈ. ਨਾ ਕਿ ਰਚਨਾ-ਛਿਣਾਂ ਨੂੰ ਟਾਲਦੇ ਜਾਣ ਨੇ।

ਹਰਭਜਨ ਸਿੰਘ ਹੁੰਦਲ

## ਗ਼ਜ਼ਲ

ਰਾਬਿੰਦਰ ਮਸਰੂਰ

ਕੀ ਨਜ਼ਰ ਆਉਂਦਾ ਕਿ ਆਉਂਦੇ ਸਾਰ ਮੈਂ ਚੁੰਧਿਆ ਗਿਆ।
ਮੈਂ ਹਨੇਰੇ 'ਚੋਂ ਅਚਾਨਕ ਰੌਸ਼ਨੀ ਵਿਚ ਆ ਗਿਆ।

ਉਸ ਨੇ ਸੁਣਿਆ ਸੀ ਕਿ ਜਗਦਾ, ਕੁਝ ਨਹੀਂ ਸੂਰਜ ਬਗੈਰ,
ਜੁਗਨੂੰਆਂ ਨੂੰ ਜਗਮਗਾਉਂਦੇ ਵੇਖ ਕੇ ਚਕਰਾ ਗਿਆ।

ਰੋਣ ਹੱਸਣ ਸੌਣ ਸੋਚਣ, ਸਭ ਅੰਗੂਠੇ ਤਾਂ ਨਹੀਂ,
ਦੂਣ ਨੇ ਜਦ ਵੀ ਸਭ ਮੰਗੇ ਤਾਂ ਮੈਂ ਘਬਰਾ ਗਿਆ।

ਖੁਸ਼ ਸਾਂ ਮੈਂ ਕਿ ਮੈਂ ਹਵਾ ਦੀ ਹਿੱਕ ਤੇ ਧਰਤੀ ਲਿਖੀ,
ਉਮਰ ਭਰ ਧਰਤੀ ਤੇ ਪਰ ਫਿਰ ਪੈਰ ਨਾ ਧਰਿਆ ਗਿਆ।

ਆਮ ਲੋਕਾਂ 'ਚੋਂ ਸੀ ਲੜਦਾ ਜੂਝਦਾ ਜੀਉਂਦਾ ਸੀ ਉਹ,
ਲੋਕ ਪੂਜਣ ਲੱਗ ਪਏ ਉਸ ਨੂੰ ਤੇ ਉਹ ਪਥਰਾ ਗਿਆ।



ਇਸ ਵਾਰ ਦਾ ਵਿਸ਼ੇਸ਼ ਕਵੀ

## ਡਾ: ਜਗਤਾਰ/ਅੱਠ ਗ਼ਜ਼ਲਾਂ

**1995** ਵਰ੍ਹੇ ਦਾ ਭਾਰਤੀ ਸਾਹਿਤ ਅਕਾਡਮੀ ਦਾ ਪੁਰਸਕਾਰ ਡਾ: ਜਗਤਾਰ ਦੇ ਗ਼ਜ਼ਲ-ਸੰਗ੍ਰਹਿ "ਦੀਵਾ, ਜੁਗਨੂੰ ਤੇ ਦਰਿਆ" ਨੂੰ ਦਿੱਤਾ ਗਿਆ ਹੈ। ਇਸ ਪੁਰਸਕਾਰ ਦੀ ਕਈ ਸਾਲਾਂ ਤੋਂ ਉਡੀਕ ਸੀ ਕਿਉਂਕਿ ਉਹ ਡਾ: ਜਗਤਾਰ ਦੀ ਕਾਵਿ-ਰਚਨਾ ਦੀ ਉਤਮਤਾ, ਪ੍ਰਗਤੀਸ਼ੀਲਤਾ ਤੇ ਪ੍ਰਪੱਕਤਾ ਬਾਰੇ ਸ਼ੰਕੇ ਜਾਂ ਕਿੰਤੂ-ਪ੍ਰੰਤੂ ਦੀ ਕਿਸੇ ਖੇਤਰ ਵਿਚ ਵੀ ਕੋਈ ਗੁੰਜ਼ਾਇਸ਼ ਨਹੀਂ ਸੀ। ਇਸ ਪੁਰਸਕਾਰ ਵਿਚ ਦੇਰੀ ਏਸੇ ਕਾਰਨ ਹੀ ਹੁੰਦੀ ਰਹੀ ਕਿਉਂਕਿ ਡਾ: ਜਗਤਾਰ ਨੇ ਕੋਈ ਜੁੱਟ ਬਣਾ ਕੇ ਇਸ ਲਈ ਨਾ ਕਦੇ ਕੋਈ ਜੋੜ-ਤੋੜ ਨਹੀਂ ਕੀਤਾ ਸੀ ਤੇ ਨਾ ਹੀ ਅੰਦਰਖਾਤੇ ਕੋਈ ਗੁਪਤ ਉਪਰਾਲਾ। ਨਹੀਂ ਤਾਂ ਕੌਣ ਨਹੀਂ ਜਾਣਦਾ ਕਿ ਹੁਣ ਵੱਡੇ ਤੋਂ ਵੱਡੇ ਪੁਰਸਕਾਰ ਕਿਵੇਂ ਮਿਲਦੇ ਨੇ, ਜਾਂ ਕਿਵੇਂ ਦਿੱਤੇ ਜਾਂਦੇ ਨੇ ?

ਡਾ: ਜਗਤਾਰ ਨੂੰ ਇਸ ਪ੍ਰਾਪਤੀ ਤੇ ਹਾਰਦਿਕ ਵਧਾਈ ਪੇਸ਼ ਕਰਦਿਆਂ ਇਸ ਚੋਣ ਦੀ ਖੁਸ਼ੀ ਨੂੰ ਚਿਰਾਗ ਦੇ ਪਾਠਕਾਂ ਨਾਲ ਸਾਂਝੀ ਕਰਨ ਹਿੱਤ ਉਨ੍ਹਾਂ ਦੀਆਂ ਅੱਠ ਸੱਜਰੀਆਂ ਅਣਛਪੀਆਂ ਗ਼ਜ਼ਲਾਂ ਪ੍ਰਕਾਸ਼ਿਤ ਕਰਦਿਆਂ ਅਸੀਂ ਮਾਣ ਅਨੁਭਵ ਕਰਦੇ ਹਾਂ। ਪੰਜਾਬੀ ਕਾਵਿ-ਖੇਤਰ ਵਿਚ ਅਕਵਿਤਾ ਦੇ ਵਧ ਰਹੇ ਰੁਝਾਨ ਦੇ ਪ੍ਰਸੰਗ ਵਿਚ ਗੀਤ, ਗ਼ਜ਼ਲ ਤੇ ਆਜ਼ਾਦ ਨਜ਼ਮ ਦੇ ਖੇਤਰ ਵਿਚ ਡਾ: ਜਗਤਾਰ ਦੀ ਪ੍ਰਾਪਤੀ ਨਵੇਕਲੀ ਵੀ ਹੈ, ਸਾਰਥਕ ਤੇ ਮੁਲਵਾਨ ਵੀ। —ਸੰਪਾਦਕ

### ( 1 )

ਜੇ ਹਿਜਰਤ ਦੇ ਸਮੇਂ ਤੂੰ ਨਾਲ ਮੇਰੇ ਹਮਸਫਰ ਹੁੰਦਾ,
ਇਹ ਦਿਲ ਦਾ ਦਰਦ ਤਾਂ ਹੁੰਦਾ ਮਗਰ ਨਾ ਇਸ ਕਦਰ ਹੁੰਦਾ।

ਬੜਾ ਹੀ ਕਾਤਲਾਂ ਨੇ ਕਤਲਗਾਹ ਵਿਚ ਜਸ਼ਨ ਕਰਨਾ ਸੀ,
ਜੇ ਮੇਰੀ ਅੱਖ 'ਚ ਇਕ ਵੀ ਅੱਥਰੂ ਚਿਹਰੇ 'ਤੇ ਡਰ ਹੁੰਦਾ।

ਸਲਾਖਾਂ ਤੋੜ ਕੇ ਹਰ ਹਾਲ ਤੈਨੂੰ ਉੱਡ ਕੇ ਮੈਂ ਮਿਲਦਾ,
ਲਹੂ ਹੁੰਦਾ ਨਾ ਹੁੰਦਾ ਜੇ ਸਬੂਤਾ ਇਕ ਵੀ ਪਰ ਹੁੰਦਾ।

ਉਹ ਤਨਹਾ, ਦੁਸ਼ਮਣਾਂ ਵਿਚ ਘਿਰ ਕੇ ਹੱਸਿਆ ਫੇਰ ਰੋਇਆ,
ਮੇਰਾ ਇਤਿਹਾਸ ਅੱਜ ਲਿਖਦਾ ਗਵਾਹ ਕੋਈ ਅਗਰ ਹੁੰਦਾ।

ਇਹ ਸਭ ਰਿਸ਼ਤੇ, ਇਹ ਸਭ ਨਾਤੇ, ਭਿਆਨਕ ਪਿੰਜਰੇ ਸਾਰੇ,
ਗਗਨ ਤੋਂ ਮੋਕਲਾ ਬਸ ਮਾਂ ਦਾ ਦਿਲ ਮਾਂ ਦਾ ਜਿਗਰ ਹੁੰਦਾ।

ਬੜੀ ਖ਼ੂਬਸੂਰਤ ਸ਼ਾਮ ਹੈ 'ਮਾਂਡੂ' 'ਚ ਸਾਵਨ ਦੀ,
ਸਨੁੱਖੀ ਹੋਰ ਲੱਗਦੀ ਜੇ ਕਦੇ ਆਪਣਾ ਨਗਰ ਹੁੰਦਾ।

( 2 )

ਜੀਉਂਦੇ ਜੀ ਜੋ ਹਰ ਪਲ ਸਾਡੇ ਮੌਤ ਕਰੀਬ ਰਹੀ,
ਮੋਇਆਂ ਬਾਅਦ ਵੀ ਕਬਰ ਸਰ੍ਹਾਣੇ ਸਦਾ ਸਲੀਬ ਰਹੀ।

ਟੁੱਟ ਕੇ ਐਸੇ ਰਿਸ਼ਤੇ ਉਲਝੇ, ਫੇਰ ਕਦੀ ਨਾ ਸੁਲਝੇ,
ਤੇਰੇ ਪਿੱਛੋਂ ਜੀਵਨ ਵਿਚ ਨਾ ਉਹ ਤਰਤੀਬ ਰਹੀ।

ਅੱਖਾਂ ਅੰਦਰ ਖ਼ਾਕ ਸਫ਼ਰ ਦੀ, ਹਾਲੇ ਉਡਦੀ ਰਹਿੰਦੀ,
ਸ਼ਹਿਰ 'ਚ ਵੀ ਜੰਗਲ 'ਚੋਂ ਆ ਕੇ ਉਹ ਤਹਜ਼ੀਬ ਰਹੀ।

ਕੱਚੇ ਘਰ ਕੱਚੇ ਹੀ ਦੀਵੇ, ਤੇਲ ਕਦੇ ਹੀ ਥੀਵੇ,
ਅੱਜ ਤੀਕਰ ਕਿਉਂ ਇਸ ਬਸਤੀ ਦੀ ਸ਼ਾਮ ਗ਼ਰੀਬ ਰਹੀ।

ਤਲਵਾਰਾਂ ਦੀਆਂ ਧਾਰਾਂ ਉੱਤੇ, ਫੁੱਲ ਲਹੂ ਦੇ ਮਹਿਕੇ,
ਮਕਤਲ ਵਿਚ ਵੀ ਫੁੱਲਾਂ ਦੀ ਰੁੱਤ ਬੜੀ ਕਰੀਬ ਰਹੀ।

ਜੇ ਕੁਝ ਲਿਖਣਾ ਮੇਰੇ ਕੁਤਬੇ 'ਤੇ ਬਸ ਏਨਾ ਲਿਖਣਾ,
ਇਸ ਨੇ ਫਜਰ ਕਦੀ ਨਾ ਵੇਖੀ, ਸ਼ਾਮ ਨਸੀਬ ਰਹੀ।

( 3 )

ਦੋਸਤੀ ਦੀ ਪਿਠ 'ਚ ਖੰਜਰ ਵੇਖਣਾ,
ਬਹੁਤ ਮੁਸ਼ਕਿਲ ਹੈ ਇਹ ਮੰਜ਼ਰ ਵੇਖਣਾ।

ਉਸ ਦੀਆਂ ਜ਼ੁਲਫਾਂ 'ਚ ਹੈ ਕਿੰਨਾ ਫਤੂਰ,
ਤਿੜਕਦੇ ਸ਼ੀਸ਼ੇ ਦੇ ਅੰਦਰ ਵੇਖਣਾ।

ਮੇਰੇ ਬਾਰੇ ਐਵੇਂ ਨਾ ਹੋਣਾ ਉਦਾਸ,
ਜਦ ਕਦੇ ਬਰਬਾਦ ਖੰਡਰ ਵੇਖਣਾ।

ਗੁੰਝਲਾਂ ਪਾਈ ਗਿਆ ਹੈ ਹੋਰ ਹੋਰ,
ਵੇਖਣਾ ਤੇਰਾ ਉਹ ਅਕਸਰ ਵੇਖਣਾ।

ਮੇਰੇ ਅੰਦਰ ਗੂੰਜ ਤੂੰ ਬਣ ਕੇ ਸਦਾ,
ਜੋ ਮਿਰੀ ਚੁਪ ਦਾ ਹੈ ਆਖ਼ਰ ਵੇਖਣਾ।



ਮੇਰੀ ਬਰਬਾਦੀ ਦਾ ਸੁਣ ਲੈਣਾ ਜ਼ਰੂਰ,
ਬਸ ਖ਼ੁਦਾ ਰਾ ! ਆਪ ਨਾ ਪਰ ਵੇਖਣਾ।

ਬਣ ਗਈ ਆਦਤ ਜਹੀ 'ਜਗਤਾਰ' ਦੀ,
ਹਰ ਕਿਸੇ ਸ਼ੀਸ਼ੇ 'ਚ ਪੱਥਰ ਵੇਖਣਾ।

( 4 )

ਸਮਝੇ ਖ਼ੁਦਾ, ਖ਼ੁਦਾ ਦਾ ਜੋ ਘਰ ਜਲਾ ਗਏ ਨੇ,
ਪਰ ਸ਼ਹਿਰ ਕਿਉਂ ਲਹੂ ਦਾ ਦਰਿਆ ਬਣਾ ਗਏ ਨੇ।

ਚਿੜੀਆਂ ਦਾ ਫ਼ਿਕਰ ਕਿੰਨਾ, ਸਾਰੇ ਨਜ਼ਾਮ ਤਾਂਈਂ,
ਹਰ ਆਲ੍ਹਣੇ ਦੀ ਰਾਖੀ ਸ਼ਿਕਰੇ ਬਠਾ ਗਏ ਨੇ।

ਕਿਆ ਬਰਫ਼ਬਾਰੀਓਂ ਹੈ, ਮੌਸਮ ਬਚਾਉਣ ਦਾ ਗੁਰ,
ਇਕ ਇਕ ਗੁਲਾਬ ਚੁਣ ਕੇ, ਧੁੱਪਾਂ 'ਚ ਪਾ ਗਏ ਨੇ।

ਧੁੱਪਾਂ 'ਚ ਕੁਝ ਕਹੇਗਾ, ਬਾਰਸ਼ 'ਚ ਕੁਝ ਕਹੇਗਾ,
ਇਕ ਇਸ਼ਤਿਹਾਰ ਐਸਾ, ਹਰ ਘਰ 'ਚ ਲਾ ਗਏ ਨੇ।

ਰਸਤੇ ਵੀ ਸਭ ਘਰਾਂ ਦੇ ਮਲਬੇ 'ਚ ਨੇ ਗਵਾਚੇ,
ਵਸਦੇ ਘਰਾਂ ਨੂੰ ਐਸੇ, ਖੰਡਹਰ ਬਣਾ ਗਏ ਨੇ।

ਹਰ ਕੰਧ 'ਤੇ ਬਣੇ ਨੇ, ਐਸੇ ਚਿਤਰ ਲਹੂ ਦੇ,
ਹਰ ਸਖ਼ਸ਼ ਨੂੰ ਜੋ ਚੁੱਪ ਦੀ, ਮੂਰਤ ਬਣਾ ਗਏ ਨੇ।

ਮਕਤਲ ਹੀ ਬਣ ਗਿਆ ਹੈ, ਸਾਰਾ ਵਤਨ ਇਹ ਮੇਰਾ,
ਤਲਵਾਰ ਨੂੰ 'ਉਹ' ਐਸਾ, ਬੂਹੇ ਚੜ੍ਹਾ ਗਏ ਨੇ।

( 5 )

ਜਿਸ 'ਚ ਕੋਈ ਮਰਦ ਵੀ ਜ਼ਿੰਦਾ ਨਹੀਂ,
ਮੈਂ ਨਗਰ ਐਸੇ ਦਾ ਬਾਸ਼ਿੰਦਾ ਨਹੀਂ।

ਸਿਰ ਝੁਕਾ ਕੇ ਕਤਲਗਾਹ ਵਿਚ ਕਿਉਂ ਤੁਰਾਂ,
ਮੈਂ ਕਿਸੇ ਕੀਤੀ 'ਤੇ ਸ਼ਰਮਿੰਦਾ ਨਹੀਂ।

ਲਗ ਗਈ ਬੇੜੀ ਕਿਨਾਰੇ ਤੇ ਜ਼ਰੂਰ,
ਇਕ ਮੁਸਾਫ਼ਿਰ ਵੀ ਮਗਰ ਜ਼ਿੰਦਾ ਨਹੀਂ।

ਮੇਰੇ ਕਾਤਿਲ ਜ਼ਖ਼ਮ ਲਾ ਤਾਜ਼ਾ ਕਈ,
ਹੁਣ ਪੁਰਾਣਾ ਜ਼ਖ਼ਮ ਲੋ ਦਿੰਦਾ ਨਹੀਂ।

ਲੋਕ—ਸ਼ਾਇਰ ਮੈਂ, ਲਿਖਾਂ ਲੋਕਾਂ ਲਈ,
ਸ਼ਹਿਨਸ਼ਾਹਾਂ ਦਾ ਮੈਂ ਕਾਰਿੰਦਾ ਨਹੀਂ।

ਯਾਦ ਆਉਂਦੇ ਹਾਲ ਵੀ ਉਹ ਕਿਸ ਲਈ,
ਦਿਲ 'ਚ ਜਿਸ ਦਾ ਅਕਸ ਤਕ ਜ਼ਿੰਦਾ ਨਹੀਂ।

ਆਦਮੀ ਹੈ ਉਹ ਨਿਰਾ ਮੁਰਦੇ ਸਮਾਨ,
ਜਿਸ ਦਾ ਚਰਚਾ ਜ਼ਿਕਰ ਜਾਂ ਨਿੰਦਾ ਨਹੀਂ।

( 6 )

ਕਦੇ ਮੇਰੇ ਵੀ ਦਿਨ ਸਨ ਖ਼ੂਬਸੂਰਤ ਕਹਿਕਸ਼ਾਂ ਵਰਗੇ,
ਤਿਰੇ ਪਿੱਛੋਂ ਮਗਰ ਲਗਦੇ ਨੇ ਹੁਣ ਸੁੰਨੀ ਸਰਾਂ ਵਰਗੇ।

ਸ਼ਿਕਸਤਾ ਮਕਬਰੇ ਸੁੰਨੇ ਪਏ ਨੇ ਹੁਕਮਰਾਨਾਂ ਦੇ,
ਕਿਸੇ ਫ਼ਾਈਲ 'ਚ ਨਾ ਮਨਜ਼ੂਰ ਹੋਈਆਂ ਅਰਜ਼ੀਆਂ ਵਰਗੇ।

ਹਵਾ ਜਾਪੇ ਸਵੇਰੇ ਤੇਰੇ ਅਣਛੋਹੇ ਬਦਨ ਵਰਗੀ,
ਤਕਾਲੀਂ ਦੀਪ ਲਗਦੇ ਤੇਰੀਆਂ ਹੀ ਦਸਤਕਾਂ ਵਰਗੇ।

ਅਸੀਂ ਹੀ ਪਾਰ ਹੁੰਦਿਆਂ ਸਾਰ ਹਾਂ ਉਪਕਾਰ ਭੁੱਲ ਜਾਂਦੇ,
ਮਿਲਨ ਨੂੰ ਲੋਕ ਤਾਂ ਮਿਲਦੇ ਨੇ ਅਕਸਰ ਕਿਸ਼ਤੀਆਂ ਵਰਗੇ।

ਨਗਰ ਵਿਚ ਅੰਨ੍ਹੀਆਂ ਅੱਖਾਂ ਜਹੇ ਨੇ ਝੌਂਪੜੇ ਥਾਂ ਥਾਂ,
ਮਗਰ ਨਜ਼ਦੀਕ ਹੀ ਬੰਗਲੇ ਨੇ ਸਾਡੇ ਸੁਪਨਿਆਂ ਵਰਗੇ।

( 7 )

ਸ਼ੀਸ਼ੇ 'ਤੇ ਜੰਮ ਗਈ ਹੈ ਪੰਛੀ ਦੀ ਚੀਕ ਵੇਖੋ,
ਪਾਣੀ 'ਤੇ ਵੀ ਸਦੀਵੀ ਹੁੰਦੀ ਹੈ ਲੀਕ ਵੇਖੋ।

ਮੇਰੀ ਤਬਾਹੀ ਦਾ ਫਿਰ, ਸਾਮਾਨ ਹੋ ਰਿਹਾ ਹੈ,
ਉਹ ਹੋ ਰਹੇ ਨੇ ਨਿਸਦਿਨ ਮੇਰੇ ਨਜੀਕ ਵੇਖੋ।

ਕਿਉਂ ਉੱਠ ਰਿਹਾ ਹੈ ਧੂੰਆਂ, ਇਹ 'ਬਦਸ਼ਗਨ ਹੈ ਕੈਸਾ,
ਟੁੱਟਦੇ ਸਿਤਾਰਿਆਂ ਦੀ ਗਹੁ ਨਾਲ ਲੀਕ ਵੇਖੋ।



ਹਾਲੇ ਵੀ ਅਣਸੁਣੀ ਹੈ ਕਰਦੇ ਨੇ ਲੋਕ ਦਸਤਕ,
ਕਿੰਨਾ ਕੁ ਹੋ ਗਿਆ ਹੈ, ਮੌਸਮ ਇਹ ਠੀਕ ਵੇਖੋ।

ਸੀ ਕਤਲ ਮੇਰਾ ਸਾਜ਼ਿਸ਼, ਏਨਾ ਪਤਾ ਹੈ ਮੈਨੂੰ,
ਪਰ ਕੌਣ ਕੌਣ ਇਸ ਵਿਚ, ਹੋਇਆ ਸ਼ਰੀਕ ਵੇਖੋ?

ਸਾਹਿਲ 'ਤੇ ਹੀ ਡਬੋ ਕੇ ਐਵੇਂ ਨਜ਼ਰ ਨਾ ਫੇਰੋ,
ਮੇਰੇ ਮਰਨ ਦਾ ਮੰਜ਼ਿਰ ਹੁਣ ਅੰਤ ਤੀਕ ਵੇਖੋ।

ਸਭ ਵੇਖ ਸੁਣ ਰਹੇ ਨੇ, ਪਰ ਬੋਲਦੇ ਨਹੀਂ ਕੁਝ,
ਮਜਬੂਰ ਕਿਸ ਲਈ ਹੈ, ਹਰ ਵਰ—ਵਰੀਕ ਵੇਖੋ।

( 8 )

ਦੋਸਤੀ ਤੇ ਦੁਸ਼ਮਣੀ ਦੇ ਸਿਲਸਿਲੇ ਸਭ ਤੋੜ ਕੇ।
ਇਕ ਨਾ ਇਕ ਦਿਨ ਘੂਕ ਸੌਂ ਜਾਵਾਂਗਾ ਮਿੱਟੀ ਓੜ ਕੇ।

ਬੇਘਰਾ ਹੋਇਆ ਨਹੀਂ ਜਦ ਤਕ ਉਡਾਨਾਂ ਵਿਚ ਰਿਹਾ,
ਜਦ ਵੀ ਹੋਇਆ ਬੇਘਰਾ ਹੋਇਆ ਹਾਂ ਤੀਲੇ ਮੋੜ ਕੇ।

ਆ ਗਿਆ ਹਾਂ ਖ਼ੁਦ-ਬ-ਖ਼ੁਦ ਹੀ ਕਤਲਗਾਹ ਵਿਚ ਫੇਰ ਮੈਂ,
ਕਾਤਲੋ ਸੋਚੀਂ ਪਏ ਹੋ ਕਿਸ ਲਈ ਸਿਰ ਜੋੜ ਕੇ?

ਹਰ ਕਿਲ੍ਹੇ ਦੇ ਦਰ 'ਤੇ ਸਤੀਆਂ ਨੇ ਲਿਖੀ ਇਕ ਦਾਸਤਾਂ,
ਜ਼ਿੰਦਗੀ ਤੋਂ ਮੋੜ ਕੇ ਮੂੰਹ ਮੌਤ ਦਾ ਮੂੰਹ ਤੋੜ ਕੇ।

ਕੁਝ ਪਤਾ ਚਲਿਆ ਨਹੀਂ ਕਦ ਆ ਗਿਆਂ ਤੇਰੇ ਗਰਾਂ,
ਹਰ ਕਦਮ ਰੱਖਿਆ ਸੀ ਉਂਜ ਦਿਲ ਨੂੰ ਬੜਾ ਮੈਂ ਹੋੜ ਕੇ।

ਮੈਂ ਤਾਂ ਮਿੱਟੀ ਹਾਂ ਜੇ ਰੁੜਦੀ ਨਾ, ਤਾਂ ਉੱਡਦੀ ਖ਼ਾਕ ਬਣ,
ਇਹ ਨਦੀ ਕਿਉਂ ਆਫ਼ਰੀ ਫਿਰਦੀ ਹੈ ਮੈਨੂੰ ਰੋੜ੍ਹ ਕੇ।

ਜਦ ਤੇਰੇ ਪੈਰਾਂ ਦੇ ਹੇਠਾਂ ਨਾ ਰਹੀ ਕੋਈ ਜ਼ਮੀਨ,
ਬਹੁਤ ਪਛਤਾਏਂਗਾ ਇਸ ਧਰਤੀ ਤੋਂ ਰਿਸ਼ਤਾ ਤੋੜ ਕੇ।

ਘਿਰ ਗਿਆ ਮਜ਼ਬੂਰੀਆਂ ਦੇ ਜਾਲ ਵਿਚ ਤੇਰਾ ਵਜੂਦ,
ਪੁਰਜ਼ਾ ਪੁਰਜ਼ਾ ਜਦ ਤੇਰੀ ਤਸਵੀਰ ਵੇਖੀ ਜੋੜ ਕੇ।

ਕਹਿਕਸ਼ਾਂ, ਕੈਂਟ ਰੋਡ, ਮਿੱਠਾ ਪੁਰ (ਜਲੰਧਰ)

ਕਹਾਣੀ

## ਚੀਰਹਰਨ

—ਗੁਰਮੀਤ ਕੜਿਆਲਵੀ

ਅਨੰਦ ਕਾਰਜ ਦੀ ਰਸਮ ਤੋਂ ਬਾਅਦ ਤਕਰੀਬਨ ਸਾਰੀ ਹੀ ਜੰਞ ਧਰਮਸ਼ਾਲਾ ਵਿਚ ਆ ਬੈਠੀ ਸੀ। ਦਾਰੂ ਪਿਆਲੇ ਦੇ ਸ਼ੌਕੀਨਾਂ ਮਸੀਂ ਸੁੱਖ ਦਾ ਸਾਹ ਲਿਆ ਸੀ। ਅਨੰਦ ਕਾਰਜ ਤੱਕ ਉਹਨਾਂ ਨੂੰ ਆਪਣੇ ਆਪ ਤੇ ਕੰਟਰੋਲ ਕਰਨਾ ਪਿਆ ਸੀ। ਉਂਜ ਕੱਲ ਆਥਣ ਦੀ ਟੁੱਟ ਭੱਜ ਦੇ ਸ਼ਿਕਾਰ ਕੁਝ ਤੱਤੇ ਕਾਹਲਿਆਂ ਨੇ ਜੰਞੇ ਚੜ੍ਹਨ ਤੋਂ ਪਹਿਲਾਂ ਹੀ ਦੋ-ਦੋ ਗੱਦਰ ਜਿਹੇ ਹਾੜੇ ਲਾ 'ਟੋਟ' ਭੰਨਣ ਦੀ ਕੋਸ਼ਿਸ਼ ਕੀਤੀ ਸੀ। ਹੁਣ ਤਾਂ ਆਪੋ-ਆਪਣੀ ਟੋਲੀ ਵਿਚ ਬੋਤਲਾਂ ਖੁੱਲ ਚੁੱਕੀਆਂ ਸਨ। ਕੁੜੀ ਵਾਲੇ ਘਰੋਂ ਨਮਕੀਨ, ਬੂੰਦੀ ਅਤੇ ਮੀਟ ਦੇ ਕੌਲ ਭਰਕੇ ਬਹਿਰਾ ਫੜਾ ਗਿਆ ਸੀ।

ਬਹੁਤੀਆਂ ਟੋਲੀਆਂ ਵਿਚ ਠੇਕੇ ਦੀ ਦੇਸੀ ਸ਼ਰਾਬ ਉਡ ਰਹੀ ਸੀ। ਜੰਞ ਨਾਲ ਆਈ ਹਾਈ ਜੈਂਟਰੀ ਧਰਮਸ਼ਾਲਾ ਦੀ ਬੈਠਕ ਵਿਚ ਬੈਠੀ ਵਧੀਆ ਬ੍ਰਾਂਡ ਦੀ ਅੰਗਰੇਜ਼ੀ ਸ਼ਰਾਬ ਦੀਆਂ ਚੁਸਕੀਆਂ ਲੈ ਰਹੀ ਸੀ। ਇਹਨਾਂ ਦੀ ਗਿਣਤੀ ਆਟੇ ਵਿਚ ਲੂਣ ਦੇ ਬਰਾਬਰ ਸੀ। ਇਕ ਦੋ ਮੰਜਿਆਂ ਕੋਲ ਘਰ ਦੀ ਮਟਮੈਲੀ ਸ਼ਰਾਬ ਆਪਣੀ ਸਰਦਾਰੀ ਬਣਾਈ ਖੜੀ ਸੀ। ਇਹਨਾਂ ਵਿਚੋਂ ਵਧੇਰੇ ਦਵਿੰਦਰ ਦੇ ਕਾਲਜ ਵੇਲੇ ਦੇ ਯਾਰ ਜੁੱਟ ਹੀ ਸਨ। ਕਾਲਜ ਵੇਲੇ ਦਵਿੰਦਰ ਵਿਦਿਆਰਥੀ ਯੂਨੀਅਨ ਦਾ ਸਰਗਰਮ ਕਾਰਕੁੰਨ ਰਿਹਾ ਸੀ। ਕਾਲਜ ਨੂੰ ਅਲਵਿਦਾ ਕਹਿੰਦਿਆਂ ਹੀ ਉਸਨੇ ਭਾਵੇਂ ਯੂਨੀਅਨ ਨਾਲੋਂ ਨਾਤਾ ਤੋੜ ਲਿਆ ਸੀ। ਪਰ ਯੂਨੀਅਨ ਵਿਚ ਨਾਲ ਕੰਮ ਕਰਨ ਵਾਲਿਆਂ ਨਾਲ ਉਸਦੀ ਅੱਜੇ ਤੱਕ ਵੀ ਸਾਂਝ ਬਣੀ ਹੋਈ ਸੀ। ਇਹ ਸਾਂਝ ਕਈਆਂ ਨਾਲ ਤਾਂ ਮਿੱਤਰਤਾ ਵਿਚ ਬਦਲੀ ਹੋਈ ਸੀ। ਕਾਲਜ ਛੱਡ ਕੇ ਪਿਤਾ ਪੁਰਖੀ ਕਿੱਤੇ ਵਪਾਰ ਵਿਚ ਪੈਂਦਿਆਂ ਹੀ ਦਵਿੰਦਰ ਆਪਣੇ ਅਸੂਲ ਲਾਹ ਕੇ ਕਿੱਲੀ ਤੇ ਟੰਗ ਦਿਤੇ ਸਨ। ਉਸਦੀ ਪ੍ਰਵਿਰਤੀ ਵੀ ਬਾਕੀ ਵਪਾਰੀ ਲੋਕਾਂ ਵਰਗੀ ਹੀ ਹੁੰਦੀ ਗਈ ਸੀ। ਭਾਵੇ ਉਹ ਅੱਜੇ ਤੱਕ ਪੂਰੀ ਤਰ੍ਹਾਂ ਨਹੀਂ ਸੀ ਬਦਲਿਆ। ਉਹ ਸਿਸਟਮ ਦੀ ਮਸ਼ੀਨ ਦਾ ਪੁਰਜ਼ਾ ਬਣ ਕੇ ਰਹਿ ਗਿਆ ਸੀ। ਉਸ ਦੀਆਂ ਸਾਰੀਆਂ ਹੀ ਸਰਗਰਮੀਆਂ ਠੱਪ ਹੋ ਕੇ ਰਹਿ ਗਈਆਂ ਸਨ। ਪਰ ਕਾਲਜ ਵੇਲੇ ਦੀਆਂ ਯਾਰੀਆਂ ਨੂੰ ਭੁੱਲਿਆ ਨਹੀਂ ਸੀ ਤੇ ਗਾਹੇ-ਬਗਾਹੇ ਕਿਸੇ ਨਾ ਕਿਸੇ ਵਕਤ 'ਆਪਣੇ ਇਹਨਾਂ ਯਾਰਾਂ ਨੂੰ ਮਿਲ ਹੀ ਲੈਂਦਾ ਸੀ। ਹੁਣ ਆਪਣੇ ਵਿਆਹ ਤੇ ਉਸਨੇ ਆਪ ਉਚੇਚੇ ਤੌਰ ਤੇ ਜਾ ਕੇ ਸਵਰਨ ਤੇ ਗੁਰਮੇਲ ਨੂੰ ਬੁਲਾਇਆ ਸੀ। ਇਹ ਦੋਵੇਂ ਅਜੇ ਵੀ ਵਿਦਿਆਰਥੀ ਲਹਿਰ ਦੇ ਸਰਗਣੇ ਸਨ।

ਪਿਆਕੜਾਂ ਦੀਆਂ ਟੋਲੀਆਂ 'ਚੋਂ ਕਾਫੀ ਹਟਵੇਂ ਜੰਞ ਘਰ ਦੇ ਵਿਹੜੇ ਵਿਚ ਦੋ ਮੰਜੇ ਲਾਗੇ-ਲਾਗੇ ਜੋੜ ਕੇ, ਲੰਘੇ ਵੇਲਿਆਂ ਵਾਲੀ ਢਾਣੀ ਬੀਤੇ ਸਮੇਂ ਦੀਆਂ ਗੱਲਾਂ ਕਰ ਆਪਣਾ ਵਕਤ ਟਪਾ ਰਹੀ ਸੀ। ਇਕ-ਇਕ ਕਰਕੇ ਕਿਰ ਗਏ ਦੰਦਾਂ ਨੂੰ ਚ਼ਿਲਮ ਜਿਹੀ ਬਣੌਂਦਾ ਰਹਿਮਤੀ ਬੀੜੀਆਂ ਪੀ-ਪੀ ਭੂਰੀ ਕੀਤੀ ਤੇ ਕਤਰੀ ਹੋਈ ਕਰੜ-ਬਰੜੀ ਜਿਹੀ ਦਾਹੜੀ ਤੇ ਹੱਥ ਫੇਰਨ ਲੱਗ ਜਾਂਦਾ ਸੀ।



—"ਮਖ ਦਿੱਭੂ ਦੀ ਕੁੜੀ ਨੇ ਤਾਂ ਉਈਂ ਲੀਹ ਪੁਗਾਤੀ...।"

— ?"

—"ਤੈਨੂੰ ਨੀ ਪਤਾ ?

—"ਨਈਂ...ਤਾਂ !"

—ਕਿਹੜੇ ਖੂਹ 'ਚ ਰਹਿ ਕੇ ?

—"ਕੁਛ ਪਤਾ ਵੀ ਤਾਂ ਲੱਗੇ ?"

—"ਹੋਇਆ ਕੀ ?"

—"ਹੋਣਾ ਕੀ...ਆਹੀ ਹਰਦਿੱਤ ਸਿੰਹੁ ਦੀ ਕੁੜੀ...ਜੇਹੜੀ ਸ਼ਹਿਰ ਪੜ੍ਹਦੀ ਸੀ।',

—"ਆਹੋ ! ਸ਼ੈਂਤ ਕੋਰਸ ਕਰਦੀ ਕੋਈ...ਸ਼ੈਂਤ ਮਾਸਟਰਿਆਣੀ ਦਾ ?"

—"ਆਪਣੀ ਮਰਜੀ ਨਾਲ...ਉਧਲਗੀ...ਵਿਆਹ ਕਰਾ ਲਿਆ ਕਿਸੇ ਨਾਲ।"

—"ਇਹ ਕੋਈ ਨਵੀਂ ਗੱਲੇ...ਹੁਣ ਦੀ ਲਗੌੜ ਤਾਂ ਅਈਓਂ ਕਰਦੀ...।"

—"ਠੀਕੇ...ਪਰ ਜਾਤੋਂ-ਕੁਜਾਤ ਹੋਣਾ ਤਾ ਠੀਕ ਨੀ।"

—"ਰਹਿਮਤੀ, ਤੀਮੀ ਤੇ ਮੱਖੀ ਦਾ ਕੀ ਐ। ਬਹਿ ਜਾਣ ਬਰਫ਼ੀ ਤੇ ਬਹਿ ਜਾਣ, ਬਹਿ ਜਾਣ ਗੰਦ ਤੇ ਬਹਿ ਜਾਣ।"

—"ਹੋਰ ਨੀ ਸੁਣਿਐ ?"

—"ਕੀ...?"

—"ਸੁਰਜਨ ਸਿੰਹੁ ਦਾ ਨਿੱਕਾ...।"

—"ਲਖਵੀਰ...? ਕੀ ਗੱਲ ਹੋਗੀ ਉਹਨੂੰ...!"

—"ਕਿਸੇ ਨਾਲ ਪੜ੍ਹਦੀ ਹਸਾਈਆਂ ਦੀ ਕੁੜੀ ਨਾਲ ਸੀਟੀ ਰਲਾ ਕੇ ਤਿੱਤਰ ਹੋ ਗਿਆ।"

—"ਬੇੜਾ ਗਰਕ ਗਿਆ ਦੁਨੀਆਂ ਦਾ। ਮਾਣ-ਮਰਿਯਾਦਾ ਈ ਨੀ ਰਹੀ...ਉਈਂ ਹੈਨੀ।"

—"ਕਲ੍ਯੁੱਗ ਐ।"

—"ਧਰਮ ਕਰਮ ਕਿੱਥੇ ਰਹਿ ਗਿਆ ?"

—ਜਮ੍ਹਾਂ ਸ਼ਰਮ ਲਾਹੀ ਐ।"

—"ਛੱਡੋ ਪਰਾਂ ਕੀ ਗੱਲਾਂ ਵਿਢ ਲਈਆਂ...ਕੋਈ ਧਰਮ-ਕਰਮ ਦੀ ਸੁਣਾਓ। ਜੀਵਨ ਸਫਲਾ ਹੋਊ। ਰਹਿਮਤੀ ਸੁਣਾ ਕੋਈ ਪਰੌਣ 'ਚੋ। ਛੂਹ ਲੈ ਕੋਈ ਧਰਮ ਦਾ ਧਿਆਏ।"

ਤੇ ਰਹਿਮਤੀ ਨੇ ਧਰਮ-ਕਰਮ ਦਾ ਲੰਮਾ ਕਿੱਸਾ ਛੇੜ ਲਿਆ।

ਜੰਞ ਘਰ ਦੀ ਪਹਾੜ ਅੱਲ੍ਹ ਦੀ ਬਾਹੀ-ਇਹਨਾਂ ਵੇਲਾ ਵਿਹਾ ਚੱਕੇ ਜੁਆਨਾਂ ਦੇ ਬਿਲਕੁਲ ਕੋਲ ਮੰਜੇ ਜੋੜੀ ਬੈਠੇ ਚੋਬਰਾਂ ਦੀ ਦੋ-ਦੋ ਪੈਗ ਲਗਦਿਆਂ ਹੀ ਨਿਗ੍ਹਾ ਸਾਹਮਣੇ ਚੁਬਾਰੇ ਦੀਆਂ ਪੌੜੀਆਂ ਤੇ ਜਾ ਟਿਕੀ ਸੀ। ਲਾੜੇ ਨੂੰ ਤੱਕਣ ਬਹਾਨੇ ਖੜੀਆਂ ਕੁੜੀਆਂ ਵੱਲ ਵੇਖ ਕੇ ਉਹਨਾਂ ਦੇ ਅੰਦਰ ਗਈ ਘਰ ਦੀ ਕੱਢੀ ਦਾਰੂ, ਖੌਰੂ ਪਾਉਣ ਲੱਗੀ ਸੀ।

—"ਸਾਹਮਣੇ ਚੁਬਾਰਾ ਸੋਹਣੇ ਯਾਰ ਦਾ...ਲੜੀ ਜਾਂਦੀ ਅੱਖ ਯਾਰਾਂ ਦੀ...ਉਏ।" ਮੁੰਨੀਆਂ ਮੁੱਛਾਂ 'ਚੋਂ ਗੀਤ ਦੇ ਬੋਲ ਚੁਬਾਰੇ ਵੱਲ ਨੂੰ ਗਏ। ਨਾਲ ਹੀ ਹੱਥਾਂ ਨਾਲ ਭਰ ਕੇ ਸੁੱਟਿਆ ਚੁੰਮਣ ਵੀ। ਕਿਸੇ ਹੋਰ ਨੇ ਕੱਚ ਦੇ ਗਿਲਾਸ ਵਿਚ ਪੈਗ ਪਾ ਕੇ ਲਹਿਰਾਇਆ। ਚੁਬਾਰੇ ਦੀਆਂ ਪੌੜੀਆਂ ਵਿਚ ਵੀ ਹਿਲਜੁਲ ਹੋਈ। ਹਾਣ ਹਾਣ ਵੇਖ ਚਾਂਭਲ ਗਿਆ। ਇਕ ਉੱਤੇ ਲਈ ਚੁੰਨੀ ਦਾ ਪੱਲਾ ਹਵਾ ਵਿਚ ਲਹਿਰਾਇਆ। ਦੂਜੀ ਨੇ ਮੁੰਡੀਹਰ ਨੂੰ ਵਿਖਾ ਕੇ ਨਾਲ ਵਾਲੀ ਦੇ ਧੱਫਾ ਮਾਰਿਆ। ਤੀਜਾ ਹੱਥ ਆਪਣੇ ਆਪ ਹਵਾ ਵਿਚ ਉਠ ਗਿਆ। ਚੁਬਾਰੇ ਵਿਚੋਂ ਹੁੰਗਾਰੇ ਨੂੰ ਵੇਖ ਕੇ ਮੁੰਡੀਹਰ ਦੇ ਜਿਸਮ ਨੂੰ ਜਿਵੇਂ ਅੱਗ ਹੀ ਲੱਗ ਗਈ। ਕਈਆਂ ਦਾ ਜੀਅ ਕੀਤਾ ਉਹ ਖੰਭ ਲਾ ਕੇ ਉਡਣ ਤੇ ਚੁਬਾਰੇ ਦੇ ਬਨੇਰੇ ਤੇ ਜਾ ਗੁਟਕਣ। ਤਿੰਨੇ ਠਹਾਕਾ ਮਾਰ ਕੇ ਹੱਸੀਆਂ। ਉਹ ਜਾਵੀਆਂ ਨਾਲ ਛੇੜ-ਛਾੜ ਕਰਕੇ ਸਵਾਦ ਲੈ ਰਹੀਆਂ ਸਨ।

—"ਉਏ ਸੇਮਿਆ! ਹਾਏ...ਉਏ!! ਕੱਢ ਲਿਆ ਕਾਲਜਾ ਨਸਵਾਰੀ ਸੂਟ ਨੇ।"

—"ਸਾਲਿਆ ਤੇਰਾ ਤਾਂ ਕਾਲਜਾ ਈ ਕੱਢਿਆ, ਐਧਰ ਉਈਂ ਪ੍ਰਾਣ ਕੱਢ ਲੇ।" ਦੂਜਾ ਜਿਵੇਂ ਰੋ ਹੀ ਪਿਆ ਸੀ।

—"ਉਏ ਘੁੱਦੜਾ, ਮੇਰਿਆ ਕੁਛ ਲੱਗਦਿਆ, ਪਾ ਜੁੱਤੀ-ਰੋਂਦੀ ਲਾ ਕੇ ਆਈਏ ਚੁਬਾਰੇ ਕੰਨੀ...ਸ਼ੈਤ ਗੱਲ ਬਣਜੇ...ਕੋਈ ਲੈਟਰ-ਲੂਟਰ ਈ। ਹਾਏ...ਮੇਰੇ ਅੰਦਰ ਤਾਂ ਕੀੜੀਆਂ ਲੜੀ ਜਾਂਦੀਆਂ...ਉਏ ਭੈਣ...ਉਹ ਤਾਂ ਇਸ਼ਾਰੇ ਕਰੀ ਜਾਂਦੀ ਐ।"

—"ਪਿੰਡਾਂ ਆਲਿਆਂ ਦੇ ਜਾਤੂ ਵੇਖੇ? ਕਿੱਕਰ ਦੇ ਹੁੰਦੇ ਅਣਘੜਤ ਜੇ। ਪੈਣ ਲੱਗ ਗਏ...ਮਿੰਟੀ-ਸਕਿੰਟ ਭੂਤ ਉਤਰ ਜੂ ਰਾਂਝੇ ਦਾ, ਐਥੇ ਬੈਠਾ ਈ ਭੋਰੀ ਜਾ ਠਰਕ।"

ਮੁੰਡੀਹਰ ਨੇ ਹੱਦਾਂ ਉਲੰਘਣੀਆਂ ਸ਼ੁਰੂ ਕਰ ਦਿੱਤੀਆਂ। ਹਾਣ ਤੋਂ ਮਿਲੇ ਹੁੰਗਾਰੇ ਨੂੰ ਹੋਰ ਈ ਪਾਸੇ ਲਾ ਲਿਆ। ਇਕ ਨੇ ਚੁਬਾਰੇ ਵੱਲ ਭੱਦਾ ਇਸ਼ਾਰਾ ਕੀਤਾ ਤਾਂ ਤਿੰਨਾਂ ਨੇ ਪੈਰਾਂ ਵਿਚ ਪਾਈਆਂ ਚੱਪਲਾਂ ਲਾਹ ਕੇ ਉਹਨਾਂ ਵੱਲ ਲਹਿਰਾਈਆਂ ਤੇ ਗੁੱਸੇ ਵਿਚ ਅੰਦਰ ਚਲੀਆਂ ਗਈਆਂ।

—ਸਾਲਿਆ ਸ਼ਿਵਜੀ ਦਿਆ...ਕਰਲੈ ਆਸ਼ਕੀ। ਕੇਰਾਂ ਈ ਆਵਦੇ ਆਪ ਨੂੰ ਕ੍ਰਿਸ਼ਨ ਭਗਵਾਨ ਸਮਝਣ ਲੱਗ ਜਾਂਦੈ। ਬਾਕੀ ਸਾਰੇ ਭੱਦੀ ਹਰਕਤ ਕਰਨ ਵਾਲੇ ਤੇ ਗੁੱਸੇ ਹੋ ਰਹੇ ਸਨ।

ਬੈਠਕ ਦੇ ਅੰਦਰ ਬੈਠੀ ਹੋਈ ਹਾਈ ਜੈਂਟਰੀ ਦੇ ਅੰਦਰ ਵੀ ਇਕ-ਇਕ ਪੈਗ ਉੱਤਰ ਚੁੱਕਾ ਸੀ।



—ਦਵਿੰਦਰ ਨੂੰ ਪਾਉਣ ਆਲੀ ਤਾਂ ਹੱਦ ਕਰਤੀ। ਤਿੰਨ ਛਾਪਾਂ, ਇਕ ਕੜਾ, ਘੜੀ, ਚੇਨੀ ਅੰਕਲ ਨੂੰ ਵੀ ਛਾਪ, ਮਾਮੇ ਨੂੰ ਵੀ; ਆਂਟੀ ਨੂੰ ਵੀ।" ਘੁੱਗੀ ਰੰਗੇ ਦੀ ਟਾਈ ਹਿੱਲੀ ਸੀ।

—"ਕਲਰ ਟੀ. ਵੀ. ਤੇ ਸਕੂਟਰ ਵੀ ਦੇਣੈ ਨੇ। ਮੈਨੂੰ ਵਿਚੋਲੇ ਨੇ ਦੱਸਿਆ।"

"—ਐਕਸੀਲੈਂਸ।"

—ਗੁੱਡ ਫਾਰਚੂਨੇਟ! ਬੜੀ ਅੱਛੀ ਲੱਕ ਐ ਦਵਿੰਦਰ ਦੀ। ਕੁਛ ..।" ਮਾਵੇ ਨਾਲ ਘੁੱਟ ਕੇ ਬੱਧੀ ਪੱਗ ਮੂੰਹ 'ਚੋਂ ਝੱਗ ਸੁੱਟਣ ਲੱਗੀ।

"...ਹਾਂ! ਘੱਟੋ-ਘੱਟ ਲੱਖ ਤਾਂ ਹੋਊ! ਸੁਣਿਐ।"

—"ਨਾਈਸ਼।"

—"ਬੜਾ ਸਿਵਲਾਈਜ਼ਡ ਫੈਮਲੀ ਲੱਗਦਾ ਦਵਿੰਦਰ ਦੇ ਲਾਅਜ਼ ਦਾ।" ਮੋਟੇ ਢਿੱਡ ਵਾਲੇ ਨੇ ਥੱਲੇ ਖਿਸਕ ਆਈ ਪੈਂਟ ਉਪਰ ਨੂੰ ਕੀਤੀ।

—"ਦਵੀ ਦੀ ਸਮਝ ਲੋ ਲਾਟਰੀ ਨਿਕਲ ਆਈ।"

—ਜੇ ਇਹ ਸਭ ਨਾ ਕਰਦੇ...ਦਵੀ ਦੀ ਇਨਸਲਟ ਹੋ ਜਾਣੀ ਸੀ। ਕਿੰਨੇ ਸਿਵਲਾਈਜ਼ਡ ਬੰਦੇ ਬੁਲਾਏ ਸਨ ਸਾਡੇ ਵਰਗੇ।" ਘੁੱਗੀ ਰੰਗੇ ਕੋਟ ਵਾਲੀ ਟਾਈ ਫੇਰ ਹਿੱਲੀ ਸੀ।

—"ਕ੍ਰਿਸ਼ਨ ਇਹ ਤਾਂ ਵਾਹਿਗੁਰੂ ਦੀ ਲੀਲਾ...ਉਹੀ ਪੱਤ ਰਖੇਂਦਾ ਸਭੀ ਦੀ।" ਮਾਵੇ ਵਾਲੀ ਘੁੱਟ ਕੇ ਬੱਧੀ ਪੱਗ, ਘੁੱਗੀ ਰੰਗੇ ਕੋਟ ਵਾਲੀ ਟਾਈ ਜਿਸ ਦਾ ਨਾਂ ਕ੍ਰਿਸ਼ਨ ਸੀ ਨੂੰ ਕਹਿਣ ਲੱਗੀ।

—"ਚੰਗੇ ਕਰਮ ਕੀਤੇ ਦਵੀ ਨੇ ਪਿਛਲੇ ਜਨਮ 'ਚ...।" ਕ੍ਰਿਸ਼ਨ ਨੇ ਦੋਵੇਂ ਹੱਥ ਹਿਲਾਏ ਸਨ।

—"ਜ਼ਿੰਦਗੀ ਵਿਚ ਸੈਟ ਹੋਜੂ...ਵੈਲ ਸੈਟਲ।" ਕੋਈ ਹੋਰ ਸੀ।

"ਹੁਣ ਅਗਲੇ ਸਾਲ ਫੇਰ ਪਾਰਟੀ ਲਾਂਗੇ ਦਵੀ ਤੋਂ।" ਇਕ ਹਾਈ ਜੈਂਟਰੀ ਨੂੰ ਬੱਚੇ ਨੂੰ ਖਿਡਾਉਣ ਵਾਲੀ ਹਰਕਤ ਕਰਦਿਆਂ ਕਿਹਾ।

—"ਹਾਂ! ਬੱਸ ਮੇਹਰ ਚਾਹੀਦੀ ਕ੍ਰਿਸ਼ਨ ਦੀ...।" ਬਾਕੀਆਂ ਨੇ ਕ੍ਰਿਸ਼ਨ ਵੱਲ ਹੱਥ ਕਰ-ਦਿਆਂ ਅੱਖਾਂ ਵਿਚ ਭੇਦ-ਭਰੀ ਮੁਸਕਰਾਹਟ ਲਿਆਂਦੀ ਤੇ ਫੇਰ ਠਹਾਕਾ ਮਾਰ ਕੇ ਹੱਸ ਪਏ। ਇਹ ਹਾਸਾ ਮਰੀਅਲ ਜਿਹੀ ਕੁੱਤੀ ਦੀ ਚਊਂ ਚਊਂ ਵਰਗਾ ਹੀ ਸੀ।

ਦਵਿੰਦਰ ਦੇ ਕਾਲਜ ਵੇਲੇ ਦੇ ਯੂਨੀਅਨਿਸਟ ਮਿੱਤਰ ਕਾਲਜ ਵੇਲੇ ਦੀਆਂ ਗੱਲਾਂ ਕਰਦੇ ਕਦੇ ਖੁਲ ਕੇ ਹੱਸ ਪੈਂਦੇ ਸਨ ਤੇ ਕਦੇ ਬਹੁਤ ਹੀ ਗੰਭੀਰ ਜਿਹੇ ਹੋ ਕੇ ਇਉਂ ਚੁੱਪ ਕਰ ਜਾਂਦੇ ਸਨ ਜਿਵੇਂ ਜੰਞ ਵਿਚ ਨਹੀਂ ਕਿਸੇ ਸੱਥਰ ਤੇ ਆਏ ਹੋਣ। ਦਵਿੰਦਰ ਤੁਰਦਾ-ਫਿਰਦਾ ਸਾਰੀਆਂ ਹੀ ਟੋਲੀਆਂ ਵਿਚ ਥੋੜ-ਥੋੜਾ ਸਮਾਂ ਗੁਜ਼ਾਰ ਜਾਂਦਾ ਸੀ। ਵਧੇਰੇ ਸਮਾਂ ਉਹ ਇਸੇ ਢਾਣੀ ਵਿਚ ਲਾਉਂਦਾ ਸੀ।

ਵੇਹਾ ਵਿਹਾ ਚੁੱਕੇ ਬੰਦਿਆਂ ਦੀ ਟੋਲੀ ਵਿਚ ਰਹਿਮਤੀ ਮਹਾਂਭਾਰਤ ਵਿਚੋਂ ਲੰਮਾ ਕਿਸਾ ਛੇੜੀ ਬੈਠਾ ਸੀ।

—ਲਉ ਜੀ, ਸਾਰੇ ਕੌਰੂੰ ਕੱਤੇ। ਦਲਬਾਰ ਲੱਗਾ ਮਹਾਰਾਜ ਬਿਰਾਜਮਾਨ ਸੰਘਾਸਨ ਤੇ। ਦਰਬਾਰ ਵਿਚ ਭੀਸ਼ਮ ਪਤਾਮਾ ਜਿਹੇ ਮਹਾਬਲੀ ਵੀ ਹਾਜ਼ਰ-ਨਾਜਰ। ਗੁਰੂ ਦਰੋਣਾਚਾਰੀਆ ਵੀ ਰਾਜਗੁਰੂ ਦੀ ਕੁਰਸੀ ਤੇ ਸ਼ੋਭਿਤ। ਪੰਜੇ ਪਾਂਡੂ ਵੀ ਸਿਰ ਝੁਕਾਈ ਖੜੇ ਗੁਲਾਮਾਂ ਆਗੂੰ। ਨਮੋਸ਼ੀ ਵਿਚ ਡੁੱਬੇ। ਪੰਜਾਂ ਕੋਲ ਇਕੋ ਤੀਮੀ ਸੀ ਦ੍ਰੋਪਤੀ, ਜੂਏ ਵਿਚ ਹਾਰ ਗਏ, ਹੋਰ ਕੀ ਕਰਦੇ। ਬੱਸ ਪੈਰਾਂ ਦੇ ਅਗੂੰਠਿਆਂ ਨਾਲ ਧਰਤੀ ਖੁਰਚੀ ਜਾਣ। ਮਹਾਰਾਜ ਦਰਯੋਧਨ ਨੇ ਹੁਕਮ ਸੁਣਾਤਾ ਬਈ ਦ੍ਰੋਪਤੀ ਨੂੰ ਫੌਰਨ ਦਰਬਾਰ 'ਚ ਹਾਜ਼ਰ ਕਰੋ। ਮਹਾਰਾਜੇ ਦਾ ਹੁਕਮ, ਟਾਲੇ ਕੌਣ? ਲਉਂ ਜੀ ਦਰਬਾਨਾਂ ਨੇ ਦ੍ਰੋਪਤੀ ਨੂੰ ਤੁਰੰਤ ਦਰਬਾਰ 'ਚ ਹਾਜ਼ਰ ਕਰ ਦਿਤਾ। ਦਰਬਾਰ ਦੇ ਐਨ ਵਿਚਾਲੇ ਆਣ ਖੜੀ ਕੀਤਾ। ਬਿਲਕੁਲ ਚੁੱਪ-ਚਾਪ ਸ਼ਾਂਤ ਚਿੱਤ ਅਡੋਲ। ਪਾਡੂਆਂ ਨੇ ਇਕ ਵਾਰ ਸਿਰ ਚੁੱਕ ਕੇ ਦ੍ਰੋਪਤੀ ਅੱਲੀ ਦੇਖਿਆ। ਦਰੋਪਤੀ ਨਾਲ ਨਜ਼ਰਾਂ ਮਿਲਦਿਆਂ ਹੀ ਉਹਨਾਂ ਦੀਆਂ ਨਜ਼ਰਾਂ ਫਰ ਧਰਤੀ ਵਿਚ ਗੱਡੀਆਂ ਗਈਆਂ। ਨਮੋਸ਼ੀ ਬੋੜੀ ਸੀ। ਘਰ ਦੀ ਇੱਜਤ ਹਾਰੀ ਜੂਏ 'ਚ। ਲਉ ਜੀ ਦਰੋਪਤੀ ਨੇ ਵੀ ਲੱਖਣ ਲਾ ਲਿਆ ਵਈ ਹੁਣ ਦਰਯੋਧਨ ਪਹਿਲਾ ਵਾਲਾ ਬਦਲਾ ਲਊ। ਬੇਨਤੀ ਕਰੂ ਭਰੇ ਦਰਬਾਰ ਵਿਚ ਉਹ ਤਾਂ ਜੀ ਲੱਗੀ ਧਿਆਉਣ ਖ਼ਿਸ਼ਨ ਭਗਵਾਨ ਨੂੰ। ਲਉ ਜੀ ਦਰਯੋਧਨ ਉਠਿਆ ਤੇ ਦਰੋਪਤੀ ਕੋਲ ਜਾ ਖੜਿਆ ਕਹਿਣ ਲੱਗਾ, 'ਮੈਂ ਤੇਰਾ ਚੀਰ ਹਰਨ ਲੱਗਾ ਕਰਨ ਭਰੇ ਦਰਬਾਰ 'ਚ। ਮਾਰ ਲੈ ਵਾਜ਼ ਜੇ ਕੋਈ ਤੈਨੂੰ ਬਚਾਉਣ ਵਾਲਾ। ਕੋਈ ਸਾਈਂ ਖਸਮ ਦਰੋਪਤੀ ਕੁਝ ਨਾ ਬੋਲੀ। ਪਾਂਡੂਆਂ ਦੀ ਅੱਖ ਕਿਹੜਾ ਉਠੇ ਧਰਤੀ ਤੋਂ ਦਰਯੋਧਨ ਠਹਾਕੇ ਮਾਰ-ਮਾਰ ਕੇ ਹੱਸੇ ਤੇ ਲੱਗ ਗਿਆ ਦਰੋਪਤੀ ਦੀ ਸਾੜੀ ਉਤਾਰਨ। ਦਰੋਪਤੀ ਨੇ ਸੱਚੇ ਮਨੋਂ ਕੀਤੀ ਅਰਦਾਸ ਵਈ, ਹੇ ਕ੍ਰਿਸ਼ਨ ਭਗਵਾਨ ਮੈਨੂੰ ਬਚਾ ਲੈ। ਮੇਰੀ ਇੱਜ਼ਤ ਤੇਰੇ ਹੱਥ ਐ। ਸੱਚੇ ਦਿਲੋਂ ਕੀਤੀ ਅਰਦਾਸ ਸੁਣੀ ਕਿਹੜਾ ਨਹੀਂ ਜਾਂਦੀ।

ਦਰੋਜਨ ਹੰਕਾਰ ਵਿਚ ਆਇਆ ਸਾੜੀ ਖਿੱਚੀ ਜਾਵੇ। ਸਾੜ੍ਹੀ ਅੱਗੇ ਦੀ ਅੱਗੇ ਵਧੀ ਤੁਰੀ ਜਾਏ। ਦਰਬਾਰ 'ਚ ਲੱਗ ਗਿਆ ਢੇਰ। ਕ੍ਰਿਸ਼ਨ ਭਗਵਾਨ ਜਣੀਦਾ ਖੁਦ ਆ ਹਾਜ਼ਰ ਹੋਇਆ ਸੀ। ਲਉ ਜੀ ਆਖਰ ਥੱਕ ਹਾਰ ਕੇ ਦਰੋਜਨ ਬਹਿ ਗਿਆ ਪਰ ਦਰੋਪਤੀ ਦੀ ਬੇਜ਼ਤੀ ਨਾ ਕਰ ਸਕਿਆ।" ਰਹਿਮਤੀ ਨੂੰ ਸਾਰੇ ਇਉਂ ਗਹੁ ਨਾਲ ਸੁਣ ਰਹੇ ਸਨ ਜਿਵੇਂ ਉਹ ਬਹੁਤ ਵੱਡਾ ਗੁਣੀ ਗਿਆਨੀ ਜਾਂ ਕੋਈ ਮੰਦਰ ਦਾ ਪੁਜਾਰੀ ਹੋਵੇ।

—"ਜੀਹਦੇ ਅੱਲੀ ਭਗਵਾਨ ਹੋਏ ਉਹਦਾ ਵਾਲ ਕਿਹੜਾ ਕੋਈ ਕਰਲੂ ਵਿੰਗਾ।" ਟੋਲੀ ਚੋਂ ਕਿਸੇ ਨੇ ਹੁੰਗਾਰਾ ਭਰਿਆ ਸੀ।

"ਆ ਗਈਆਂ ਉਏ...ਆਏ।" ਨੱਚਣ ਵਾਲੀਆਂ ਚਾਰ ਕੁੜੀਆਂ ਜਿਉਂ ਹੀ ਧਰਮਸ਼ਾਲਾ ਵਿਚ ਦਾਖਲ ਹੋਈਆਂ, ਸਰਾਬੀ ਹੋਏ ਜਾਂਞੀਆਂ ਨੇ ਅਸਮਾਨ ਸਿਰ ਤੇ ਚੁੱਕ ਲਿਆ। ਧਰਮਸ਼ਾਲਾ ਦੇ ਅੰਦਰ ਬੈਠੀ ਹਾਈ ਜੈਂਟਰੀ ਬਾਹਰ ਵਿਹੜੇ 'ਚ ਆ ਗਈ। ਸਾਰੀ ਮੁੰਡੀਹਰ ਨੇ ਕੁੜੀਆਂ ਨੂੰ ਘੇਰਾ ਜਿਹਾ ਘੱਤ ਲਿਆ। ਖੂਬਸੂਰਤ ਕੁੜੀਆਂ ਨੂੰ ਵੇਖ ਸ਼ਰਾਬੀਆਂ ਦੀਆ ਅੱਖਾਂ ਦੇ ਲਾਲ ਡੋਰਿਆਂ 'ਚੋਂ ਅੱਗ ਜਿਹੀ ਨਿਕਲਣ ਲੱਗੀ ਸੀ।



—ਰਹਿਮਤੀ ਆਹ ਤਾਂ ਤੇਰੀ ਪਰੌਣ ਦੀ ਕਥਾ ਵਿਚਲੀ ਮੇਨਕਾ ਅਰਗੀ ਆ।" ਵੇਲਾ ਵਿਹਾ ਚੁੱਕਿਆਂ ਦੀ ਟੋਲੀ ਦੀਆਂ ਅੱਖਾਂ ਵੀ ਇਧਰ ਹੀ ਗੱਡੀਆਂ ਗਈਆਂ ਸਨ। ਚਾਰਾਂ ਵਿਚੋਂ ਇਕ ਅੱਧਖੜ ਜਿਹੀ ਸੀ ਜਿਵੇਂ ਬਾਕੀ ਤਿੰਨੇ ਅੱਲੜਾਂ ਦੀ ਰਾਖੀ ਲਈ ਆਈ ਹੋਵੇ। ਬਾਕੀ ਤਿੰਨੇ ਬਹੁਤ ਹੀ ਖੂਬਸੂਰਤ ਸਨ ਪਰ ਉਹਨਾਂ 'ਚੋਂ ਇਕ ਕੁੜੀ ਤਾਂ ਜਿਵੇਂ ਮੂਰਤੀ ਹੀ ਸੀ। ਗੋਲ ਚਿਹਰਾ, ਥੋੜੇ ਜਿਹੇ ਵਿਰਲੇ ਦੰਦ, ਜੋ ਚਿੱਟੇ ਨਹੀਂ ਮਟਮੈਲੇ ਸਨ। ਜੇਕਰ ਚਿੱਟੇ ਹੁੰਦੇ ਉਸਨੂੰ ਸੋਹਣੇ ਹੀ ਨਹੀਂ ਸਨ ਲੱਗਣੇ। ਖੱਬੀ ਗੱਲ੍ਹ ਦੇ ਉਭਾਰ ਤੇ ਕਾਫੀ ਮੋਟਾ ਤਿਣ ਸੀ। ਚਾਰਾਂ ਦੇ ਹੀ ਰਾਜਸਥਾਨੀ ਸੂਟ ਪਾਏ ਸਨ ਭਾਵੇਂ ਵੇਖਣ ਨੂੰ ਉਹ ਪੰਜਾਬਣਾਂ ਜਾਪਦੀਆਂ ਹਨ। ਕਾਲੇ ਸੂਟ ਵਿਚ ਉਹ ਕੁੜੀ ਹੱਦੋਂ ਵੱਧ ਜਚ ਰਹੀ ਸੀ। ਹਿੱਕ ਦੇ ਉਭਾਰਾਂ ਵਾਲੀ ਥਾਂ ਤੇ ਸੂਟ ਉੱਤੇ ਚਮਕਦਾਰ ਮੋਤੀ ਜਿਹੇ ਲਟਕਾਏ ਹੋਏ ਸਨ ਜਿਹੜੇ ਵੇਖਣ ਵਾਲੇ ਨੂੰ ਉਤੇਜਤ ਕਰਨ ਲਈ ਕਾਫੀ ਸਨ। ਲੰਮੇ-ਲੰਮੇ ਪਰਾਂਦੇ ਚੌਹਾਂ ਦੇ ਹੀ ਲੱਕ ਤੱਕ ਲਮਕਾਏ ਸਨ।

"—ਹਾਏ ਉਏ...ਨਿਰੀ ਪੁਰੀ ਜੂਹੀ ਚਾਵਲਾ!"

"—ਨਹੀਂ ਮਾਧੁਰੀ ਦੀਕਸ਼ਤ। ਨਖਰਾ ਤਾਂ ਦੇਖ! ਬਿਲਕੁਲ ਮਾਧੁਰੀ ਦੀ ਡੀਟੋ ਕਾਪੀ!!"

"—ਸੁਣਾਉ ਕੇਰਾਂ...ਰੂਹ 'ਚ ਲਹਿਜੇ...ਗਰਮ-ਗਰਮ।" ਕ੍ਰਿਸ਼ਨ ਤੇ ਉਸਦੀ ਬਾਕੀ ਜੈਂਟਰੀ ਨਸ਼ੇ ਵਿਚ ਗੁੱਟ ਸੀ।

ਨੱਚਣ ਵਾਲੀਆਂ 'ਚੋਂ ਇਕ ਗਾ ਕੇ ਨੱਚਣ ਲੱਗੀ ਤੇ ਬਾਕੀਆਂ ਨੇ ਤਾੜੀਆਂ ਮਾਰ ਕੇ ਉਸਦੇ ਮਗਰੇ ਬੋਲ ਚੁੱਕਣੇ ਸ਼ੁਰੂ ਕਰ ਦਿੱਤੇ। ਇਕ ਨੇ ਥਾਲ ਲੈ ਕੇ ਉਸਨੂੰ ਹੀ ਢੋਲਕੀ ਵਾਂਗੂੰ ਵਜਾਉਣਾ ਸ਼ੁਰੂ ਕਰ ਦਿੱਤਾ। ਉਹੀ ਕਾਲੇ ਸੂਟ ਆਲੀ ਕੁੜੀ ਨੱਚ ਰਹੀ ਸੀ। ਕੁੜੀ ਦੇ ਅੰਗ-ਅੰਗ ਵਿਚ ਥਿਰਕਣ ਸੀ। ਉਹ ਪੂਰੀ ਤਾਲ ਵਿਚ ਨੱਚ ਰਹੀ ਸੀ। ਉਹ ਉਹਨਾਂ ਚੋਂ ਘੱਟ ਉਮਰ ਦੀ ਅਤੇ ਮਾਸੂਮ ਜਾਪਦੀ ਸੀ।

"ਮਾਂ ਦੀਏ ਲਾਡੋ, ਟਾਹਲੀ ਵਾਲੇ ਖੇਤ ਨਾ ਜਾਈਂ...।" ਗਾਉਂਦੀ ਉਹ ਆਪ ਬਘਿਆੜਾਂ ਦੇ ਚੁੰਗਲ ਵਿਚ ਵਧਦੀ ਜਾ ਰਹੀ ਸੀ। ਬਹੁਤ ਸਾਂਰੇ ਜਾਂਞੀਆਂ ਦੀਆਂ ਪਾੜਵੀਆਂ ਨਜ਼ਰਾਂ ਉਸਦੇ ਸਰੀਰ ਦਾ ਅੰਗ-ਅੰਗ ਟੋਹ ਰਹੀਆਂ ਸਨ। ਗੀਤ ਦੇ ਖਤਮ ਹੁੰਦਿਆਂ ਹੀ ਦੂਜਾ ਸ਼ੁਰੂ ਹੋ ਜਾਂਦਾ ਸੀ। ਨਜ਼ਰਾਂ ਵਿਚਲੇ ਲਾਲ ਡੋਰੇ ਹੋਰ ਗੂੜ੍ਹੇ ਹੋ ਗਏ ਸਨ। ਕੁੜੀ ਉੱਤੋਂ ਦੀ ਨੋਟਾਂ ਦਾ ਮੀਂਹ ਵਰ੍ਹ ਗਿਆ ਸੀ।

"ਨਾਂ ਕੀ ਐ ਤੇਰਾ...ਪੈਅਲੇ ਨਾਂ ਤੇ ਦੱਸਦੇ ਆਪਣਾ।" ਮਾਵੇ ਵਾਲੀ ਪੱਗ ਨੇ ਉਸ ਕੁੜੀ ਨੂੰ ਬਾਹੋਂ ਫੜਿਆ ਪਰ ਉਸਨੇ ਝਟਕੇ ਨਾਲ ਛੁਡਾ ਲਈ।

"—ਦਰੋਪਤੀ...।" ਉਹ ਹੌਲੀ ਜਿਹੀ ਅਵਾਜ਼ ਵਿਚ ਬੱਸ ਇੰਨਾ ਹੀ ਬੋਲੀ।

"—ਉਏ...।"

"ਕਾਗਰੇਚੂਲੇਸ਼ਨ...ਲੈ ਵਈ ਕ੍ਰਿਸ਼ਨ ਤੇਰੀ ਦਰੋਪਤੀ ਐ ਏਹ ਤਾਂ।" ਹੋ ਹੱਲਾ ਮੱਚਿਆ ਸੀ।

"ਰਹਿਮਤੀ...ਇਹ ਤਾਂ ਦਰੋਪਤੀ ਤੇਰੇ ਦਲਬਾਰ 'ਚ ਈ ਆ ਹਾਜਰ ਹੋਈ ਆ।" ਵੇਲਾ ਵਿਹਾ ਚੁੱਕੇ ਧਰਮੀਆਂ 'ਚ ਹਿਲਜੁਲ ਹੋਈ।

"—ਕ੍ਰਿਸ਼ਨ ਦੇ ਗੇੜਾ ਆਵਦੀ ਦਰੋਪਤੀ ਦੇ ਨਾਲ।" ਨਾਲ ਵਾਲਿਆਂ ਨੇ ਥੋੜ੍ਹਾ ਜਿਹਾ ਉਤਸ਼ਾਹਤ ਕੀਤਾ, ਘੁੱਗੀ ਰੰਗੀ ਟਾਈ ਵਾਲੇ ਨੇ ਕੁੜੀ ਨਾਲ ਨੱਚਣਾ ਸ਼ੁਰੂ ਕਰ ਦਿੱਤਾ। ਨੱਚਦਿਆਂ-ਨੱਚਦਿਆਂ ਉਹ ਬਿੰਦੇ ਝੱਟੇ, ਜਾਣ-ਬੁੱਝਕੇ ਉਸ ਕੁੜੀ ਨਾਲ ਖਹਿ ਜਾਂਦਾ ਸੀ। ਨੱਚਦਾ ਉਹ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਕਿਸੇ ਦੇ ਮਖਿਆਲ ਲੜ ਰਿਹਾ ਹੋਵੇ। ਬੇਢੰਗੀਆਂ ਜਿਹੀਆਂ ਲੱਤਾਂ ਇਧਰ-ਉਧਰ ਮਾਰਦਾ ਹੂਤ-ਹਾਤ ਕਰੀ ਜਾਂਦਾ ਸੀ। ਨਾਲ ਵਾਲੇ ਚੀਕਾਂ ਕਲਕਾਰੀਆਂ ਮਾਰੀ ਜਾ ਰਹੇ ਸਨ। ਯੂਨੀਅਨਿਸਟ ਮੁੰਡੇ ਅਜੇ ਵੀ ਥੋੜੇ ਹਟਵੇਂ ਜਿਹੇ ਬੈਠੇ, ਉਹਨਾਂ ਨੂੰ ਨੱਚਦੀਆਂ ਤੇ ਗਾਉਂਦੀਆਂ ਵੱਲ ਦੇਖ ਰਹੇ ਸਨ। ਥੋੜੇ ਜਿਹੇ ਚਿਰ ਬਾਅਦ ਹੀ ਉਸ ਕੁੜੀ ਦੀ ਨਿਗ੍ਹਾ ਗੁਰਮੇਲ ਨਾਲ ਟਕਰਾ ਜਾਂਦੀ ਸੀ। ਗੀਤ ਦੇ ਖਤਮ ਹੁੰਦਿਆਂ ਗੁਰਮੇਲ ਨੇ ਇਸ਼ਾਰੇ ਨਾਲ ਉਸ ਕੁੜੀ ਨੂੰ ਕੋਲ ਬੁਲਾਇਆ।

"—ਲੈ ਫੜੀਂ! ਤੇਰੀ ਕਲਾ ਦਾ ਨਿਗੂਣਾ ਜਿਹਾ ਮਾਣ ਹੈ ਏ।" ਗੁਰਮੇਲ ਨੇ ਵੀਹਾਂ ਦਾ ਨੋਟ ਉਸ ਕੁੜੀ ਵੱਲ ਵਧਾਇਆ ਕੁੜੀ ਨੇ ਝਕਦਿਆਂ ਜਿਹਿਆਂ ਫੜਿਆ, ਜਿਵੇਂ ਉਹ ਇਹ ਪੈਸੇ ਨਾ ਲੈਣਾ ਚਾਹੁੰਦੀ ਹੋਵੇ।

"—ਅਸੀਂ ਸੌ-ਸੌ ਦੇਣ ਜੋਗੇ ਤਾਂ ਹੈਨੀ...ਉਹ ਤਾਂ ਆਹ ਗੰਦ ਜਿਐ ਈ ਦੇਣਗੇ...ਪਰ ਤੇਰੀ ਕਲਾ ਦੇ ਕਦਰਦਾਨ ਅਸੀਂ ਹਾਂ ਜ਼ਰੂਰ।" ਗੁਰਮੇਲ ਭਾਵਕ ਜਿਹਾ ਹੋ ਗਿਆ ਸੀ। ਉਸ ਨੂੰ ਕੁੜੀ ਕਾਲਜ ਵੇਲੇ ਦੀ ਜਮਾਤਣ ਕਿਰਨਜੀਤ ਵਰਗੀ ਲੱਗੀ ਸੀ।

"—ਤੇਰਾ ਏਹੀ ਲੱਖ ਵਰਗਾ ਹੈ...।" ਕੁੜੀ ਦੀ ਨੀਵੀਂ ਹੋਰ ਵਧ ਗਈ ਸੀ।

—ਮੈਂ ਆਪਣੇ ਦੋਸਤ ਦੇ ਵਿਆਹ ਤੇ ਆਇਆਂ...। ਮੇਰਾ ਪਿੰਡ ਤਾਂ ਮਾਲਵੇ 'ਚ ਆ ਜੀਰੇ ਕੰਨੀ। ਜੇ ਮੈਂ ਤੈਨੂੰ ਆਵਦੇ ਵਿਆਹ ਤੇ ਸੱਦਾਂ, ਆਵੇਂਗੀ ਨਾ?" ਮੁੰਡੇ ਨੇ ਇਹ ਸਿਰਫ ਉਸਨੂੰ ਖੁਸ਼ ਕਰਨ ਲਈ ਹੀ ਕਿਹਾ ਸੀ। ਵਿਆਹ ਨਾਂ ਦੀ ਚੀਜ਼ ਨੂੰ ਉਹ ਬੜੀ ਦੂਰ ਛੱਡ ਚੁੱਕਾ ਸੀ।

—ਸਿਰਦਾਰ, ਸਾਨੂੰ ਕੌਣ ਬੁਲਾਉਂਦਾ ਗਰੀਬਨ ਨੂੰ। ਅੱਜ ਸਾਡਾ ਗੀਧਾ ਦੇਖ ਲਿਆ—ਕੱਲ ਨੂੰ ਭੁੱਲ ਜਾਊਂਗੇ।" ਕੁੜੀ ਰਲੀ-ਮਿਲੀ ਪੰਜਾਬੀ-ਰਾਜਸਥਾਨੀ ਰੰਗ ਦੀ ਬੋਲੀ ਵਿਚ ਕਹਿ ਗਈ ਸੀ। ਗੁਰਮੇਲ ਨੂੰ ਜਾਪਿਆ ਜਿਵੇਂ, ਉਸਦੇ ਕੁੜੀ ਨੇ ਚਪੇੜ ਕੱਢ ਮਾਰੀ ਸੀ।

—ਦਰੋਪਤੀਏ ਕਮ ਹੇਅਰ...ਐਥੇ ਕ੍ਰਿਸ਼ਨ ਹੋਰੀਂ ਤਰਸੇ ਪਏ ਤੈਅਨੂੰ। ਪਤਾ ਨੀ ਕੀ ਇੰਟਰਵਿਊ ਦੇਣ ਲੱਗ ਗਈ ਏਂ...।" ਕ੍ਰਿਸ਼ਨ ਹੋਰਾਂ ਨੇ ਇੰਨੇ ਸਮੇਂ ਵਿਚ ਇਕ-ਇਕ ਪੈਗ ਹੋਰ ਘੰਡੀ ਥੱਲੇ ਕਰ ਲਿਆ ਸੀ। ਸਾਰਾ ਅਖਾੜਾ ਹੀ ਜਿਵੇਂ ਹਿੱਲ ਗਿਆ ਸੀ। ਦੂਜੀਆਂ ਕੁੜੀਆਂ ਦੇ ਨੱਚਣ-ਗਾਉਣ ਵੱਲ ਤਾਂ ਕਿਸੇ ਦੀ ਨਿਗ੍ਹਾ ਹੀ ਨਹੀਂ ਸੀ।

"—ਅੱਛਾ...! ਰੋਟੀ ਵੀ ਕਮਾ ਲਈਏ।" ਕੁੜੀ ਫੇਰ ਦਾਇਰੇ ਵਿਚ ਲੁਪਤ ਹੋ ਗਈ ਸੀ।

"ਤੇਰੀ ਭਿੱਜਗੀ ਕੁੜਤੀ ਲਾਲ.. ਪਸੀਨੇ ਨਾਲ ਕੁੜੇ।" ਜਾਂਦਿਆਂ ਹੀ ਉਸਨੇ ਹੋਰ ਪੰਜਾਬੀ ਗੀਤ ਦੇ ਬੋਲ ਚੁਕਦਿਆਂ, ਗੇੜਾ ਦੇ ਦਿੱਤਾ ਸੀ। ਜਿਵੇਂ ਕੋਈ ਭੂਚਾਲ ਆ ਗਿਆ ਸੀ। ਕ੍ਰਿਸ਼ਨ



ਨੇ ਸੌ ਦਾ ਨੋਟ ਕੱਢਿਆ, ਕੁੜੀ ਤੋਂ ਦੀ ਵਾਰਿਆ ਤੇ ਉਸਦੇ ਖੁਲ੍ਹੇ ਗਲਮੇਂ ਵਿਚ ਦੀ ਹੱਥ ਪਾ ਛਾਤੀ ਤੇ ਰੱਖ ਦਿੱਤਾ। ਕੁੜੀ ਦੇ ਮੱਥੇ ਤੇ ਹਲਕੀ ਜਿਹੀ ਤਿਊੜੀ ਉਭਰੀ, ਪਰ ਦੂਜੇ ਹੀ ਪਲ ਕਿਧਰੇ ਉੱਡ ਗਈ। ਉਸਦੇ ਮਟਮੈਲੇ ਦੰਦਾਂ ਚੋਂ ਫੇਰ ਹਾਸਾ ਝਰਨ ਲੱਗਾ। ਅੱਡੀ ਤੇ ਘੁੰਮਕੇ ਉਸਨੇ ਗੀਤ ਦੇ ਬੋਲ ਹੋਰ ਉੱਚੀ ਚੁੱਕ ਲਏ।

"—ਵੈਲਡਨ ਕ੍ਰਿਸ਼ਨ...ਵੈਲਡਨ...ਯਾਰ ਨਜ਼ਾਰਾ ਬੰਨ੍ਹ ਤਾ।" ਨਾਲ ਵਾਲਿਆਂ ਦੀਆਂ ਨਜ਼ਰਾਂ ਹੋਰ ਵੱਧ ਜ਼ਹਿਰੀਲੀਆਂ ਹੋ ਗਈਆਂ ਹਨ।

"—ਹਾਏ ਸਾਲੀ ਦੇ ਮਿਲਕ ਪਲਾਂਟ...।" ਕਹਿਣ ਵਾਲੇ ਨੇ ਨਾਲ ਵਾਲੇ ਦਾ ਹੁੱਗ ਭਰ ਲਿਆ।

"—ਸਾਰਾ ਸੁਆਦ ਈ ਆਹ ਲੈ ਗਿਆ.. ਸਾਲਾ ਗੇਂਦ ਜਿਹਾ।" ਕੋਈ ਕ੍ਰਿਸ਼ਨ ਤੇ ਅੱਕਿਆ ਸੀ।

ਲੰਘੇ ਵੇਲਿਆਂ ਵਾਲੀ ਧਰਮੀ-ਕਰਮੀ ਟੋਲੀ ਬੇਹਯਾਈ ਦਾ ਨਾਚ ਨੰਗੀਆਂ ਅੱਖਾਂ ਨਾਲ ਤੱਕ ਰਹੀ ਸੀ।

"—ਕ੍ਰਿਸ਼ਨ ਦੀਆਂ 365 ਗੋਪੀਆਂ ਸੀ। ਬੱਸ ਆਏ ਲੀਲ੍ਹਾ ਕਰਦਾ ਸੀ ਗੋਪੀਆਂ ਨਾਲ... ਜਿਵੇਂ ਆਪਣਾ ਕ੍ਰਿਸ਼ਨ ਲੱਗਾ ਈ।" ਰਹਿਮਤੀ ਨੇ ਸੂਝ ਦਾ ਛੱਟਾ ਦਿੱਤਾ।

—ਏਸ ਤਾਂ ਨਾਂ ਨੂੰ ਈ ਬਕਸ਼ ਐ।" ਉਸਦਾ ਕੋਈ ਹੋਰ ਸਾਥੀ ਬੋਲਿਆ ਸੀ।

ਉਹ ਕੁੜੀ ਥੋੜਾ ਜਿਹਾ ਸਾਹ ਲੈਣ ਲਈ ਪਾਸੇ ਹੋ ਕੇ ਖੜੋ ਗਈ। ਦੂਜੀਆਂ ਅਜੇ ਉਸੇ ਤਰਜ਼ ਤੇ ਗਾਈ ਤੇ ਇਕ-ਇਕ ਨੱਚੀ ਜਾ ਰਹੀ ਸੀ। ਮੌਕਾ ਵੇਖ ਕ੍ਰਿਸ਼ਨ ਨੱਚਣਾ ਛੱਡ ਦਰੋਪਤੀ ਕੋਲ ਜਾ ਖੜਾ। ਉਸਨੇ ਕੁੜੀ ਦੀ ਵੱਖੀ 'ਚੋਂ ਹੁੱਗ ਭਰਿਆ। ਦਰਦ ਨਾਲ ਕੁੜੀ ਦੀ ਚੀਕ ਨਿਕਲਣ ਲੱਗੀ ਸੀ ਪਰ ਉਸਨੇ ਇਹ ਦਰਦ ਅੰਦਰੇ-ਅੰਦਰ ਪੀ ਗਿਆ।

"—ਏਕ ਰਾਤ ਕਾ...ਸੌ।" ਕ੍ਰਿਸ਼ਨ ਨੇ ਹੱਥ ਦਾ ਪੰਜਾ ਉਸ ਅੱਗੇ ਕਰਦਿਆਂ ਉਸਦੇ ਕੰਨ ਵਿਚ ਹੌਲੀ ਜਿਹੇ ਆਖਿਆ। ਕੁੜੀ ਬਿਲਕੁਲ ਚੁੱਪ ਰਹੀ।

"—ਹਜ਼ਾਰ ਸਹੀ...ਸਿਰਫ ਏਕ ਰਾਤ।" ਕੁੜੀ ਦੇ ਮੱਥੇ 'ਤੇ ਤਿਊੜੀਆਂ ਚੜ੍ਹ ਗਈਆਂ। ਕ੍ਰਿਸ਼ਨ ਉਸਦੀਆਂ ਤਿਊੜੀਆਂ ਵੇਖ ਅੰਦਰੋਂ ਕੰਬ ਗਿਆ। ਪਰ ਉਸਨੇ ਜੇਰਾ ਕਰਕੇ ਆਖਿਆ। —ਨਾਲੇ ਤੂੰ ਤਾਂ ਦਰੋਪਤੀਏਂ.. ਤੇਰਾ ਫਰਜ਼ ਬਣਦਾ ਕ੍ਰਿਸ਼ਨ ਨੂੰ ਖੁਸ਼ ਰੱਖਣਾ। ਪੰਜ ਹਜ਼ਾਰ ਨਾਲ ਤਾਂ ਚੱਲੂ ਕੰਮ...?" ਕ੍ਰਿਸ਼ਨ ਨੇ ਅਵਾਜ਼ ਵਿਚ ਤਰਸ ਜਿਹਾ ਭਰਕੇ ਆਖਿਆ ਸੀ। ਕੁੜੀ ਨੇ ਗੁੱਸੇ ਨਾਲ ਭਰੀਆਂ ਨਜ਼ਰਾਂ ਨਾਲ, ਸਿਰ ਉਪਰ ਚੁੱਕ ਕੇ ਉਸ ਵੱਲ ਦੇਖਿਆ ਤੇ ਫੇਰ ਕਾਲਜੀਏਟ ਟੋਲੀ ਵੱਲ ਨਿਗ੍ਹਾ ਘੁੰਮਾਈ। ਕੁੜੀ ਦੇਖਿਆ ਉਸਦੇ ਪ੍ਰਸੰਸਕ ਮੁੰਡੇ ਦੀਆਂ ਅੱਖਾਂ 'ਚ ਭਾਂਬੜ ਸਨ। ਕ੍ਰਿਸ਼ਨ ਦੇ ਦੋ ਹੋਰ ਸਾਥੀ ਵੀ ਉਹਨਾਂ ਕੋਲ ਆ ਖੜੇ ਸਨ।

"—ਚੱਲ ਜਿੰਨੇ ਮਰਜ਼ੀ ਲੈ ਗਈਂ...ਸਮਝ ਲਾਂਗੇ ਐਤਕੀਂ ਟੈਂਡਰ ਤੇਰੇ ਨਾਂ ਦਾ ਪਾਤਾ।" ਘੁੱਗੀ ਰੰਗੀ ਟਾਈ ਵਾਲਾ ਬਹੁਤ ਹੀ ਵਿਸ਼ਾਲ ਹੋ ਗਿਆ ਸੀ। ਜੁਆਬ ਵਿਚ ਕੁੜੀ ਨੇ ਨੱਕ

ਚੜ੍ਹਾਇਆ, ਬੁੱਲ੍ਹ ਟੁੱਕੇ, ਝਟਕੇ ਨਾਲ ਬਾਂਹ ਛੁਡਾਈ ਤੇ ਨਾਲ ਦੀਆਂ ਕੋਲ ਜਾ ਨੱਚਣ ਲੱਗੀ। ਕ੍ਰਿਸ਼ਨ ਜੋ ਸਾਥੀਆਂ ਵਿਚ 'ਸ਼ਿਕਾਰੀ' ਵਜੋਂ ਸਤਿਕਾਰਿਆ ਜਾਂਦਾ ਸੀ, ਕੁੜੀ ਨੂੰ ਕਾਬੂ ਨਾ ਕਰ ਸਕਣ ਕਰਕੇ ਨਮੋਸ਼ੀ ਮਹਿਸੂਸ ਕਰ ਰਿਹਾ ਸੀ। ਉਹ ਇਸਨੂੰ ਆਪਣੀ ਹੱਤਕ ਸਮਝ ਰਿਹਾ ਸੀ। ਉਸਦੀਆਂ ਅੱਖਾਂ ਵਿਚ ਗੁੱਸੇ ਦੇ ਡੋਰੇ ਤੈਰਨ ਲੱਗੇ ਸਨ। ਉਹ ਸੱਟ ਖਾਧੇ ਸੱਪ ਵਾਂਗ ਅੰਦਰੇ-ਅੰਦਰ ਵਿਸ ਘੋਲਣ ਲੱਗਾ ਸੀ। ਕੁੜੀ ਨੇ ਸਭ ਕਾਸੇ ਤੋਂ ਬੇਖਬਰ ਹੋ ਆਪਣੀਆਂ ਸਹੇਲੀਆਂ ਵਿਚ ਰਲ ਬੋਲੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਹਨਾਂ ਚਾਰਾਂ ਨੇ ਪੂਰੇ ਜ਼ੋਰ ਨਾਲ ਗਿੱਧਾ ਚੁੱਕ ਦਿੱਤਾ ਸੀ। ਕੁੜੀ ਦੇ ਚਿਹਰੇ ਤੇ ਫੇਰ ਮੁਸਕਰਾਹਟ ਨੱਚਦੀ ਸੀ ਜਿਵੇਂ ਕੁਝ ਹੋਇਆ ਈ ਨਹੀਂ ਸੀ। ਗੁਰਮੇਲ ਨੇ ਗਹੁ ਨਾਲ ਵੇਖਿਆ। ਉਸਨੂੰ ਜਾਪਿਆ ਕੁੜੀ ਦੇ ਚਿਹਰੇ ਉਤਲੀ ਮੁਸਕਰਾਹਟ ਬਨਾਉਟੀ ਹੈ।

"—ਮਾਂ ਦੀ...ਛੱਡ ਗਿੱਧੇ-ਗੁੱਧੇ ਨੂੰ। ਗੱਲ ਸੁਣ ਪਹਿਲਾਂ ਮੇਰੀ।" ਕ੍ਰਿਸ਼ਨ ਨੇ ਉਸਦੀ ਬਾਂਹ ਫੜ ਉਸਨੂੰ ਭੀੜ 'ਚੋਂ ਬਾਹਰ ਖਿੱਚ ਬੈਠਕ ਵੱਲ ਲਿਜਾਣਾ ਸ਼ੁਰੂ ਕਰ ਦਿੱਤਾ।

"—ਮੈਂ ਘੰਟੇ ਦਾ ਤੇਰੇ ਮਗਰ ਫਿਰਦਾਂ...ਕੀ ਸਮਝਦੀ ਏ ਆਵਦੇ ਆਪ ਨੂੰ ਤੂੰ।" ਉਸਨੇ ਪਕੜ ਹੋਰ ਮਜ਼ਬੂਤ ਕਰ ਲਈ ਸੀ। ਬਾਕੀ ਕੁੜੀਆਂ ਨੇ ਵੀ ਨੱਚਣਾ ਛੱਡ ਦਿੱਤਾ। ਇਕ ਸੰਨਾਟਾ ਜਿਹਾ ਛਾ ਗਿਆ। ਕਿਸੇ ਦੀ ਸਮਝ ਵਿਚ ਨਹੀਂ ਸੀ ਆ ਰਿਹਾ ਕਿ ਕੀ ਹੋ ਰਿਹਾ।"

"—ਤੜਾਕ!" ਕੁੜੀ ਨੇ ਪੂਰੇ ਜ਼ੋਰ ਨਾਲ ਥੱਪੜ ਘੁੱਗੀ ਰੰਗੇ ਕੋਟ ਵਾਲੇ ਦੇ ਮੂੰਹ ਤੇ ਮਾਰਿਆ। ਪੂਰੇ ਦਾ ਪੂਰਾ ਪੰਜਾ ਕ੍ਰਿਸ਼ਨ ਦੀ ਖੱਬੀ ਗੱਲ੍ਹ ਤੇ ਛਪ ਗਿਆ। ਉਸਦੇ ਹੱਥੋਂ ਕੁੜੀ ਦੀ ਬਾਂਹ ਛੁੱਟ ਗਈ। ਇੰਨੇ ਤੱਕ ਬਾਕੀ ਜਣੇ ਵੀ ਉਹਨਾਂ ਕੋਲ ਆ ਚੁੱਕੀ ਸੀ। ਕੁੜੀ ਦੀਆਂ ਅੱਖਾਂ ਲਾਲ ਸੁਰਖ਼ ਹੋਈਆਂ ਪਈਆਂ ਸਨ। ਗੁੱਸੇ ਨਾਲ ਬੁੱਲ੍ਹ ਕੰਬ ਰਹੇ ਸਨ। ਉਹ ਸ਼ੇਰਨੀ ਵਾਂਗ ਤਣੀ ਖੜੀ ਸੀ।

ਪਿੰਡ ਤੇ ਡਾਕ:—ਕੜਿਆਲ, ਜ਼ਿਲਾ ਫਿਰੋਜ਼ਪੁਰ—142042

---

## ਪੁਸਤਕ-ਪ੍ਰਾਪਤੀ :

1. ਹਵਾ ਦੇ ਵਰਕੇ (ਕਵਿਤਾ) ਡਾ: ਦੇਵਿੰਦਰ ਬਿਮਰਾ ਪੰਨੇ-56, ਮੁੱਲ 15, ਕਾਫਲੇ ਪ੍ਰਕਾਸ਼ਨ ਚੰਡੀਗੜ੍ਹ।
2. ਪਾਬਲੋ ਨੇਰੂਦਾ : ਕੁਝ ਕਵਿਤਾਵਾਂ (ਅਨੁਵਾਦ ਹਰਭਜਨ ਸਿੰਘ ਹੁੰਦਲ) ਪੰਨੇ 136, ਮੁੱਲ 40/-ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਚੰਡੀਗੜ੍ਹ।
3. ਅੱਗ ਦੇ ਫੁੱਲ (ਕਵਿਤਾ) ਧਰਮ ਕੰਮੇਆਣਾ, ਪੰਨੇ 80 ਮੁੱਲ 30/-ਰੁ ਸੁਨਾਵਰ ਪਬਲੀਕੇਸ਼ਨ, ਪਟਿਆਲਾ।
4. ਜਾਗਦੇ ਸ਼ਬਦ (ਕਵਿਤਾ) ਮਨਜੀਤ ਕਾਦਰ, ਪੰਨੇ 80, ਮੁੱਲ 15/-ਰੁ: ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਚੰਡੀਗੜ੍ਹ।



# ਦੋ ਕਵਿਤਾਵਾਂ

—ਬਲਬੀਰ ਧਰਵਾਨਾ

## ਮੈਂ

### (1)

ਮੈਂ ਇਕ ਨਿੱਕਾ ਜਿਹਾ ਬਿੰਦੂ ਹਾਂ
ਅਨੰਤ ਭੀੜ 'ਚ
ਹਉਮੈ ਦੇ ਖੋਲ ਅੰਦਰ
ਸਿਮਟੀ ਮੇਰੀ ਹੋਂਦ

ਇਹ ਦੁਨੀਆਂ ਬਹੁਤ ਵਿਸ਼ਾਲ ਹੈ
ਜਾਣਦਾ ਤਾਂ ਹਾਂ—
ਪਰ ਵਿਸ਼ਾਲਤਾ 'ਚੋਂ
ਆਪਣੀ ਹੋਂਦ ਤਲਾਸ਼ਣ ਦੀ ਬਜਾਏ
ਆਪਣੀ ਹੋਂਦ 'ਚੋਂ
ਤਲਾਸ਼ਦਾ ਹਾਂ ਵਿਸ਼ਾਲਤਾ

ਇੱਛਾਵਾਂ
ਚਾਹਤਾਂ
ਸੁਪਨੇ
ਬਹੁਤ ਕੁਝ ਸੁਲਗਦਾ ਹੈ ਮੇਰੇ ਅੰਦਰ
ਮੈਂ—
ਇਕ ਨਿੱਕਾ ਜਿਹਾ ਬਿੰਦੂ

## ਰੂਟੀਨ

### (2)

ਮੈਂ ਹਰ ਰੋਜ਼ ਆਉਂਦਾ ਹਾਂ ਸ਼ਹਿਰ
ਰੋਟੀ ਦੀ ਖਾਤਰ
ਕਾਰਾਂ, ਕੋਠੀਆਂ ਦੇ ਜੰਗਲ 'ਚ

ਕਿਓਂ ਕੱਦ ਬਿਲਡਿੰਗਾਂ
ਕੰਪੀਊਟਰ
ਕਾਰਖਾਨੇ

ਆਪਣਾ ਮਨ ਤੇ ਆਪਣੀ ਦੇਹ ਤੁੜਾ
ਆਪਣਾ ਕੁਝ ਹਿੱਸਾ ਗੁਆ
ਪਰਤ ਜਾਂਦਾ ਹਾਂ ਸ਼ਾਮ ਨੂੰ ਆਪਣੇ ਘਰ
ਆਪਣੇ ਪਿੰਡ
ਜਿੱਥੇ ਤਾਜ਼ੀ ਹਵਾ ਤਾਂ ਹੈ
ਪਰ ਮੇਰੇ ਲਈ ਰੋਟੀ ਨਹੀਂ
ਤੇ ਇਹ ਢਿੱਡ—
ਰੋਟੀ ਦੀ ਮੰਗ ਕਰਦਾ ਹੈ

ਪਿੰਡੋਂ ਸ਼ਹਿਰ
ਤੇ ਸ਼ਹਿਰ ਤੋਂ ਪਿੰਡ ਦੇ ਗੇੜ 'ਚ ਉਲਝਿਆ
ਮੈਂ ਮੁੱਕ ਰਿਹਾ ਹਾਂ ਹਰ ਰੋਜ਼
ਜ਼ਰਾ ਜ਼ਰਾ ਕਰਕੇ
ਪਰ
—ਮੈਨੂੰ ਖੁਦ ਵੀ ਅਹਿਸਾਸ ਨਹੀਂ
ਕਿ ਮੈਂ ਮਰ ਰਿਹਾ ਹਾਂ
ਇਕ ਬੇਨਾਮ ਮੌਤ

ਸਾਹਿਤ ਸੰਪਾਦਕ
ਰੋਜ਼ਾਨਾ 'ਨਵਾਂ ਜ਼ਮਾਨਾ' ਜਲੰਧਰ

---

## ਸਹਾਇਤਾ

1. ਸ੍ਰੀ ਰਣਜੀਤ ਸਿੰਘ ਮੁੱਖ ਅਧਿਆਪਕ ਸ. ਹ. ਸ. ਭੁੱਲਰ (ਬਟਾਲਾ) ਨੇ ਆਪਣੇ ਬੱਚੇ ਦੇ ਵਿਆਹ ਦੀ ਵਿਚ, ਸ੍ਰੀ ਕੁਲਵੰਤ ਸਿੰਘ ਕਾਹਲੋਂ ਬੁਰਜ ਸਾਹਿਬ, ਧਾਰੀਵਾਲ ਨੇ ਆਪਣੇ ਬੱਚੇ ਦੇ ਵਿਆਹ ਦੀ ਖੁਸ਼ੀ ਵਿਚ 100 ਰੁਪਏ, ਸ੍ਰੀ ਕਰਮ ਸਿੰਘ ਸਾਬਕਾ ਬਲਾਕ ਪ੍ਰਧਾਨ ਗੌ. ਟੀ. ਯੂ. ਬਲਾਕ ਕਾਦੀਆਂ (ਗੁਰਦਾਸਪੁਰ) ਨੇ ਆਪਣੀ ਸੇਵਾ ਮੁਕਤੀ ਸਮੇਂ ਅਦਾਰਾ ਚਿਰਾਗ਼ ਨੂੰ 200 ਰੁਪਏ ਸਹਾਇਤਾ ਭੇਜੀ ਹੈ।

ਅਦਾਰਾ ਚਿਰਾਗ਼ ਇਹਨਾਂ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦੀ ਹੈ।



## ਸ਼ਾਇਰ

—ਪ੍ਰੋ: ਅਨੂਪ ਵਿਰਕ

### ( 1 )

ਫੁੱਲ ਫਲ ਦਾ ਕੋਈ ਨਾ ਧਰਮ ਹੁੰਦਾ,
ਜ਼ਾਤ ਮਿੱਟੀ ਦੀ ਕਦੋਂ ਪਰਭਾਤ ਪੁੱਛੇ।

ਚੰਨ ਰਾਤ ਦੀ ਗੋਦ ਵਿਚ ਚਮਕਦਾ ਏ,
ਪੌਣ ਰੁੱਖਾਂ ਦੀ ਕਦੋਂ ਔਕਾਤ ਪੁੱਛੇ।

ਸੂਰਜ ਕੁੱਲ ਲੋਕਾਈ ਨੂੰ ਦੇਵੇ ਚਾਨਣ,
ਪਾਣੀ ਕਿਸੇ ਦੀ ਕਦੋਂ ਪਿਆਸ ਪੁੱਛੇ।

ਕਿਵੇਂ ਰਾਤ ਹੋਈ, ਕਿਵੇਂ ਦਿਨ ਚੜ੍ਹਿਆ,
ਕੋਈ ਸੰਝ ਨਾ, ਕੋਈ ਪਰਭਾਤ ਪੁੱਛੇ।

ਸ਼ਾਇਰੀ ਸਰਬ ਸੰਸਾਰ ਦਾ ਸੁਖ ਮੰਗੇ,
ਹਰ ਜੀਵ ਦੀ 'ਆਸ, ਨਿਰਾਸ ਪੁੱਛੇ।

ਸ਼ਾਇਰ ਜਨਮ ਜ਼ਮੀਨ ਦੇ ਵਾਂਗ ਹੁੰਦੇ,
ਵਾਹ ਵਰਤ ਕੇ ਕੋਈ ਨਾ ਵਾਤ ਪੁੱਛੇ।

### ( 2 )

ਸ਼ਾਇਰ ਏਸ ਜਹਾਨ ਵਿਚ ਬਹੁਤ ਹੋਏ,
ਓਟ ਕੁੱਲ ਕਲਾਮ ਦੀ ਤੱਕਦਾ ਹਾਂ।

ਆਸ਼ਕ ਪੀਰ ਫਕੀਰ ਦੀ ਮੇਹਰ ਬਾਝੋਂ,
ਅੱਖਰ ਇਕ ਵੀ ਲਿਖ ਨਾ ਸਕਦਾ ਹਾਂ।

ਅੱਗ ਅੱਖਰਾਂ ਦੀ ਧੂਣੀ ਫੱਕਰਾਂ ਦੀ,
ਮੈਂ ਤਾਂ ਪਾਣੀ ਦੇ ਨੈਣਾਂ ਵਿਚ ਮੱਚਦਾ ਹਾਂ।

ਕਲਾ ਕਹੋ ਜਾਂ ਕਲਾ ਦਾ ਕਤਲ ਆਖੋ,
ਫੁੱਲਾਂ ਨਾਲ ਮੈਂ ਸ਼ੀਸ਼ੇ ਨੂੰ ਕੱਟਦਾ ਹਾਂ।

ਜਿੱਥੇ ਸਦਾ ਲਈ ਸੱਧਰਾਂ ਵਿਛ ਗਈਆਂ,
ਖੁੰਢ ਉਸ ਦਰਵਾਜ਼ੇ ਦੀ ਸੱਥ ਦਾ ਹਾਂ।

ਜਿਹੜੀ ਮਿੱਟੀ ਨਾ ਕਦੇ ਆਰਾਮ ਕੀਤਾ,
ਉਹਦੇ ਨੈਣ ਉਨੀਂਦਰੇ ਵੱਸਦਾ ਹਾਂ।

ਨਾ ਮੈਂ ਸ਼ਾਇਰ ਨਾ ਸ਼ਾਇਰੀ ਦੀ ਅੰਸ਼ ਵਿਚੋਂ,
ਨਾ ਮੈਂ ਸ਼ਾਇਰੀ ਦੇ ਰੰਗ ਵਿਚ ਰੱਤੜਾ ਹਾਂ।

ਰੀਤ ਜੱਗ ਦੀ ਕਦੇ ਨਾ ਰਾਸ ਆਈ,
ਰਹਿੰਦਾ ਜੱਗ 'ਚ, ਜੱਗ ਤੋਂ ਵੱਖਰਾ ਹਾਂ।

ਜਿਹਨੂੰ ਆਪਣੀ ਛਾਂ ਨੇ ਆਪ ਖਾਧਾ,
ਰੁੱਖ ਐਸਾ ਨਿਕਰਮਾ ਨਿਪੱਤਰਾ ਹਾਂ।

ਜਿੱਥੇ ਰੂਹਾਂ ਦੀ ਰੁੱਤ ਦੀ ਰੱਤ ਡੁੱਲ੍ਹੀ,
ਖ਼ੂਨੀ ਵਕਤ ਇਤਿਹਾਸ ਦਾ ਪੱਤਰਾ ਹਾਂ।

ਜਿਹਨੂੰ ਮਿਲੀ ਨਾ ਬਾਂਹ ਸੁਹਾਗਣਾਂ ਦੀ,
ਟੁੱਟੀ ਵੰਗ ਨਿਕਰਮੀ ਦਾ ਨਖਰਾ ਹਾਂ।

ਜਿਹੜੀ ਬੂੰਦ ਬੰਬੀਹੇ ਤੋਂ ਵਿਛੜੀ ਏ,
ਉਸ ਅਬਲਾ ਅਭਾਗਣ ਦਾ ਕਤਰਾ ਹਾਂ।

ਰੱਖੇ ਰੋਜ਼ਿਆਂ ਵਿਚ ਜੋ ਜ਼ਿਬਾਹ ਹੋਇਆ,
ਮੈਂ ਤਾਂ ਐਸਾ ਕੁਰਬਾਨੀ ਦਾ ਬੱਕਰਾ ਹਾਂ।

ਲੋਕੋ ਵੱਢਿਆ, ਵੰਡਿਆ ਫੇਰ ਅੱਗੋਂ,
ਟੋਟੇ ਟੋਟੇ ਪੰਜਾਬ ਦਾ ਡੱਕਰਾ ਹਾਂ।

(22 A, ਖਾਲਸਾ ਕਾਲਜ ਕਾਲੋਨੀ—ਪਟਿਆਲਾ)

---

**ਚਿਰਾਗ਼ ਪ੍ਰਕਾਸ਼ਨ ਦੀਆਂ ਪੁਸਤਕਾਂ :**

1. ਜੰਗ ਨਾਮਾ ਪੰਜਾਬ—ਹਰਭਜਨ ਸਿੰਘ ਹੁੰਦਲ ਮੁੱਲ ਪੇਪਰ ਬੈਕ 25/-ਰੁ:
2. ਮਾਰਕਸਵਾਦੀ ਸਾਹਿਤ ਸਿਧਾਂਤ, ਸੰਪਾਦਕ ਹਰਭਜਨ ਸਿੰਘ ਹੁੰਦਲ ਮੁੱਲ 100/-ਰੁ:
3. ਜੀਵਨੀ ਹੋਅਚੀ-ਮਿੰਨ—ਸੂਫ਼ੀ ਅਮਰਜੀਤ ਮੁੱਲ ਜਿਲਦ 100/-ਰੁ:
ਪੇਪਰ ਬੈਂਕ (0/-ਰੁ:





## ਕਵਿਤਾ ਦੀ ਸ਼ਕਤੀ

—ਪਾਬਲੋ ਨੇਰੂਦਾ

ਜਦੋਂ ਮੈਂ "ਤੀਨਾ ਮੋਦੋਤੀ" ਨੂੰ ਯਾਦ ਕਰਨਾ ਚਾਹੁੰਦਾ ਹਾਂ ਤਾਂ ਮੈਨੂੰ ਏਨੀ ਔਖਿਆਈ ਹੁੰਦੀ ਹੈ, ਜਿੰਨੀ ਕੜਛੀ ਨਾਲ ਧੁੰਦ ਦੀ ਲੱਪ ਨੂੰ ਫੜਨ ਵਿਚ ; ਨਾਜ਼ਕ, ਬਿਲਕੁੱਲ ਅਦਿੱਖ। ਕੀ ਮੈਂ ਉਹਨੂੰ ਜਾਣਦਾ ਸੀ ਜਾਂ ਨਹੀਂ ?

ਉਹ ਉਸ ਸਮੇਂ ਵੀ ਬੜੀ ਸੁੰਦਰ ਸੀ। ਸ਼ਾਹ-ਕਾਲੇ ਵਾਲਾਂ ਵਿਚ ਜ਼ਰਦ ਗੋਲ ਚਿਹਰਾ। ਵਾਲਾਂ ਨੂੰ ਪਿੱਠ ਪਿੱਛੇ ਗੁੰਦਿਆ ਹੋਇਆ, ਮੋਟੀਆਂ ਮਖ਼ਮਲੀ ਅੱਖਾਂ, ਜਿਹੜੀਆਂ ਵਰ੍ਹਿਆਂ ਤੋਂ ਪਾਰ ਲਗਾਤਾਰ ਵੇਖ ਸਕਦੀਆਂ ਸਨ। ਡੀਗੋ ਰਿਵੇਰਾ ਨੇ ਆਪਣੇ ਕੰਧ-ਚਿੱਤਰਾਂ ਵਿਚ ਉਸ ਦੇ ਚਿਹਰੇ ਨੂੰ ਚਿਤਰਿਆ ਹੈ, ਜਿਸ ਨੂੰ ਬੂਟਿਆਂ ਦੇ ਤਾਜਾਂ ਤੇ ਕਣਕ ਦੇ ਸਿੱਟਿਆਂ ਨਾਲ ਸ਼ਿੰਗਾਰਿਆ ਸੀ।

ਇਟਲੀ ਦੀ ਇਹ ਇਨਕਲਾਬੀ, ਕੈਮਰੇ ਦੀ ਅਦੁੱਤੀ ਕਲਾਕਾਰ ਸੀ, ਜਿਹੜੀ ਬਹੁਤ ਦੇਰ ਪਹਿਲਾਂ ਸੋਵੀਅਤ ਸੰਘ ਵਿਚ ਉਥੋਂ ਦੇ ਲੋਕਾ ਤੇ ਯਾਦਗਾਰਾਂ ਦੀਆਂ ਤਸਵੀਰਾਂ ਖਿੱਚਣ ਗਈ ਸੀ। ਐਪਰ ਉਹ ਸਮਾਜਵਾਦ ਦੇ ਅਥਾਹ ਸੰਗੀਤ ਵਿਚ ਖੁੱਭ ਗਈ ਤੇ ਉਸ ਨੇ ਆਪਣਾ ਕੈਮਰਾ ਮਾਸਕੋ ਦਰਿਆ ਵਿਚ ਸੁੱਟ ਦਿੱਤਾ ਅਤੇ ਕਮਿਊਨਿਸਟ ਪਾਰਟੀ ਦੇ ਬਹੁਤ ਨਗੂਣੇ ਕੰਮਾਂ ਨੂੰ ਆਪਣਾ ਆਪਾ ਅਰਪਣ ਕਰ ਦਿੱਤਾ। ਮੈਂ ਉਸ ਨੂੰ ਮੈਕਸੀਕੋ ਵਿਚ ਉਸ ਸਮੇਂ ਮਿਲਿਆ, ਜਦੋਂ ਉਹ ਇਸ ਪਰਣ ਨੂੰ ਨਿਭਾ ਰਹੀ ਸੀ ਤੇ ਜਿੱਥੇ ਇਕ ਰਾਤ ਉਸ ਦੀ ਮੌਤ ਨੇ ਮੈਨੂੰ ਗਹਿਰੀ ਤਰ੍ਹਾਂ ਪ੍ਰਭਾਵਤ ਕੀਤਾ।

ਇਹ 1941 ਦੀ ਗੱਲ ਹੈ। ਵਿਤੋਰੀਓ ਵਿਦਾਲੀ, ਕਮਾਂਡੈਂਟ ਕਾਰਲੋਸ ਉਸ ਦਾ ਪਤੀ ਸੀ। ਤੀਨਾ ਮਾਦੋਤੀ, ਦਿਲ ਦੀ ਬੀਮਾਰੀ ਕਾਰਨ ਇਕ ਟੈਕਸੀ ਵਿਚ ਮਰੀ, ਜਦੋਂ ਕਿ ਉਹ ਘਰ ਜਾ ਰਹੀ ਸੀ। ਉਸ ਨੂੰ ਪਤਾ ਸੀ ਕਿ ਉਸ ਦਾ ਦਿਲ ਕਮਜ਼ੋਰ ਸੀ, ਪਰ ਉਸ ਨੇ ਕਦੇ ਇਸ ਦਾ ਜ਼ਿਕਰ ਨਹੀਂ ਸੀ ਕੀਤਾ, ਤਾਂ ਕਿ ਉਹ ਉਸ ਦੇ ਇਨਕਲਾਬੀ ਕੰਮ ਨੂੰ ਘਟਾ ਨਾ ਦੇਣ। ਉਹ ਹਰ ਸਮੇਂ ਉਹ ਕੰਮ ਕਰਨ ਲਈ ਤਿਆਰ ਸੀ, ਜਿਹੜਾ ਹੋਰ ਕੋਈ ਨਾ ਕਰਦਾ ਹੋਵੇ, ਦਫ਼ਤਰਾਂ ਵਿਚ ਝਾੜੂ ਦੇਣਾ, ਲੰਮੇ ਪੈਂਡੇ ਪੈਰੀਂ ਤੁਰ ਕੇ ਤੈਹ ਕਰਨੇ, ਚਿੱਠੀਆਂ ਲਿਖਣ ਲਈ ਰਾਤ ਭਰ ਜਾਗਣਾ ਅਤੇ ਲੇਖਾਂ ਦਾ ਅਨੁਵਾਦ ਕਰਨਾ। ਉਹ ਸਪੇਨੀ ਜੰਗ ਵਿਚ ਜ਼ਖ਼ਮੀ ਹੋਏ ਰੀਪਬਲੀਕਨਾਂ ਦੀ ਸੇਵਾ ਕਰਦੀ ਸੀ।

ਕਿਊਬਾ ਦੇ ਖਾਸ ਨੌਜਵਾਨ ਆਗੂ ਜੀਲੀਓ ਅਨਤੋਨੀਓ ਮੇਲਾ, ਜਿਹੜਾ ਕਿ ਉਸ ਸਮੇਂ ਮੈਕਸੀਕੋ ਵਿਚ ਜਲਾਵਤਨੀ ਕੱਟ ਰਿਹਾ ਸੀ, ਦੇ ਨਾਲ ਰਹਿੰਦਿਆਂ ਉਸ ਨੂੰ ਬੜੇ ਦੁਖਦਾਈ ਤਜਰਬੇ ਚੋਂ ਲੰਘਣਾ ਪਿਆ। ਜ਼ਾਲਿਮ ਗੇਰਾਰਦੋ ਮਚੈਡੋ ਨੇ ਹਵਾਨਾ ਚੋਂ ਇਸ ਇਨਕਲਾਬੀ ਆਗੂ ਨੂੰ ਕਤਲ ਕਰਨ ਲਈ ਕਈ ਬੰਦੂਕ-ਧਾਰੀ ਭੇਜੇ। ਇਕ ਸ਼ਾਮ ਨੂੰ ਉਹ ਦੋਵੇਂ ਸਿਨੇਮਾ ਵੇਖ ਕੇ ਆ ਰਹੇ ਸੀ। ਤੀਨਾ ਮੇਲਾ ਦੀ ਬਾਂਹ ਤੇ ਝੁਕੀ ਹੋਈ ਸੀ, ਜਦੋਂ ਉਹ ਮਸ਼ੀਨ-ਗੰਨ ਦੀਆਂ ਗੋਲੀਆਂ ਦੀ ਬੋਛਾੜ ਕਾਰਨ ਥੱਲੇ ਡਿੱਗ ਪਿਆ। ਉਹ ਦੋਵੇਂ ਇਕੱਠੇ ਹੀ ਧਰਤੀ ਤੇ ਡਿੱਗੇ। ਉਸ ਦੇ ਸਾਥੀ ਦਾ ਲਹੂ ਤੀਨਾ ਦੇ ਸਾਰੇ ਸਰੀਰ ਤੇ ਡੁੱਲ੍ਹ ਗਿਆ। ਕਾਤਿਲ ਭੱਜ ਗਏ ਤੇ ਪੋਲੀਸ ਨੇ ਉਨ੍ਹਾਂ ਦੀ ਰਖਵਾਲੀ

ਕੀਤੀ। ਇਸ ਤੋਂ ਵੀ ਵੱਧ, ਉਹਨਾਂ ਅਧਿਕਾਰੀਆਂ ਨੇ, ਜਿਹਨਾਂ ਕਾਤਲਾਂ ਦੀ ਰਾਖੀ ਕੀਤੀ, ਇਸ ਕਤਲ ਦਾ ਇਲਜ਼ਾਮ ਤੀਨਾ ਮੋਦੋਤੀ ਦੇ ਸਿਰ ਥੱਪਣ ਦਾ ਯਤਨ ਕੀਤਾ।

ਬਾਰਾਂ ਸਾਲ ਬਾਅਦ, ਤੀਨਾ ਮੋਦੋਤੀ ਦੀ ਸ਼ਕਤੀ ਮੁੱਕ ਗਈ। ਮੈਕਸੀਕੋ ਦੇ ਪਿਛਾਂਹ-ਖਿੱਚੂਆਂ ਨੇ ਇਕ ਵਾਰ ਫਿਰ ਉਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਤੇ ਉਸ ਦੀ ਮੌਤ ਨੂੰ ਇਕ ਸਕੈਂਡਲ ਬਣਾਉਣ ਦਾ ਯਤਨ ਕੀਤਾ, ਜਿਵੇਂ ਕਿ ਇਕ ਵਾਰ ਪਹਿਲਾਂ ਉਹਨਾਂ ਨੇ ਮੇਲਾ ਦੀ ਮੌਤ ਵੇਲੇ ਕੀਤਾ ਸੀ। ਕਾਰਲੋਸ ਤੇ ਮੈਂ ਉਸ ਦੀ ਨਿੱਕੀ ਜੇਹੀ ਲਾਸ਼ ਦੀ ਰਾਖੀ ਕਰਦੇ ਰਹੇ। ਇਸ ਤਰ੍ਹਾਂ ਦੇ ਸਖ਼ਤ ਤੇ ਦਲੇਰ ਮਨੁੱਖ ਨੂੰ ਦੁੱਖ ਸਹਿੰਦੇ ਤੱਕਣਾ ਆਸਾਨ ਨਹੀਂ। ਉਹ ਸ਼ੇਰ ਲਹੂ ਦੇ ਅੱਥਰੂ ਰੋ ਰਿਹਾ ਸੀ, ਜਦੋਂ ਉਹਨਾਂ ਨੇ ਮਰ ਚੁੱਕੀ ਤੀਨਾ ਮੋਦੋਤੀ ਨੂੰ ਬਦਨਾਮ ਕਰ ਕੇ ਉਸ ਦੇ ਜ਼ਖ਼ਮਾਂ ਤੇ ਲੂਣ ਛਿੜਕਿਆ। ਰੋ-ਰੋ ਕੇ ਉਸ ਦੀਆਂ ਅੱਖਾਂ ਲਾਲ ਹੋ ਗਈਆਂ, ਜਦੋਂ ਕਮਾਡੈਂਟ ਕਾਰਲੋਸ ਨੇ ਪੀੜ ਨਾਲ ਕੁਰਲਾਉਂਦੇ ਨੇ ਦੱਸਿਆ। ਜਲਾਵਤਨ ਛੋਟੇ ਜਹੇ ਤਾਬੂਤ ਵਿਚ ਪਈ ਤੀਨਾ ਮੋਮ ਦੀ ਬਣੀ ਲੱਗਦੀ ਸੀ। ਦੁੱਖ ਨਾਲ ਭਰੇ ਕਮਰੇ ਵਿਚ ਮੈਂ ਬੇਬਸੀ ਦੀ ਹਾਲਤ ਵਿਚ ਚੁੱਪ-ਗੜੁੱਪ ਸੀ।

ਅਖਬਾਰਾਂ ਦੇ ਪੂਰੇ ਸਫ਼ੇ ਸਨਸਨੀ ਭਰੇ ਗੰਦ ਨਾਲ ਕਾਲੇ ਕੀਤੇ ਹੁੰਦੇ। ਉਹ ਉਸ ਨੂੰ "ਮਾਸਕੋ ਦੀ ਰਹੱਸ ਭਰੀ ਔਰਤ" ਆਖਦੇ। ਕਈ ਵਾਧਾ ਕਰਦੇ ; "ਉਹ ਤਾਂ ਮਰੀ ਹੈ ਕਿਉਂਕਿ ਉਹ ਬਹੁਤ ਕੁਝ ਜਾਣਦੀ ਸੀ।" ਕਾਰਲੋਸ ਦੇ ਅਥਾਹ ਦੁੱਖ ਤੋਂ ਪ੍ਰਭਾਵਤ ਹੋ ਕੇ, ਮੈਂ ਕੁਝ ਕਰਨਾ ਚਾਹਿਆ ਅਤੇ ਮੈਂ ਇਕ ਕਵਿਤਾ ਲਿਖੀ, ਜਿਹੜੀ ਉਹਨਾਂ ਲੋਕਾਂ ਨੂੰ ਚਣੌਤੀ ਦਿੰਦੀ ਸੀ, ਜਿਹੜੇ ਕਿ ਸਾਡੀ ਮਰ ਚੁੱਕੀ ਦੋਸਤ ਦੇ ਨਾਮ ਨੂੰ ਬੱਦੂ ਕਰ ਰਹੇ ਸਨ। ਮੈਂ ਇਹ ਸਭ ਅਖਬਾਰਾਂ ਨੂੰ ਭੇਜ ਦਿੱਤੀ ਤੇ ਮੈਨੂੰ ਕੋਈ ਆਸ ਨਹੀਂ ਸੀ ਕਿ ਇਸ ਨੂੰ ਕੋਈ ਛਾਪੇਗਾ। ਇਕ ਸ਼ਾਮ ਪਹਿਲਾਂ ਇਕਰਾਰ ਕੀਤੇ ਨਵੇਂ ਤੇ ਚਟਪਟੇ ਐਲਾਨਾਂ ਦੇ ਬਾਵਜੂਦ, ਅਗਲੇ ਦਿਨ, ਇਹ ਮੇਰੀ ਗੁੱਸੇ ਭਰੀ ਤੇ ਗੁਸਤਾਖ਼ ਕਵਿਤਾ ਸੀ, ਜਿਹੜੀ ਸਭ ਅਖਬਾਰਾਂ ਦੇ ਮੁੱਖ ਸਫ਼ਿਆਂ ਤੇ ਛਪੀ ਹੋਈ ਸੀ।

ਕਵਿਤਾ ਦਾ ਸਿਰਲੇਖ ਸੀ, "ਤੀਨਾ ਮੋਦੋਤੀ ਮਰ ਗਈ ਹੈ", ਮੈਂ ਇਹ ਉਸ ਸਵੇਰ ਨੂੰ ਮੈਕਸੀਕੋ ਦੇ ਕਬਰਸਤਾਨ ਵਿਚ ਪੜ੍ਹੀ, ਜਿੱਥੇ ਅਸੀਂ ਉਸ ਦੇ ਮੁਰਦਾ ਜਿਸਮ ਨੂੰ ਸਦਾ ਲਈ ਇਕ ਮੈਕਸੀਕਨ ਸੰਗਮਰ ਦੀ ਸਲੇਟ ਦੇ ਹੇਠ ਛੱਡ ਆਏ ਸੀ। ਮੇਰੀਆਂ ਸਤਰਾਂ ਉਸ ਪੱਥਰ ਤੇ ਉਕਰੀਆਂ ਹੋਈਆਂ ਹਨ।

ਮੈਕਸੀਕਨ ਪ੍ਰੈਸ ਨੇ ਉਸ ਦੇ ਵਿਰੁੱਧ ਫਿਰ ਇਕ ਲਾਈਨ ਵੀ ਨਾ ਲਿਖੀ!

## ਤੀਨਾ ਮੋਦੋਤੀ ਦਾ ਮਰਸੀਆ

—ਪਾਬਲੋ ਨੇਰੂਦਾ

ਭੈਣੇ ਟੀਨਾ ਮੋਦੋਤੀ
ਤੈਨੂੰ ਨੀਂਦ ਨਹੀਂ ਆਉਂਦੀ
ਨਹੀਂ, ਤੇਰੀ ਅੱਖ ਨਹੀਂ ਲੱਗਣੀ
ਸ਼ਾਇਦ ਤੇਰਾ ਦਿਲ ਬੀਤ ਗਏ ਕੱਲ੍ਹ



ਦੇ ਗੁਲਾਬ ਨੂੰ ਵਧਦਾ ਸੁਣਦਾ ਹੈ
ਕਲ੍ਹ ਦੇ ਆਖ਼ਰੀ ਗੁਲਾਬ ਨੂੰ
ਨਵੇਂ ਗੁਲਾਬ
ਭੈਣੇ! ਤੂੰ ਸਹਿਜ ਨਾਲ ਆਰਾਮ ਕਰ।

ਨਵਾਂ ਗੁਲਾਬ ਤੇਰਾ ਹੈ
ਨਵੀਂ ਧਰਤੀ ਤੇਰੀ ਹੈ
ਤੂੰ ਡੂੰਘੇ ਬੀਜੇ ਬੀਜ ਦੀ ਪੁਸ਼ਾਕ ਪਾਈ ਹੋਈ ਹੈ
ਤੇ ਤੇਰੀ ਸੁਹਲ ਚੁੱਪ ਜੜ੍ਹਾਂ ਨਾਲ ਪਹੁੰਚੀ ਪਈ ਹੈ
ਤੂੰ ਅਜਾਈਂ ਨਹੀਂ ਸੁੱਤੀ ਰਹਿਣਾ
ਭੈਣੇ ਮੇਰੀਏ!

ਤੇਰਾ ਕੋਮਲ ਨਾਂ ਪਵਿੱਤਰ ਹੈ
ਤੇਰਾ ਨਾਜ਼ਿਕ ਜੀਵਨ ਪਵਿੱਤਰ ਹੈ
ਸ਼ਹਿਦ ਦੀ ਮੱਖੀ, ਪ੍ਰਛਾਵਾਂ, ਅੱਗ, ਬਰਫ਼
ਚੁੱਪ, ਝੱਗ, ਫੌਲਾਦ, ਫੁੱਲਾਂ ਦੇ ਬੂਰ ਤੇ ਰੇਖਾ ਨੇ
ਤੇਰੇ ਮਜ਼ਬੂਤ ਪਰ ਕੋਮਲ ਜਿਸਮ ਨੂੰ ਢਾਲਿਆ ਹੈ।
ਤੇਰੇ ਸੁੱਤੇ ਹੋਏ ਜਿਸਮ ਦੇ ਹੀਰੇ ਸਰਾਣੇ
ਹਾਲੀ ਵੀ, ਗਿੱਦੜ ਹਵਾਂਕਦਾ ਹੈ,
ਚਿੱਟਾ ਖੰਭ ਤੇ ਨਹਿਸ਼ ਰੂਹ ਲਈ
ਉਹਨੂੰ ਡਰ ਹੈ ਕਿ ਤੂੰ ਉੱਠ ਨਾ ਖਲੋਵੇਂ
ਚਿੱਕੜ ਤੇ ਮੁਸਕਰਾਉਂਦੀ ਹੋਈ
ਮੈਂ ਤੈਨੂੰ ਆਪਣੇ ਦੇਸ਼ ਲੈ ਚੱਲਦਾ ਹਾਂ

ਤਾਂ ਕਿ ਉਹ ਤੈਨੂੰ ਛੂਹ ਨਾ ਸਕਣ
ਆਪਣੇ ਬਰਫ਼ਾਂ ਲੱਦੇ ਦੇਸ਼ ਨੂੰ
ਤਾ ਕਿ ਤੇਰੀ ਪਵਿੱਤਰਤਾ, ਗਿੱਦੜ, 'ਜੂਡਾਸ'
ਤੇ ਕਾਤਲਾਂ ਦੀ ਪਹੁੰਚ ਤੋਂ ਦੂਰ ਰਹੇ
ਕੀ ਤੈਨੂੰ ਪੈਰਾਂ ਦੀ ਚਾਪ ਸੁਣਦੀ ਹੈ
ਮਹਾਨ ਮੈਦਾਨੀ ਇਲਾਕੇ, ਡਾਨ ਦੀ ਪੈੜ—ਚਾਪ
ਕੀ ਤੈਨੂੰ ਬਰਫ਼ ਤੇ ਸਿਪਾਹੀ ਦੇ ਮਜ਼ਬੂਤ ਪੈਰਾਂ ਦੀ
ਆਹਟ ਸੁਣਦੀ ਹੈ?
ਭੈਣੇ, ਇਹ ਤੇਰੇ ਹੀ ਕਦਮ ਹਨ।

ਇਹ ਕਦਮ,
ਕੱਲ੍ਹ ਦੇ ਗੁਲਾਬਾਂ ਦੇ ਮੁਰਝਾਉਣ ਤੋਂ ਪਹਿਲਾਂ ਹੀ
ਤੇਰੇ ਨਿੱਕੇ ਮਕਬਰੇ ਦੇ ਕੋਲ ਦੀ ਲੰਘਣਗੇ
ਭਵਿੱਖ ਦੇ ਕਦਮ, ਨੇੜਿਓਂ ਦੀ ਜਾਣਗੇ
ਜਿਥੇ ਤੇਰੀ ਚੁੱਪ ਦੀ ਜਵਾਲਾ ਬਲਦੀ ਹੈ ।
ਇਹ ਦੁਨੀਆਂ ਵੀ ਉਸ ਪਾਸੇ ਵੱਲ ਹੀ ਜਾ ਰਹੀ ਏ
ਜਿੱਧਰ ਤੂੰ ਜਾ ਰਹੀ ਸੀ, ਭੈਣੇ,
ਤੇਰੇ ਗੀਤ,
ਸ਼ਾਨਦਾਰ ਲੋਕਾਂ
(ਲੋਕ ਜਿਹਨਾਂ ਨੂੰ ਤੂੰ ਪਿਆਰ ਕਰਦੀ ਸੀ)
ਦੇ ਮੂੰਹਾਂ ਰਾਹੀਂ ਹਰ ਰੋਜ਼ ਅੱਗੇ ਵਧਦੇ ਨੇ ।
ਤੇਰਾ ਦਿਲ ਬਹਾਦਰ ਸੀ, ਭੈਣੇ ।

ਤੇਰੇ ਦੇਸ਼ ਦੀਆਂ ਪੁਰਾਣੀਆਂ ਰਸੋਈਆਂ ਵਿਚ,
ਘੱਟੇ-ਮਿੱਟੀ ਵਾਲੀਆਂ ਸੜਕਾਂ ਤੇ
ਕੋਈ ਗੱਲ ਕਹੀ ਜਾਂਦੀ ਹੈ
ਤੇ ਇਹ ਗੱਲ ਅੱਗਿਓਂ-ਅੱਗੇ ਤੁਰੀ ਜਾਂਦੀ ਹੈ
ਕੋਈ ਚੀਜ਼ ਤੇਰੇ ਸੁਨਹਿਰੀ ਲੋਕਾਂ ਦੀ ਲਾਟ ਵੱਲ
ਵਾਪਸ ਪਰਤਦੀ ਹੈ ।
ਕੋਈ ਚੀਜ਼ ਜਾਗਦੀ ਤੇ ਗਾਉਂਦੀ ਹੋਈ ।

ਭੈਣੇ ! ਉਹ ਤੇਰੇ ਲੋਕ ਨੇ
ਉਹ ਜੋ ਅੱਜ ਤੇਰਾ ਨਾਂ ਬੋਲਦੇ ਨੇ
ਹਰ ਥਾਂ ਤੋਂ ਅਸੀਂ, ਜਲ ਤੇ ਥਲ ਚੋਂ
ਤੇਰਾ ਨਾਂ ਲਏ ਤੋਂ ਬਿਨਾਂ
ਦੂਸਰੇ ਨਾਂ ਬੋਲਦੇ ਹਾਂ ।
ਕਿਉਂਕਿ ਅੱਗ ਤੇ ਕਦੇ ਮਰਦੀ ਨਹੀਂ ਹੈ,
ਭੈਣੇ ਮੇਰੀਏ !

**ਪੰਜਾਬੀ ਅਨੁਵਾਦ—**
**ਹਰਭਜਨ ਸਿੰਘ ਹੁੰਦਲ**



## ਇਸ ਬਾਬਰ ਨੂੰ ਆਪ ਨਹੀਂ ਜਾਣਦੇ

—ਕ੍ਰਿਸ਼ਣ ਕਲਪਿਤ

ਇਤਿਹਾਸ ਤੱਥਆਤਮਿਕ ਹੁੰਦੇ ਹੋਇਆਂ ਝੂਠ ਦਾ ਪੁਲੰਦਾ ਹੋ ਸਕਦਾ ਹੈ ਅਤੇ ਸਾਹਿਤ ਕਲਪਨਾ ਉਤੇ ਅਧਾਰਤ ਹੁੰਦਿਆਂ ਵੀ ਇਤਿਹਾਸਕ ਦਸਤਾਵੇਜ਼ ਵਾਂਗੂੰ ਪੜ੍ਹਿਆਂ ਜਾ ਸਕਦਾ ਹੈ ਦੁਨੀਆਂ ਦੇ ਮਹਾਨ ਸਾਹਿਤਕਾਰਾਂ ਦੀਆਂ ਰਚਨਾਵਾਂ ਇਸ ਗੱਲ ਦੀ ਉਦਾਹਰਨ ਹਨ । ਕਰਾਂਤੀ ਪੂਰਵ ਰੂਸ ਦੇ ਉਥਾਨ-ਪਤਨ ਦੇ ਬਾਰੇ ਭਾਵੇਂ ਇਤਿਹਾਸ ਸਾਨੂੰ ਸਿਲਸਲੇ ਵਾਰ ਦੱਸਦਾ ਹੈ—ਲੇਕਿਨ ਉਸ ਕਾਲ ਦੀ ਸਹੀ ਧੜਕਣ ਜੇਕਰ ਤੁਸੀਂ ਸੁਣਨੀ ਹੋਵੇ ਤਾਂ ਲੀਓ ਟਾਲਸਟਾਏ ਦੇ ਨਾਵਲਾਂ ਨੂੰ ਪੜ੍ਹਨਾ ਪਵੇਗਾ । ਇਸੇ ਤਰ੍ਹਾਂ ਆਜ਼ਾਦੀ ਦੇ ਪਹਿਲਾਂ ਦੇ ਭਾਰਤ ਦੇ ਕਿਸਾਨੀ ਜੀਵਨ ਅਤੇ ਮੱਧਵਰਗੀ ਲੋਕਾਂ ਦੀ ਜੋ ਪ੍ਰਮਾਣਿਕ ਖ਼ਬਰਾਂ ਪ੍ਰੇਮਚੰਦ ਤੋਂ ਮਿਲਦੀਆਂ ਹਨ, ਉਹ ਕਿਸੇ ਇਤਿਹਾਸ ਵਿਚ ਪੜ੍ਹਨ ਲਈ ਨਹੀਂ ਮਿਲਦੀਆਂ । ਇਹ ਠੀਕ ਹੈ ਕਿ ਇਤਿਹਾਸ ਨਾਇਕਾਂ ਦੇ ਪਿਛੇ ਦੌੜਦਾ ਹੈ ਅਤੇ ਸਾਹਿਤ ਆਪਣੇ ਨਾਇਕ ਆਪ ਪੈਦਾ ਕਰਦਾ ਹੈ, ਰਾਮ ਦੀ ਇਤਿਹਾਸਕਤਾ ਸ਼ੱਕੀ ਹੈ—ਲੇਕਿਨ ਬਾਲਮੀਕ ਅਤੇ ਤੁਲਸੀ ਦਾਸ ਨੇ ਆਪਣੀਆਂ ਰਚਨਾਵਾਂ ਵਿਚ ਜਿਸ ਰਾਮ ਦਾ ਨਿਰਮਾਣ ਕੀਤਾ, ਉਹ ਇਇਹਾਸ ਦੇ ਲਈ ਤਾਂ ਵੰਗਾਰ ਬਣ ਗਿਆ । ਇਕ ਸਮੁੱਚੇ ਮੁਲਕ ਦੇ ਵਰਤਮਾਨ ਅਤੇ ਭਵਿੱਖ ਨੂੰ ਪ੍ਰਭਾਵਿਤ ਕਰ ਰਿਹਾ ਹੈ । ਜੇਕਰ ਕੱਲ੍ਹ ਨੂੰ ਬੰਗਾਲ ਦੇ ਲੋਕ ਕਲਕੱਤਾ ਜਾਂ ਪਰੂਲੀਆਂ ਦੀ ਕਿਸੇ ਪੁਰਾਣੀ ਇਮਾਰਤ ਨੂੰ ਲੈ ਕੇ ਅੰਦੋਲਨ ਛੇੜ ਦੇਣ ਕਿ ਇੱਥੇ ਦੇਵਦਾਸ ਦਾ ਜਨਮ ਹੋਇਆ ਸੀ ਤਾਂ ਤੁਸੀਂ ਕਿਸ ਨੂੰ ਸਮਝਾਣ ਜਾਵੋਂਗੇ ਕਿ ਭਾਈ, ਦੇਵ ਦਾਸ ਕਵੀ ਪੈਦਾ ਹੀ ਨਹੀਂ ਹੋਇਆ ਸੀ । ਉਹ ਤਾਂ ਸ਼ਰਤ ਚੰਦਰ ਦਾ ਮਾਨਸਿਕ-ਪੁੱਤਰ ਸੀ । ਇਸੇ ਤਰ੍ਹਾਂ ਕਾਲਕ ਸਾਹਿਤ ਕਈ ਬਾਰ ਇਤਿਹਾਸ ਦਾ ਉਲੰਘਣ ਕਰਦਾ ਹੈ ।

ਜ਼ਹੀਰੋਦੀਨ ਮੁਹੰਮਦ ਬਾਬਰ (1483-1530) ਨੂੰ ਸਾਡੇ ਦੇਸ਼ ਵਿਚ ਖਲਨਾਇਕ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ । ਦਰਿੰਦਾ, ਜਾਬਰ, ਲੁਟੇਰਾ, ਮੰਦਰਾਂ ਨੂੰ ਤੋੜਨ ਵਾਲਾ ਹਮਲਾਵਰ । ਅਜਿਹਾ ਸ਼ਾਇਦ ਇਸ ਲਈ ਕਿ ਬਾਬਰ ਨੇ ਭਾਰਤ ਵਿਚ ਮੁਗ਼ਲ ਰਾਜਵੰਸ ਦੀ ਨੀਂਹ ਰੱਖੀ । ਇਸ ਤੋਂ ਅੱਗੇ ਅਸੀਂ ਬਾਬਰ ਬਾਰੇ ਜਾਨਣ ਦੀ ਕੋਸ਼ਿਸ਼ ਨਹੀਂ ਕਰਦੇ । ਬਾਬਰ ਦੇ ਜੀਵਨ ਉਪਰ ਰੂਸੀ ਨਾਵਲਕਾਰ ਪਿਰਿਮਕੁਲ ਕਾਦਿਰੋਵ ਦੇ ਇਕ ਅਦਭੁੱਤ ਨਾਵਲ 'ਬਾਬਰ' ਦਾ ਹਿੰਦੀ ਅਨੁਵਾਦ 'ਰਾਦੂਗਾ ਪ੍ਰਕਾਸ਼ਨ' ਮਾਸਕੋ ਵਲੋਂ 1989 ਵਿਚ ਪ੍ਰਕਾਸ਼ਤ ਹੋਇਆ ਸੀ ਜਿਸ ਨੂੰ ਪੜ੍ਹ ਕੇ ਬਾਬਰ ਦੀ ਦੂਸਰੀ ਹੀ ਤਸਵੀਰ ਪਾਠਕਾਂ ਦੇ ਸਾਹਮਣੇ ਆਉਂਦੀ ਹੈ । ਆਪਣੇ ਸਮੇਂ ਦੇ ਸਰੇਸ਼ਟ ਸੈਨਾਪਤੀ, ਯੋਧਾ, ਸ਼ਾਸਨ, ਵਿਦਵਾਨ, ਕਵੀ ਅਤੇ ਦੂਸਰੇ ਮਜ਼ਹਬਾਂ, ਕਲਾ ਕੌਸ਼ਲਤਾ ਦਾ ਆਦਰ ਕਰਨ ਵਾਲਾ ਇਹ ਬਾਬਰ ਸਾਡੀ ਕਲਪਨਾ ਤੋਂ ਇਕ ਦਮ ਉਲਟ । ਦੇਸ਼ ਦੇ ਮੌਜੂਦਾ ਹਾਲਾਤ ਨੂੰ ਦੇਖਦਿਆਂ ਇਸ ਨਾਵਲ ਉੱਤੇ ਜਿੰਨੀ ਚਰਚਾ ਅਤੇ ਬਹਿਸ ਹੋਣੀ ਚਾਹੀਦੀ ਸੀ, ਉਥੇ ਹਿੰਦੀ ਦੀ ਸਾਹਿਤਕ ਅਤੇ ਬੌਧਕ ਦੁਨੀਆਂ ਵਿਚ ਇਸ ਨਾਵਲ ਦਾ ਨੋਟਿਸ ਤਕ ਨਹੀਂ ਲਿਆ ਗਿਆ । ਇਹ ਸਥਿਤੀ ਨਿਸ਼ਚੇ ਹੀ ਮੰਦਭਾਗੀ ਹੈ ।

ਰੂਸ ਦੀ ਪੁਰਾਣੀ ਯਥਾਰਥਵਾਦੀ ਸ਼ੈਲੀ ਵਿਚ ਲਿਖੇ ਇਸ ਲਾਜ਼ਮੀ ਪੜ੍ਹਨਯੋਗ ਨਾਵਲ

ਵਿਚ ਲੇਖਕ ਨੇ ਉਸ ਕਾਲ ਦੀਆਂ ਸਾਮੰਤੀ ਲੜਾਈਆਂ. ਸ਼ਾਸਕਾਂ ਦੀ ਆਪਸੀ ਫੁੱਟ, ਪਿਸਦੇ ਹੋਏ ਆਮ ਲੋਕਾਂ ਉਪਰ ਟੈਕਸਾਂ ਦਾ ਭਾਰ ਅਤੇ ਚੌਤਰਫੀ ਹੋ ਰਹੀ ਤਬਾਹੀ ਦਾ ਬੜਾ ਮਾਰਮਿਕ ਵਰਣਨ ਕੀਤਾ ਹੈ। ਇਸੇ ਸਭ ਕਾਸੇ ਵਿਚ ਉਸ ਮਾਸੂਮ ਬੱਚੇ ਦੇ ਵਿਅਕਤਿਤਵ ਦਾ ਨਿਰਮਾਣ ਹੁੰਦਾ ਹੈ ਜੋ ਕਵੀ ਬਣਨਾ ਚਾਹੁੰਦਾ। ਲੇਕਿਨ ਸਮੇਂ ਦੇ ਥੱਪੜਾਂ ਨੇ ਉਸ ਨੂੰ ਬਾਦਸ਼ਾਹ ਬਾਬਰ ਬਣਾ ਦਿੱਤਾ। ਮੀਰ ਅਲੀਸ਼ੇਰ ਬਾਲਕ ਬਾਬਰ ਦਾ ਪਿਆਰਾ ਕਵੀ ਸੀ। ਇਕ ਦਿਨ ਬਾਬਰ ਦਾ ਮੇਲ ਇਕ ਚਿੱਟੀ ਦਾਹੜੀ ਵਾਲੇ ਜੌਹਰੀ ਨਾਲ ਹੁੰਦਾ ਹੈ, ਜਿਸ ਦਾ ਜ਼ਿਕਰ ਮੀਰ ਅਲੀਸ਼ੇਰ ਨੇ 'ਮਜਾਲਿਸ-ਉਨ-ਨਫਾਈਸ' ਵਿਚ ਕੀਤਾ ਸੀ। ਉਸ ਚਿੱਟੀ ਦਾਹੜੀ ਵਾਲੇ ਜੌਹਰੀ ਨੂੰ ਦੇਖ ਕੇ ਬਾਬਰ ਨੂੰ ਈਰਖਾ ਹੁੰਦੀ ਹੈ। ਉਹ ਸੋਚਦਾ ਹੈ—ਕਾਸ਼ ਉਹ ਖੁਦ ਵੀ ਅਜਿਹਾ ਕਵੀ ਬਣ ਸਕੇ. ਜਿਸ ਵੱਲ ਜ਼ਮਾਨਾ ਖਿਚਿਆ ਜਾਵੇ। ਜਦ ਸਮਰਕੰਦ ਵਿਚ ਵੱਢ-ਵਢਾਂਗਾ ਹੋ ਰਿਹਾ ਸੀ ਤਾਂ ਬਾਬਰ ਉਸ ਮੌਲਾਨਾ ਜੌਹਰੀ ਦੇ ਨਾਲ ਕਿਤਾਬਾਂ ਦੀ ਦੁਕਾਂਨ ਭਾਲ ਰਿਹਾ ਸੀ।—"ਬਾਬਰ ਘੋੜੇ ਤੋਂ ਉੱਤਰ ਕੇ ਮੌਲਾਨਾ ਦੇ ਨਾਲ ਦੁਕਾਨ ਵਿਚ ਗਿਆ, ਦੁਕਾਨਦਾਰ ਬਿਨਾਂ ਕਾਹਲ ਕੀਤਿਆਂ ਤਾਕਾਂ ਵਿਚੋਂ ਦਰਲੱਭ ਪੁਸਤਕਾਂ ਕੱਢਣ ਲਗਿਆ। ਇਹਨਾਂ ਉਪਰ ਕਾਫੀ ਸਮੇਂ ਤੋਂ ਜੰਮੀ ਧੂੜ ਝਾੜਨ ਲਗਿਆ ਅਤੇ ਉਹਨਾਂ ਬਾਰੇ ਸੰਖੇਪੈ ਵਿਚ ਦਸਦਿਆਂ ਬਾਬਰ ਨੂੰ ਫੜਾਉਣ ਲਗਿਆ...ਇਹ ਅਤੀ ਕੀਮਤੀ ਸੁਨਹਿਰੀ ਜਿਲਦ ਵਾਲੀ ਮਹਿਮੂਦ ਕਾਸ਼ਗਰੀ, ਅਬਦੁਰ ਰਹਿਮਾਨ ਜਾਮੀ ਦੀਆਂ ਕਿਤਾਬਾਂ ਹਨ...ਇਹ ਤਰਾਂ-ਤਰਾਂ ਦੀਆਂ ਤਸਵੀਰਾਂ ਨਾਲ ਅਬਦੁਰ ਰਜ਼ਾਕ ਸਮਰਕੰਦੀ ਦੀ ਕਿਤਾਬ ਹੈ...ਅਤੇ ਇਹ 'ਅਰੂਜ਼' ਦੇ ਬਾਰੇ ਨਵਾਈ ਦੀ ਮੇਜ਼ਾਨ ਉਲ ਐਜਾਨ' ਹੈ। ਬਾਬਰ ਇਸ ਕਿਤਾਬ ਨੂੰ ਚਿਰਾਂ ਦਾ ਭਾਲ ਰਿਹਾ ਸੀ, ਪੁੱਛ-ਗਿੱਛ ਕਰਦਾ ਰਿਹਾ ਸੀ ਕਿ ਉਹ ਕਿਸ ਤੋਂ ਖਰੀਦੀ ਜਾ ਸਕਦੀ ਹੈ। ਬਾਬਰ ਉਸ ਧੂੜਾਂ ਅੱਟੀ ਦੁਕਾਨ ਵਿਚ ਇਹ ਮਹਿਸੂਸ ਕਰ ਰਿਹਾ ਸੀ ਜਿਵੇਂ ਉਹ ਕਿਸੇ ਪਰੀ ਕਥਾ ਦੇ ਖ਼ਜ਼ਾਨੇ ਵਾਲੀ ਗੁਫਾ ਵਿਚ ਹੋਵੇ।" ਇਹ ਸੀ ਬਾਲਕ ਬਾਬਰ ਦਾ ਕਵੀ ਬਣਨ ਦਾ ਸੁਪਨਾ।

ਇਸ ਨਾਵਲ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਬਾਬਰ ਖੁਦ ਹਮਲਾਵਰ ਨਹੀਂ ਸੀ ਸਗੋਂ ਹਮਲਾਵਰਾਂ ਦਾ ਸਿਤਾਇਆ ਹੋਇਆ ਇਕ ਭਗੌੜਾ ਸੀ ਜੋ ਹਿੰਦੁਸਤਾਨ ਨੂੰ ਜਿੱਤਣ ਦੀ ਨੀਤ ਨਾਲ ਨਹੀਂ ਸਗੋਂ ਸ਼ਰਨ ਲੈਣ ਦੇ ਲਈ ਇਥੇ ਆਇਆ ਸੀ। ਹਿਮਾਯੂੰ ਨੇ ਦਿੱਲੀ ਪਹੁੰਚ ਕੇ ਬਿਨਾਂ ਯੁੱਧ ਕੀਤਿਆ ਹੀ ਸ਼ਹਿਰ ਅਤੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ ਸੀ। ਇਸ ਤੋਂ ਪਿਛੋਂ ਉਹ ਆਪਣੇ ਤਿੰਨ ਸੌ ਸਿਪਾਹੀਆਂ ਦੇ ਨਾਲ ਸ਼ਹਿਰ ਦੇਖਣ ਨਿਕਲਦਾ ਹੈ। ਉਹ ਆਪਣੇ ਸਿਪਾਹੀਆਂ ਨੂੰ ਬਾਬਰ ਦਾ ਸੰਦੇਸ਼ ਯਾਦ ਕਰਾਉਂਦਾ ਹੈ। "ਸਾਨੂੰ ਸਾਡੇ ਬਾਦਸ਼ਾਹ ਸਲਾਮਤ ਦਾ ਇਹ ਹੁਕਮ ਨਹੀਂ ਭੁੱਲਣਾ ਚਾਹੀਦਾ ਕਿ ਸਾਨੂੰ ਹਿੰਦੁਸਤਾਨੀ ਰਿਵਾਜ਼ਾਂ ਦੀ ਇੱਜ਼ਤ ਕਰਨੀ ਹੈ ਅਤੇ ਹਰਗਿਜ਼ ਕੋਈ ਐਸੀ ਹਰਕਤ ਨਹੀਂ ਕਰਨੀ ਹੈ ਜਿਸ ਨਾਲ ਪਰਜਾ ਦੀ ਇੱਜ਼ਤ ਅਤੇ ਮਜ਼ਹਬ ਨੂੰ ਠੇਸ ਪੁੱਜੇ।

ਜਦੋਂ ਇਕ ਬੇਗ ਸਿਪਾਹੀ ਨੇ ਹਿੰਦੂ ਮੰਦਰ ਵਿਚ ਲੁੱਟਮਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਹਿਮਾਯੂੰ ਨੇ ਉਸ ਨੂੰ ਕਿਹਾ, "ਕੀ ਤੈਨੂੰ ਬਾਦਸ਼ਾਹ ਬਾਬਰ ਦੇ ਸਖ਼ਤ ਹੁਕਮ ਦਾ ਇਲਮ ਨਹੀਂ,



ਖ਼ਾਸ ਤੌਰ ਤੇ ਹਿੰਦੂਆਂ ਦੀਆਂ ਇਤਾਦਤਗਾਹਾਂ ਵਿਚ ਕੋਈ ਕੁਫਰ ਨਾ ਕਰਨ ਦੀ ਬਾਬਤ? ਇਹ ਸਾਡੇ ਦੁਸ਼ਮਨ ਨਹੀਂ ਹਨ। ਇਹ ਵੀ ਇਬਾਦਤ ਕਰ ਰਹੇ ਹਨ। ਆਪਣੇ ਖ਼ੁਦਾ ਦੀ ਨਾ ਸਹੀ, ਲੇਕਿਨ ਇਬਾਦਤ ਕਰ ਰਹੇ ਹਨ। ਅਸੀਂ ਕਾਨੂੰਨਨ ਹਕੂਮਤ ਕਰਨ ਆਏ ਹਾਂ ਜਦੋਂ ਕਿ ਤੁਸੀਂ ਲੁੱਟਮਾਰ ਕਰ ਰਹੇ ਹੋ। ਕੀ ਇਹ ਸਾਡੇ ਲਈ ਸ਼ਰਮ ਦੀ ਗੱਲ ਨਹੀਂ ਹੈ। ਖੋਹ ਲਓ ਤਲਵਾਰ ਇਸ ਤੋਂ, ਇਸ ਨੂੰ ਅਤੇ ਇਸ ਦੇ ਸਿਪਾਹੀਆਂ ਨੂੰ ਕਾਲ ਕੋਠੜੀ ਵਿਚ ਬੰਦ ਕਰ ਦੇਵੋ। ਸਾਡੇ ਸਿਪਾਹੀਆਂ ਨੂੰ ਇਸ ਤੋਂ ਸਬਕ ਮਿਲਣਾ ਚਾਹੀਦਾ ਹੈ।" ਇਸ ਤੋਂ ਪਿੱਛੋਂ ਹਿਮਾਯੂੰ ਨੇ ਪੁਜਾਰੀ ਅਤੇ ਯਜਮਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਅਸੀਂ ਸਾਰੇ ਲੋਕਾਂ ਨੂੰ ਇਕੋ ਰੱਬ ਦਾ ਬਣਾਇਆ ਹੋਇਆ ਸਮਝਦੇ ਹਾਂ। ਅਸੀਂ ਹਿੰਦੁਸਤਾਨ ਵਿਚ ਨੇਕ ਇਰਾਦਿਆਂ ਨਾਲ ਆਏ ਹਾਂ। ਅਸੀਂ ਹਿੰਦੂਆਂ ਦੇ ਨਾਲ ਮਿਲਕੇ ਇਸ ਅਜ਼ੀਮ ਮੁਲਕ ਨੂੰ ਖੁਸ਼ਹਾਲ ਬਣਾਉਣਾ ਚਾਹੁੰਦੇ ਹਾਂ। ਤੁਹਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ—ਅਤੇ ਅਸੀਂ ਤੁਹਾਡੀਆਂ ਇਬਾਦਤਗਾਰਾਂ ਦੀ ਇੱਜ਼ਤ ਕਰਾਂਗੇ।"

ਬਹੁਤ ਸਾਰੇ ਅਜਿਹੇ ਮਾਰਮਿਕ ਪ੍ਰਸੰਗ ਨਾਵਲ ਵਿਚ ਹਨ ਜਿਸ ਤੋਂ ਬਾਬਰ ਦੇ ਵਿਅਕਤੀਤਵ ਉਤੇ ਪ੍ਰਕਾਸ਼ ਪੈਂਦਾ ਹੈ। ਜਿਸ ਹਿੰਦੂ ਵਿਧਵਾ ਦਾ ਪਤੀ ਬੇਗਾਂ ਦੁਆਰਾ ਮੌਤ ਦੇ ਘਾਟ ਉਤਾਰਿਆ ਜਾ ਚੁੱਕਾ ਸੀ। ਉਹ ਚੀਕ-ਚੀਕ ਕੇ ਬਾਬਰ ਨੂੰ ਕਹਿੰਦੀ ਹੈ। "ਤੂੰ ਇਥੇ ਕਿਉਂ ਆਇਆ ਏ, ਹਮਲਾਵਰਾ? ਦੂਰ ਹੋ ਜਾ ਮੇਰੀਆਂ ਨਜ਼ਰਾਂ ਤੋਂ। ਆਪਣੇ ਮੁਲਕ ਨੂੰ ਮੁੜ ਜਾ।" ਬਾਬਰ ਸੋਚਦਾ ਹੈ ਕਿਹੜੇ ਮੁਲਕ ਨੂੰ? ਕਿੱਥੇ ਮੁੜ ਜਾਵਾਂ? ਹੁਣ ਇਹੋ ਹਿੰਦ ਮੇਰਾ ਮੁਲਕ ਹੈ। ਉਸ ਨੇ ਆਪਣੀ ਕਾਪੀ ਚੁੱਕੀ ਅਤੇ ਸੋਚਿਆ ਪਰਸੋਂ ਉਹ ਆਪਣੀ ਪਾਨੀਪਤ ਦੀ ਜਿੱਤ ਉਤੇ ਗ਼ਜ਼ਲ ਕਿਉਂ ਨਹੀਂ ਲਿਖ ਸਕਿਆ ਸੀ। ਆਪਣਾ ਦੋਸ਼ ਪਰਵਾਨ ਕਰਦਿਆਂ ਬਾਬਰ ਨੇ ਲਿਖਿਆ—

ਬਦ ਬਖ਼ਤੀ ਮੇਰੀ ਜਾਨ ਕੀ, ਦੁਸ਼ਮਨ ਹੁਈ
ਹਰਕਾਮ ਮੇਰਾ ਬਿਗੜਾ, ਖ਼ਤਾ ਪਰ ਖ਼ਤਾ ਹੁਈ
ਬਦ ਬਖ਼ਤੀ ਥੀ ਕਿ ਛੋੜਾ, ਵਤਨ, ਹਿੰਦ ਆ ਗਿਆ
ਯਾ ਰੱਬ ਮੈਂ ਕਿਆ ਕਰੂੰ, ਮੇਰੀ ਹਾਲਤ ਯਹਿ ਕਿਆ ਹੁਈ

ਬਾਬਰ ਆਪਣੇ ਕਾਰਾਨੀ ਨੂੰ ਰੋਕ ਕੇ ਹੁਕਮ ਦਿੰਦਾ ਹੈ—"ਇਕ ਕੰਮ ਹੋਰ ਕਰੋ...ਸ਼ਹਿਰਾਂ ਅਤੇ ਪਿੰਡਾਂ ਵਿਚ ਐਲਾਨ ਭੇਜ ਕੇ ਮੁਨਾਦੀ ਕਰਵਾਓ ਕਿ ਸੁਲਤਾਨ ਇਬਰਾਹੀਮ ਲੋਧੀ ਤੋਂ ਮਿਲੀ ਸਾਰੀ ਦੌਲਤ ਅਸੀਂ ਤਾਮੀਰਾਤ ਅਤੇ ਮੁਲਕ ਦੀ ਹਾਲਤ ਸੁਧਾਰਨ ਉੱਤੇ ਖ਼ਰਚ ਕਰਨ ਦਾ ਇਰਾਦਾ ਰੱਖਦੇ ਹਾਂ।" ਬਾਬਰ ਦੀ ਭਵਨ ਨਿਮਾਣ ਵਿਚ ਗਹਿਰੀ ਦਿਲਚਸਪੀ ਸੀ। ਉਹ ਇਕ ਇਕ ਇਮਾਰਤ ਆਪਣੀ ਦੇਖ-ਰੇਖ ਵਿਚ ਬਣਵਾਉਂਦਾ ਸੀ।

"ਮੈਂ ਅੰਦੀਜਾਨ ਵਿਚ ਐਸੀਆਂ ਸ਼ਾਨਦਾਰ ਇਮਾਰਤਾ ਤਾਮੀਰ ਕਰਨ ਦੇ ਸੁਪਨੇ ਦੇਖਿਆ ਕਰਦਾ ਸੀ। ਲੇਕਿਨ ਉਹ ਪੂਰੇ ਨਹੀਂ ਹੋ ਸਕੇ। ਫਿਰ ਉਮੀਦ ਕਰਦਾ ਸੀ ਕਿ ਉਹਨਾਂ ਨੂੰ ਸਮਰਕੰਦ ਅਤੇ ਹਿਰਾਤ ਵਿਚ ਬਣਾਊਂਗਾ। ਇਹਨਾਂ ਇਮਾਰਤਾਂ ਦੇ ਨਕਸ਼ਿਆਂ ਉਤੇ ਤੀਹ ਵਰ੍ਹੇ ਧੂੜ ਜੰਮਦੀ ਰਹੀ। ਉਹ ਪੀਲੇ ਹੁੰਦੇ ਗਏ। ਮੇਰੀ ਜ਼ਿੰਦਗੀ ਦੇ ਸੁਪਨਿਆਂ ਨੂੰ ਮੇਰੇ ਵਤਨ ਤੋਂ ਦੂਰ

ਇੱਥੇ ਆਗਰੇ ਵਿਚ ਪੂਰਾ ਹੋਣਾ ਸੀ । ਜੇ ਕਿਸਮਤ ਵਿਚ ਇਹੋ ਹੋਇਆ ਤਾਂ ਗਰਮੀ ਵੀ ਝੱਲ ਹੋ ਜਾਵੇਗੀ...।''

ਬਾਬਰ ਨੇ ਹਿੰਦੁਸਤਾਨ ਵਿਚ ਵੱਸਣ ਦੀ ਠਾਣ ਲਈ ਤਾਂ ਉਸ ਦੇ ਸਾਥੀ ਬੇਗ ਸਿਪਾਹੀਆਂ ਵਿਚ ਹੱਲਚੱਲ ਮੱਚ ਗਈ । ਉਹ ਤਾਂ ਲੁੱਟਮਾਰ ਕਰਕੇ ਵਾਪਸ ਮੁੜ ਜਾਣਾ ਚਾਹੁੰਦੇ ਸਨ । ਇਕ ਸਿਪਾਹੀ ਲੁੱਟ ਦਾ ਮਾਲ ਲੈਕੇ ਖਿਸਕ ਗਿਆ ਸੀ । ਜਾਂਦੇ ਹੋਇਆਂ ਕੰਧ ਉੱਤੇ ਲਿਖ ਗਿਆ—ਸਿੰਧ ਤੋਂ ਜਿਉਂਦਾ ਜੇ ਬਚ ਕੇ ਨਿਕਲ ਗਿਆ, ਕਸਮ ਖਾਂਦਾ ਹਾਂ ਫਿਰ ਕਦੀ ਹਿੰਦ ਨਾ ਪਰਤਾਂ, ਕਸਮ ਖਾਂਦਾ ਹਾਂ ।'' ਇਹ ਪੰਕਤੀ ਕਿੱਧਰੇ ਵਿਦਰੋਹ ਨਾ ਫੈਲਾ ਦੇਵੇ, ਇਸ ਲਈ ਸੈਨਾਪਤੀ ਨੇ ਇਸ ਨੂੰ ਦੀਵਾਰ ਤੋਂ ਮਿਟਾ ਦਿਤਾ । ਬਾਬਰ ਨੂੰ ਪਤਾ ਲਗਿਆ ।

"ਕੀ ਉਹ ਬੈਂਤ ਹੁਣ ਵੀ ਦੀਵਾਰ ਉੱਤੇ ਲਿਖੀ ਹੋਈ ਹੈ ?'' ਬਾਬਰ ਨੇ ਪੁੱਛਿਆ ।

"ਨਹੀਂ—ਮੈਂ ਉਸ ਨੂੰ ਮਿਟਾ ਦਿਤਾ ਹੈ ।'' ਹਿੰਦੂ ਬੇਗ ਨੇ ਕਿਹਾ ।

"ਬੇਕਾਰ ! ਜ਼ਬਰਦਸਤੀ ਮਿਟਾਈ ਬੈਂਤ ਲੋਕਾਂ ਦੇ ਜ਼ਿਹਨ ਵਿਚ ਹੋਰ ਮਜ਼ਬੂਤੀ ਨਾਲ ਘਰ ਕਰ ਜਾਵੇਗੀ ।'' ਬਾਬਰ ਨੇ ਕਾਤਿਬ ਨੂੰ ਬੁਲਾਇਆ ।

ਉਸ ਨੂੰ ਬਾਬਰ ਨੇ ਲਿਖਵਾਇਆ—''

"ਹਜ਼ਾਰ ਸ਼ੁਕਰ ਕਿ ਬਾਬਰ, ਤੁਝੇ ਖ਼ੁਦਾ ਏ ਕਰੀਮ<br>
ਹੈ ਖ਼ੁਦ ਹੀ ਬਖ਼ਸ਼ ਚੁੱਕਾ ਹੈ ਸਿੰਧ ਔਰ ਹਿੰਦੇ ਅਜ਼ੀਮ ।

ਚਲਾ ਜਾ ਗਜ਼ਨੀ ਤੂੰ ਸਰਦੀ ਕਾ ਲੁਤਫ ਉਠਾਨੇ ਕੋ,<br>
ਯਹਾਂ ਕੀ ਗਰਮੀ ਮੇਂ ਤੜਪੇ ਜੋ, ਰਹਿ ਸਕੇ ਨਾ ਮੁਕੀਮ ।

"ਇਸ ਦੀਆਂ ਤਿੰਨ ਨਕਲਾਂ ਤਿਆਰ ਕਰੋ । ਇਕ ਖਵਾਜਾ ਕਲਾ ਬੇਗ ਦੇ ਕੋਲ ਭੇਜ ਦਿਉ । ਦੂਜੀ ਤੁਸੀਂ ਆਪ ਲੈ ਜਾਉ ਅਤੇ ਸਿਪਾਹੀਆਂ ਨੂੰ ਪੜ੍ਹਨ ਲਈ ਦਿਉ ।''

ਹਿੰਦੁਸਤਾਨ ਦੇ ਬਾਰੇ ਬਾਬਰ ਦੀ ਸੋਚ ਸੀ—"ਬੇਸ਼ੱਕ ਅਜਨਬੀ ਮੁਲਕ ਵਿਚ ਰਹਿਣਾ ਬਹੁਤ ਦੁੱਖਦਾਈ ਹੁੰਦਾ ਹੈ, ਲੇਕਿਨ ਇਹ ਜਾਣ ਕੇ ਕਿ ਇੰਨੀ ਵੱਡੀ, ਉਲਝਣਾਂ ਨਾਲ ਭਰੀ ਦੁਨੀਆਂ ਵਿਚ ਇਕ ਮੁਲਕ ਅਜਿਹਾ ਹੈ—ਹਿੰਦੁਸਤਾਨ, ਜਿੱਥੇ ਦਾਨਸ਼ਮੰਦੀ, ਇਲਮ ਅਤੇ ਕਲਾ ਦੀ ਇੱਜ਼ਤ ਕੀਤੀ ਜਾਂਦੀ ਹੈ, ਕਿੰਨੀ ਖੁਸ਼ੀ ਹੁੰਦੀ ਹੈ । ਸਰੀਰ ਵਿਚ ਤਾਕਤ ਆ ਜਾਂਦੀ ਹੈ । ਹੁਣ ਹਿੰਦੁਸਤਾਨ ਬਾਬਰ ਦੇ ਲਈ ਗ਼ੈਰ ਸਰਕਾਰੀ ਜ਼ਮੀਨ ਨਹੀਂ ਸਗੋਂ ਦੂਜਾ ਵਤਨ ਹੈ ।''

ਨਾਵਲ ਵਿਚ ਦਸਿਆ ਗਿਆ ਹੈ ਕਿ ਬਾਬਰ ਆਪਣੇ ਅੰਤਮ ਸਮੇਂ ਤੱਕ ਬਾਦਸ਼ਾਹ ਘੱਟ ਅਤੇ ਕਵੀ ਜ਼ਿਆਦਾ ਰਿਹਾ ਹੈ । 'ਬਾਬਰਨਾਮਾ' ਲਿਖਦੇ ਸਮੇਂ ਤਾਂ ਬਾਬਰ ਉਪਰ ਕਵੀ ਹੀ ਭਾਰੂ ਸੀ । ਲੇਖਕ ਨੇ ਇਸ ਦਵੰਦ ਦਾ ਵਰਣਨ ਕਰਦੇ ਹੋਏ ਬਾਬਰ ਤੋਂ ਅਖਵਾਇਆ । "ਮੌਲਾਨਾ, ਅਗਰ ਮੇਰੇ ਵਿਚ ਕੋਈ ਚਸ਼ਮਾ ਹੈ ਤਾਂ ਮੇਰੀਆਂ ਗ਼ਜ਼ਲਾਂ, ਮੇਰਾ ਕੰਮ...ਤੁਸੀਂ ਮੇਰੀ ਇਸ ਗੱਲ ਉਤੇ ਇਤਰਾਜ਼ ਨਾ ਕਰੋ ਕਿ ਤਾਜੋਤਖ਼ਤ ਨਾ ਤਾਂ ਜਲਣ ਤੋਂ ਬਚਾਉਂਦੇ ਹਨ ਅਤੇ ਨਾ ਹੀ ਗੁਮਨਾਮੀ ਤੋਂ ।



ਮੇਰੀ ਕਿਸਮਤ ਵਿਚ ਆਪਣੇ ਵਤਨ ਮੁੜ ਜਾਣ ਨਹੀਂ ਲਿਖਿਆ ਹੈ । ਉਥੇ ਮੇਰੀ ਸ਼ਾਇਰੀ ਅਤੇ ਤੁਰਕੀ ਵਿਚ ਲਿਖੀਆਂ ਕਿਤਾਬਾਂ ਹੀ ਪਰਤ ਜਾਣ...ਕਾਸ਼ ਤੁਸੀਂ ਜਾਣਦੇ ਹੁੰਦੇ ਮੌਲਾਨਾ ਕਿ... ਅੰਦੀਜਾਨ, ਸਮਰਕੰਦ ਅਤੇ ਤਾਸ਼ਕੰਦ ਦੀ ਕਿੰਨੀ ਯਾਦ ਆਉਂਦੀ ਹੈ ।''

ਨਾਵਲ ਦੇ ਅੰਤ ਉਪਰ ਲੇਖਕ ਲਿਖਦਾ ਹੈ ਕਿ ਬਾਬਰ ਖਿਆਲਾਂ ਵਿਚ ਅੰਦੀਜਾਨ ਅਤੇ ਆਪਣੇ ਬਚਪਨ ਵਿਚ ਪਹੁੰਚ ਗਿਆ । ਫਿਰ ਬਾਬਰ ਦੇ ਅੰਤਮ ਸਮੇਂ ਦਾ ਵਰਣਨ ਕਰਦੇ ਹੋਇਆ ਲਿਖਿਆ ਹੈ ਕਿ ਆਗਰੇ ਵਿਚ ਅਕਾਸ਼ ਅਤੇ ਤਾਰਿਆਂ ਦਾ ਉਹੋ ਜਿਹਾ ਹੀ ਹੋਣਾ, ਜਿਹੋ ਜਿਹਾ ਅੰਦੀਜਾਨ ਵਿਚ ਬਾਬਰ ਦੇ ਜੀਵਨ ਦੇ ਮੁੱਢ ਵਿਚ ਹੁੰਦਾ ਸੀ । ਉਸ ਦੇ ਲਈ ਅੰਤਮ ਸਮੇਂ ਤਸੱਲੀ ਵਾਲੀ ਗੱਲ ਸੀ ।

ਨਾਵਲ ਬੇਹਦ ਪੜ੍ਹਨਯੋਗ ਹੈ, ਉਨ੍ਹੀਵੀ ਸਦੀ ਦੇ ਰੂਸੀ ਨਾਵਲਾਂ ਵਾਂਗੂ ਅਨੁਵਾਦ ਸੁਧੀਰ ਕੁਮਾਰ ਮਾਥੁਰ ਦਾ ਹੈ । ਸਹਿਲ ਸਰਲ ਅਤੇ ਮੂਲ ਦੀ ਖੁਸ਼ਬੂ ਨੂੰ ਕਾਇਮ ਰੱਖਣ ਵਾਲਾ ਇਹ ਨਾਵਲ ਜ਼ਰੂਰ ਹੀ ਪੜ੍ਹਨਾ ਚਾਹੀਦਾ ਹੈ । ਇਸ ਨਾਲ ਸਾਨੂੰ ਇਕ ਹੋਰ ਹੀ ਬਾਬਰ ਬਾਰੇ ਪਤਾ ਲਗਦਾ ਹੈ । ਛੇ ਦਸੰਬਰ ਨੂੰ ਅਯੁਧਿਆ ਵਿਚ ਢਾਹੀ ਗਈ ਬਾਬਰੀ ਮਸਜਿਦ ਇਕ ਵਿਦਰੂਪ ਘਟਨਾ ਸੀ । ਲੇਕਿਨ ਇਸ ਨਾਵਲ ਨੂੰ ਪੜ੍ਹਨ ਪਿੱਛੋਂ ਉਹ ਘਟਨਾ ਭਿਅੰਕਰ ਵਿਦਰੂਪ ਦੀ ਤਰ੍ਹਾਂ ਸਾਡੇ ਸਾਹਮਣੇ ਆਉਂਦੀ ਹੈ ।

(ਪੰਜਾਬੀ ਅਨੁਵਾਦ—ਸੂਫ਼ੀ ਅਮਰਜੀਤ)<br>
ਹਿੰਦੀ ਹੰਸ ਵਿਚੋਂ ਧੰਨਵਾਦ ਸਹਿਤ

---

## ਚਿਰਾਗ ਦੀ ਮਾਲਕੀ ਸਬੰਧੀ ਵੇਰਵਾ

ਫਾਰਮ ਨੰ: IV

1. ਪ੍ਰਕਾਸ਼ਨ ਅਸਥਾਨ—ਜਲੰਧਰ
2. ਪ੍ਰਕਾਸ਼ਨ ਕਾਲ—ਤ੍ਰੈ-ਮਾਸਕ<br>ਕੌਮ : ਭਾਰਤੀ
3. ਮਾਲਕ ਤੇ ਪ੍ਰਕਾਸ਼ਕ—ਡਾ; ਅਨੂਪ ਸਿੰਘ<br>C/o ਭਾਈ ਰਤਨ ਸਿੰਘ<br>ਯਾਦਗਾਰੀ ਟਰੱਸਟ ਜਲੰਧਰ,
4. ਸੰਪਾਦਕ ਹਰਭਜਨ ਸਿੰਘ ਹੁੰਦਲ, V. ਫੱਤੂਚੱਕ, ਡਾ: ਢਿਲਵਾਂ (ਕਪੂਰਥਲਾ)
5. ਅਖਬਾਰ ਦੇ ਮਾਲਕ ਦਾ ਨਾਂ ਡਾ: ਅਨੂਪ ਸਿੰਘ
6. ਮੈਂ ਡਾ: ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਦਰਜ ਵੇਰਵੇ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹਨ—ਡਾ: ਅਨੂਪ ਸਿੰਘ

---

## ਜੁਝਾਰ ਕਾਵਿ-ਧਾਰਾ : ਪੁਨਰ ਵਿਚਾਰ

—ਡਾ: ਸੁਖਦੇਵ ਸਿੰਘ ਸਿਰਸਾ

ਨਕਸਲਵਾੜੀ ਲਹਿਰ ਭਾਵੇਂ ਭਾਰਤੀ ਰਾਜਨੀਤੀ ਅੰਦਰ ਆਪਣਾ ਕੋਈ ਫ਼ੈਸਲਾਕੁਨ ਪ੍ਰਭਾਵ ਨਹੀਂ ਪਾ ਸਕੀ, ਪਰ ਇਸਨੇ ਪੰਜਾਬੀ ਸਾਹਿਤ ਅਤੇ ਸਾਹਿਤ-ਚਿੰਤਨ ਦੀ ਮੁਖ ਧਾਰਾ ਨੂੰ ਹੀ ਬਦਲ ਦਿੱਤਾ। ਹਥਿਆਰਬੰਦ ਇਨਕਲਾਬ ਉੱਪਰ ਟੇਕ ਰੱਖਣ ਵਾਲਾ, ਜ਼ਲਜ਼ਲੇ ਵਾਂਗ ਉਠਿਆ ਇਹ ਕਿਸਾਨ ਅੰਦੋਲਨ ਇਕ ਤਾਂ ਜਲਦੀ ਹੀ ਕੁਚਲ ਦਿੱਤਾ ਗਿਆ ਅਤੇ ਦੂਜਾ, ਆਪਣੀ ਅਵਿਗਿਆਨਕ ਪਹੁੰਚ ਅਤੇ ਰਾਜਨੀਤਕ ਪੈਂਤੜੇਬਾਜ਼ੀ ਦੀਆਂ ਹੋਰ ਕਈ ਸੀਮਾਵਾਂ ਕਾਰਨ ਕਿਸੇ ਵਿਸ਼ਾਲ ਲੋਕ-ਪੱਖੀ ਲਹਿਰ ਨੂੰ ਉਸਾਰਨ ਤੋਂ ਅਸਮੱਰਥ ਰਿਹਾ। ਭਾਵੇਂ ਭਾਰਤੀ ਰਾਜਨੀਤੀ ਅੰਦਰ ਪਹਿਲਾਂ ਤੋਂ ਹੀ ਵੰਡੀ ਤੇ ਬਿਖਰੀ ਹੋਈ ਖੱਬੇ-ਪੱਖੀ ਲਹਿਰ ਨੂੰ ਕੋਈ ਹੁਲਾਰਾਂ ਦੇਣ ਦੀ ਥਾਂ, ਇਹ ਲਹਿਰ ਸ਼ਰੀਕੇ ਵਾਲੀ ਭੂਮਿਕਾ ਨਿਭਾ ਕੇ ਹੀ ਦਮ ਤੋੜ ਗਈ, ਪਰ ਇਸ ਲਹਿਰ ਨੇ ਭਾਰਤੀ ਖੱਬੇ-ਪੱਖੀ ਲਹਿਰ ਦੀਆਂ ਇਤਿਹਾਸਕ ਕਮਜ਼ੋਰੀਆਂ ਬਾਰੇ ਸੋਚਣ ਲਈ ਮਜ਼ਬੂਰ ਕੀਤਾ। ਜਿਥੇ ਇਸ ਅੰਦੋਲਨ ਨੇ ਭਾਰਤੀ ਰਾਜਨੀਤੀ ਵਿਚ ਖੱਬੇ-ਪੱਖੀ ਲਹਿਰ ਦੀ ਭੂਮਿਕਾ ਬਾਰੇ ਆਤਮ-ਵਿਸ਼ਲੇਸ਼ਣ ਲਈ ਰਾਹ ਪੱਧਰਾ ਕੀਤਾ, ਉਥੇ ਇਸ ਨੇ ਸਾਹਿਤ ਅਤੇ ਕਲਾ ਦੀ ਇਨਕਲਾਬੀ ਭੂਮਿਕਾ ਬਾਰੇ ਮਹੱਤਵਪੂਰਨ ਸੰਵਾਦ ਛੇੜਿਆ। ਪੰਜਾਬ ਵਿਚ ਨਕਸਲਵਾੜੀ ਲਹਿਰ ਦਾ ਪ੍ਰਭਾਵ ਭਾਵੇਂ ਸੀਮਤ ਹੀ ਰਿਹਾ, ਪਰ ਇਸਨੇ ਪੰਜਾਬੀ ਕਵਿਤਾ ਦੇ ਵਸਤੂ ਅਤੇ ਦੱਖ ਨੂੰ ਇਕ ਵਿਲੱਖਣ ਮੁਹਾਂਦਰਾ ਪ੍ਰਦਾਨ ਕੀਤਾ। ਜੁਝਾਰ ਕਾਵਿ-ਧਾਰਾ ਦੀ ਚੜ੍ਹਤ ਦਾ ਸਮਾਂ 1968 ਈ: ਤੋਂ 1975 ਤੱਕ ਰਿਹਾ। ਸਿਆਸੀ ਪੈਂਤੜੇਬਾਜ਼ੀ ਅਤੇ ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ, ਸੁਖਬੀਰ, ਜਗਤਾਰ, ਹਰਭਜਨ ਸਿੰਘ ਹੁੰਦਲ, ਪਾਸ਼, ਦਰਸ਼ਨ ਖਟਕੜ, ਲਾਲ ਸਿੰਘ ਦਿਲ, ਅਮਰਜੀਤ ਚੰਦਨ, ਹਰਿਭਜਨ ਹਲਵਾਰਵੀ, ਸੰਤ ਰਾਮ ਉਦਾਸੀ, ਗੁਰਦੀਪ ਗਰੇਵਾਲ, ਸੰਤ ਸੰਧੂ, ਸੀ. ਮਾਰਕੰਡਾ, ਵਰਿਆਮ ਸੰਧੂ, ਜੋਗਾ ਸਿੰਘ, ਜੈਮਲ ਪੱਡਾ, ਲੋਕ ਨਾਥ, ਇਕਬਾਲ ਰਾਮੂਵਾਲੀਆ, ਸੁਰਿੰਦਰ ਧੰਜਲ, ਫਤਿਹਜੀਤ, ਰਵਿੰਦਰ ਭੱਠਲ, ਸੁਰਿੰਦਰ ਗਿੱਲ, ਮ੍ਰਿਤੂਬੋਧ, ਕਰਤਾਰ ਕੈਂਥ, ਬੂਟਾ ਰਾਮ, ਮਹਿੰਦਰ ਭੱਠਲ, ਕਰਨੈਲ ਬਾਗੀ, ਜਸਵੰਤ ਖਟਕੜ, ਸੁਜਾਤਾ ਸੰਧੂ, ਦਰਸ਼ਨ ਚਾਹਿਲ, ਸਰਦਾਰਾ ਸਿੰਘ ਮਾਹਲ ਅਤੇ ਸੁਰਪਤ ਸਿੰਘ ਆਦਿ ਕਵੀ ਇਸ ਕਾਵਿ-ਧਾਰਾ ਨਾਲ ਸੰਬੰਧਿਤ ਰਹੇ। ਸਥਾਪਤੀ ਪ੍ਰਤੀ ਅਵਿਸ਼ਵਾਸ, ਵਿਦਰੋਹੀ ਸੁਰ ਅਤੇ ਹਿੰਸਾ ਨੂੰ ਹਰ ਤਰ੍ਹਾਂ ਦੇ ਦਮਨ ਤੋਂ ਮੁਕਤੀ ਦਾ ਸਾਧਨ ਮੰਨਣ ਕਾਰਨ ਮੋਹਨਜੀਤ, ਦੇਵ, ਪ੍ਰਮਿੰਦਰਜੀਤ, ਸੁਰਜੀਤ ਪਾਤਰ ਅਮਿਤੋਜ, ਸ਼ਹਰਯਾਰ, ਸੁਖਚੈਨ ਮਿਸਤਰੀ, ਮਿੰਦਰ ਅਤੇ ਤ੍ਰੈਲੋਚਨ ਆਦਿ ਦੀ ਕਵਿਤਾ ਨੂੰ ਵੀ ਜੁਝਾਰ ਕਵਿਤਾ ਵਿਚ ਸ਼ਾਮਿਲ ਕਰ ਲਿਆ ਜਾਂਦਾ ਹੈ, ਭਾਵੇਂ ਇਹਨਾਂ ਕਵੀਆਂ ਦਾ ਨਕਸਲਵਾੜੀ ਲਹਿਰ ਨਾਲ ਕੋਈ ਸਿੱਧਾ ਸਰੋਕਾਰ ਨਹੀਂ ਸੀ। ਜੁਝਾਰ ਕਾਵਿ-ਧਾਰਾ ਦਾ ਪ੍ਰਭਾਵ ਏਨਾ ਵਿਆਪਕ ਅਤੇ ਘੇਰਾ ਏਨਾ ਵਿਸ਼ਾਲ ਸੀ ਕਿ ਇਕ ਪਾਸੇ ਪਹਿਲਾਂ ਤੋਂ ਤੁਰੀ ਆਉਂਦੀ ਪ੍ਰਗਤੀਵਾਦੀ ਧਾਰਾ ਦੇ ਕਵੀ ਮੋਹਨ ਸਿੰਘ ਅਤੇ ਧੀਰ ਆਦਿ ਵਿਦਰੋਹੀ ਸੁਰ ਉਚਾਰਨ ਲੱਗੇ ਅਤੇ ਦੂਜੇ ਪਾਸੇ ਪ੍ਰਗਤੀਵਾਦ ਦਾ ਲੁਕਵਾਂ ਵਿਰੋਧ ਕਰਨ ਵਾਲੇ ਪ੍ਰਯੋਗਵਾਦੀ ਕਵੀ ਆਪਣੇ



ਆਪ ਨੂੰ 'ਰੈਡੀਕਲ ਯਥਾਰਥਵਾਦੀ' ਕਹਿਣ ਲਗ ਪਏ। ਸਮਕਾਲੀ ਕਵਿਤਾ ਉਪਰ ਇਸ ਧਾਰਾ ਦੇ ਵਿਆਪਕ ਪ੍ਰਭਾਵ ਦਾ ਪ੍ਰਮਾਣ ਸ਼ਿਵ ਕੁਮਾਰ ਬਟਾਲਵੀ ਦੀਆਂ ਇਹ ਸਤਰਾਂ ਹਨ :

ਕਦੇ ਤਾਂ ਗੀਤ ਸੱਚ ਕਹਿੰਦੇ। ਕਦੇ ਤਲਵਾਰ ਸੱਚ ਕਹਿੰਦੀ
ਹੈ ਗੀਤਾਂ ਚੋਂ ਹੀ ਹੱਥਕੜੀਆਂ ਦੇ ਜੰਗਲ ਨੂੰ ਸੜਕ ਜਾਂਦੀ
ਤੇ ਹੁਣ ਇਹ ਵਕਤ ਹੈ ਤਲਵਾਰ ਲੈਕੇ ਮੈਂ ਚਲਾ ਜਾਵਾਂ
ਤੇ ਹੱਥਕੜੀਆਂ ਦੇ ਜੰਗਲ ਵਾਲਿਆਂ ਦੀ ਬਾਤ ਸੁਣ ਆਵਾਂ।

ਨਕਸਲਵਾੜੀ ਅੰਦੋਲਨ ਦੇ ਪ੍ਰਭਾਵ ਕਾਰਨ ਭਾਵੇਂ ਅਨੇਕਾਂ ਕਵੀ ਦੇਖਾ-ਦੇਖੀ ਕਾਵਿ-ਸਿਰਜਨਾ ਵੱਲ ਰੁਚਿਤ ਹੋਏ, ਪਰ ਲੇਖਣ ਪ੍ਰਤੀ ਗੰਭੀਰਤਾ ਅਤੇ ਕਲਾਤਮਿਕਤਾ ਦੀ ਘਾਟ ਕਾਰਨ ਅਤੇ ਸਿਰਜਣਾ ਨਾਲੋਂ ਸਿਆਸਤ ਪ੍ਰਤੀ ਵਧੇਰੇ ਵਫ਼ਾਦਾਰੀ ਕਾਰਨ ਥੋੜੇ ਕਵੀ ਹੀ ਆਪਣੀ ਵੱਖਰੀ ਪਹਿਚਾਣ ਸਥਾਪਤ ਕਰ ਸਕੇ। ਧਿਆਨ ਰਹੇ ਕਿ ਇਸ ਲਹਿਰ ਦੇ ਸਾਰੇ ਕਵੀ ਨਕਸਲਵਾੜੀ ਰਾਜਨੀਤੀ ਦੇ ਸਮਰਥਕ ਜਾਂ ਨਕਸਲੀ ਲਹਿਰ ਦੇ ਸਰਗਰਮ ਕਾਰਕੁਨ ਨਹੀਂ ਸਨ, ਸਗੋਂ ਸਿਧਾਂਤਕ ਤੌਰ ਤੇ ਨਕਸਲਬਾੜੀ ਰਣਨੀਤੀ ਦਾ ਸੁਚੇਤ ਵਿਰੋਧ ਕਰਨ ਵਾਲੇ ਹਰਭਜਨ ਸਿੰਘ ਹੁੰਦਲ ਵਰਗੇ ਕਵੀ, ਸਥਾਪਤੀ ਤੋਂ ਵਿਦਰੋਹ ਕਰਨ ਵਾਲੇ ਮੋਹਨਜੀਤ-ਪ੍ਰਮਿੰਦਰਜੀਤ ਵਰਗੇ ਕਵੀ ਅਤੇ ਪ੍ਰਚਲਿਤ ਮੁਹਾਵਰੇ ਨਾਲ ਸੁਰ ਮਿਲਾ ਕੇ ਚੱਲਣ ਵਾਲੇ ਅਨੇਕਾਂ ਫੈਸ਼ਨ-ਪ੍ਰਸਤ ਨਵੇਂ ਕਵੀ ਆਪਣੇ ਆਪਣੇ ਵਿੱਤ ਮੁਤਾਬਕ ਕਵਿਤਾ ਲਿਖਦੇ ਰਹੇ। ਵਧੇਰੇ ਕਰਕੇ ਪੇਂਡੂ ਮੱਧ ਸ਼੍ਰੇਣੀ ਦੇ ਕਵੀਆਂ ਦੀ ਰਚਨਾ ਹੋਣ ਕਾਰਨ ਜੁਝਾਰ ਕਵਿਤਾ ਦਾ ਵਡੇਰਾ ਹਿੱਸਾ ਨਿਰੋਲ ਪੇਂਡੂ ਮੱਧ-ਸ਼੍ਰੇਣਿਕ ਅਨੁਭਵ ਤੱਕ ਉਸੇ ਤਰ੍ਹਾਂ ਸੀਮਤ ਰਿਹਾ, ਜਿਵੇਂ ਪ੍ਰਯੋਗਵਾਦੀ ਕਵਿਤਾ ਸ਼ਹਿਰੀ ਮੱਧ-ਸ਼੍ਰੇਣੀ ਦੇ ਅਨੁਭਵ ਤੱਕ ਸੀਮਤ ਸੀ। ਨਕਸਲਵਾੜੀ ਰਾਜਨੀਤਕ ਅੰਦੋਲਨ ਤੋਂ ਪ੍ਰਭਾਵਿਤ ਹੋਣ ਕਾਰਨ ਜੁਝਾਰ ਕਵਿਤਾ ਵਿਚ ਰਾਜਨੀਤਕ ਵਰਤਾਰੇ ਨੂੰ ਹੀ ਸਮਾਜਿਕ ਯਥਾਰਥ ਦਾ ਇਕੋ ਇਕ ਰੂਪ ਮੰਨ ਕੇ ਯਥਾਰਥ ਦਾ ਅਤਿ ਰਾਜਸੀਕਰਣ ਕੀਤਾ ਗਿਆ।

ਪੇਂਡੂ ਮੱਧ-ਸ਼੍ਰੇਣਿਕ ਜੀਵਨ ਦੇ ਅਤਿ ਨੇੜਲੇ ਅਨੁਭਵ, ਨਕਸਲਵਾੜੀ ਲਹਿਰ ਤੋਂ ਪ੍ਰਾਪਤ ਸਿਆਸੀ ਸੂਝ ਅਤੇ ਮਾਰਕਸਵਾਦੀ ਵਿਚਾਰਧਾਰਾ ਦੇ ਗਿਆਨ ਕਾਰਨ ਇਹ ਕਵੀ ਪੰਜਾਬ ਦੀ ਕਿਸਾਨੀ ਤੇ ਕੰਮੀ-ਵਰਗ ਦੇ ਤ੍ਰਾਸਦਿਕ ਜੀਵਨ ਯਥਾਰਥ ਨੂੰ ਚਿਤਰਣ ਅਤੇ ਕਿਰਤ ਦੇ ਸ਼ੋਸ਼ਨ ਤੇ ਦਮਨ ਲਈ ਜ਼ਿੰਮੇਵਾਰ ਰਾਜਨੀਤਕ ਵਿਵਸਥਾ ਦੀ ਨਿਸ਼ਾਨਦੇਹੀ ਕਰਨ ਵਿਚ ਤਾਂ ਬੇਹੱਦ ਸਫਲ ਰਹੇ, ਪਰ ਆਪਣੀ ਮੱਧ-ਸ਼੍ਰੇਣਿਕ ਦ੍ਰਿਸ਼ਟੀ ਅਤੇ ਜਾਗੀਰੂ ਸੰਸਕਾਰਾਂ ਗ੍ਰਸਤ ਮਾਨਸਿਕਤਾ ਕਾਰਨ ਇਹ ਕਵੀ ਪੂੰਜੀਵਾਦ ਦੇ ਪ੍ਰਵੇਸ਼ ਕਾਰਨ ਪੰਜਾਬ ਦੀ ਪੇਂਡੂ ਆਰਥਿਕਤਾ ਦੇ ਤੇਜ਼ੀ ਨਾਲ ਬਦਲਦੇ ਆਧਾਰ ਅਤੇ ਉਸਦੇ ਸਿੱਟੇ ਵਜੋਂ ਸਾਂਸਕ੍ਰਿਤਕ-ਉਸਾਰ ਵਿਚ ਦ੍ਰਿਸ਼ਟੀ ਗੋਚਰ ਹੁੰਦੇ ਪਰਿਵਰਤਨਾਂ ਨੂੰ ਉਹਨਾਂ ਦੀ ਸਮੁੱਚਤਾ ਤੇ ਸੰਪੂਰਨ ਜਟਿਲਤਾ ਸਹਿਤ ਪਕੜਣ ਤੋਂ ਅਸਮਰੱਥ ਰਹੇ। ਪੂੰਜੀਵਾਦੀ ਵਿਕਾਸ ਮਾਰਗ ਦੇ ਰਾਹ ਪਏ ਪੰਜਾਬ ਦੀ ਪੇਂਡੂ ਆਰਥਿਕਤਾ ਵਿਚ ਉਭਰ ਰਹੇ ਨਵੇਂ ਵਰਗ-ਸੰਬੰਧਾਂ ਅਤੇ ਵਰਗ-ਵਿਰੋਧਾਂ ਨੂੰ ਉਸ ਇਤਿਹਾਸਕ ਵੇਗ ਵਿਚ ਸਮਝਣ ਦੀ ਬਜਾਏ ਬਹੁਤੇ ਕਵੀਆਂ ਨੇ ਪੇਂਡੂ ਜੀਵਨ ਦੇ ਪ੍ਰਤੱਖ ਦਿਸਦੇ ਵਿਰੋਧਾਂ ਦੇ ਸਿੱਧੇ ਸਪਾਟ ਚਿਤਰਣ ਨੂੰ ਕ੍ਰਾਂਤੀਕਾਰੀ ਕਾਰਜ ਮਿੱਥ ਲਿਆ। ਜੁਝਾਰ ਕਾਵਿ ਦੇ ਸਮਰਥਕਾਂ ਵਲੋਂ ਅਪ੍ਰੈਲ 1972 ਵਿਚ ਰਾਮਪੁਰਾ ਫੂਲ ਵਿਖੇ

ਹੋਏ ਸਮਾਗਮ ਵਿਚ 'ਲੋਕ-ਲਿਖਾਰੀਆਂ ਨੂੰ ਆਪਣਾ ਮੂੰਹ ਪਿੰਡਾਂ ਵੱਲ ਮੋੜਨ' ਦਾ ਨਾਹਰਾ ਦਿੱਤਾ ਗਿਆ। ਇਸ ਪ੍ਰਸੰਗ ਵਿਚ ਜੁਝਾਰ ਕਵਿਤਾ ਦੇ ਸਿਧਾਂਤਕਾਰ ਡਾ: ਸੁਰਿੰਦਰ ਸਿੰਘ ਦੁਸਾਂਝ ਦੀ ਦੀ ਇਹ ਟਿੱਪਣੀ ਧਿਆਨਯੋਗ ਹੈ, "ਪੰਜਾਬੀ ਵਿਚ ਜਿਹੜੇ ਸਾਹਿਤਕਾਰਾਂ ਨੇ ਲੋਕ ਚੁਣੇ ਹਨ, ਉਹਨਾਂ ਦਾ ਮੂੰਹ ਪਿੰਡਾਂ ਵੱਲ ਹੈ, ਜਿੰਨ੍ਹਾਂ ਨੇ ਦਰਬਾਰ ਚੁਣੇ ਹਨ ਉਹਨਾਂ ਦਾ ਮੂੰਹ ਸ਼ਹਿਰਾਂ ਹੈ।" **ਲਕੀਰ, ਮਈ-ਜੂਨ 1973, ਪੰਨਾ 10)** ਪਿੰਡ ਅਤੇ ਸ਼ਹਿਰ ਨੂੰ ਇਕ ਦੂਜੇ ਦਾ ਵਿਰੋਧੀ ਅਤੇ ਮਹਿਜ਼ ਪੇਂਡੂ ਜੀਵਨ ਦੇ ਯਥਾਰਥਕ ਚਿਤਰਣ ਨੂੰ ਹੀ ਇਨਕਲਾਬੀ ਕੰਮ ਮੰਨ ਲੈਣ ਦੀ ਇਸ ਸਿੱਧੜ ਧਾਰਨਾ ਦਾਂ ਇਕ ਕਾਰਨ ਤਾਂ ਇਹ ਹੈ ਕਿ ਪੰਜਾਬ ਵਿਚ ਨਕਸਲਵਾੜੀ ਲਹਿਰ ਦੀ ਸ਼ਾਖ ਪੇਂਡੂ ਮੱਧ-ਵਰਗ ਵਿਚ ਹੀ ਸੀ, ਜਿਸਨੂੰ ਜੱਥੇਬੰਦ ਕਰਨਾ ਇਸ ਲਹਿਰ ਦੇ ਕਵੀਆਂ ਦਾ ਮੁੱਖ ਰਾਜਸੀ ਮਨੋਰਥ ਸੀ, ਦੂਜੇ ਯਥਾਰਥ ਬਾਰੇ ਸਿੱਧੜ, ਸਰਲ ਅਤੇ ਇਕ ਪਾਸੜ ਪਹੁੰਚ ਕਾਰਨ ਇਹ ਕਵੀ ਉਸ ਇਤਿਹਾਸਕ ਸਥਿਤੀ ਵਿਚ ਹੋ ਰਹੀਆਂ ਨਵੀਆਂ ਤਬਦੀਲੀਆਂ ਨੂੰ ਪਛਾਨਣ ਤੋਂ ਅਸਮਰਥ ਹੋਣ ਕਾਰਨ ਪਿੰਡ ਅਤੇ ਸ਼ਹਿਰ ਨੂੰ ਹੀ ਇਕ ਦੂਜੇ ਦੇ ਵਿਰੋਧ ਵਿਚ ਤਣੀਆਂ ਹਕੀਕਤਾਂ ਵਜੋਂ ਦੇਖਦੇ ਸਨ।

ਜੁਝਾਰ ਕਵੀਆਂ ਦੇ ਰਾਜਸੀ ਮਨੋਰਥ, ਨਕਸਲਵਾੜੀ ਲਹਿਰ ਦੇ ਤਜਰਬੇ ਤੋਂ ਪ੍ਰਾਪਤ ਰਾਜਸੀ ਸੂਝ, ਭਾਰਤ ਦੀ ਮੌਜੂਦਾ ਆਰਥਿਕ-ਸਮਾਜਿਕ ਵਿਵਸਥਾ ਬਾਰੇ ਨਕਸਲੀ ਲਹਿਰ ਦੇ ਵਿਸ਼ਲੇਸ਼ਣ ਤੇ ਰਾਜਸੀ ਨਿਰਣਿਆਂ ਅਤੇ ਸੰਸਾਰ ਕਮਿਊਨਿਸਟ ਲਹਿਰ ਤੇ ਕੌਮੀ ਮੁਕਤੀ ਅੰਦੋਲਨਾਂ 'ਚ ਉਭਰੇ ਖਾੜਕੂ ਰੁਝਾਨ ਨੇ ਜੁਝਾਰ ਕਵੀਆਂ ਦੀ ਕਾਵਿ-ਦ੍ਰਿਸ਼ਟੀ ਨੂੰ ਪ੍ਰਭਾਵਿਤ ਕੀਤਾ। ਜੁਝਾਰ ਕਵਿਤਾ ਵਿਚ ਸੱਤਾਧਾਰੀ ਕਾਂਗਰਸ ਤੇ ਉਸਦੀਆਂ ਸਹਿਯੋਗੀ ਤੇ ਵਿਰੋਧੀ ਬੁਰਜੂਆ ਪਾਰਟੀਆਂ ਦੇ ਨਾਲ-ਨਾਲ ਖੱਬੇ-ਪੱਖੀ ਪਾਰਟੀਆਂ ਦੀ ਆਲੋਚਨਾ ਵੀ ਪੂਰੀ ਨਫ਼ਰਤ, ਤਲਖੀ ਅਤੇ ਰੋਹ ਨਾਲ ਹੋਈ ਹੈ। ਸੱਤਾਧਾਰੀ ਵਰਗ ਅਤੇ ਬੁਰਜੂਆ ਪਾਰਟੀਆਂ ਨਾਲ ਜਮਾਤੀ ਹਿੱਤਾਂ ਦਾ ਸਿੱਧਾ ਟਕਰਾਉ ਪ੍ਰਚੰਡ ਰੋਹ ਅਤੇ ਹਿੰਸਕ ਵੰਗਾਰ ਦੇ ਰੂਪ ਵਿਚ ਰੂਪਮਾਨ ਹੋਇਆ ਹੈ। ਸਮਕਾਲੀ ਇਤਿਹਾਸਕ ਸਥਿਤੀ ਦੇ ਵਿਸ਼ਲੇਸ਼ਣ, ਭਾਰਤੀ ਸਟੇਟ ਤੇ ਉਸ ਉਪਰ ਕਾਬਜ਼ ਵਰਗ ਦੇ ਜਮਾਤੀ ਖਾਸੇ, ਸਿਆਸੀ ਸੰਘਰਸ਼ ਦੇ ਦਾਅ-ਪੇਚਾਂ ਅਤੇ ਕ੍ਰਾਂਤੀਕਾਰੀ ਸਰਗਰਮੀ ਲਈ ਵੱਖ-ਵੱਖ ਵਰਗਾਂ ਦੀ ਭੂਮਿਕਾ ਜਿਹੇ ਮੁੱਦਿਆਂ ਬਾਰੇ ਜੁਝਾਰ ਕਵੀਆਂ ਦਾ ਖੱਬੀ ਲਹਿਰ ਨਾਲ ਵਖਰੇਵਾਂ ਤਿੱਖੇ ਵਿਅੰਗ, ਨੀਵੇਂ ਪੱਧਰ ਦੀ ਦੂਸ਼ਣਬਾਜ਼ੀ ਅਤੇ ਰੋਹਮਈ ਸੰਵਾਦ ਦਾ ਰੂਪ ਧਾਰ ਕੇ ਉਜਾਗਰ ਹੋਇਆ ਹੈ। ਸੱਤਾਧਾਰੀ ਪੂੰਜੀਪਤੀ ਵਰਗ ਦੀ ਦਲਾਲ ਮਾਨਸਿਕਤਾ, ਕਿਰਤ ਦੇ ਸ਼ੋਸ਼ਣ ਤੇ ਦਮਨ ਦੀ ਲੋਕ-ਵਿਰੋਧੀ ਨੀਤੀ ਅਤੇ ਬੁਰਜੁਆਜ਼ੀ ਨਾਲ ਖੱਬੀਆਂ ਪਾਰਟੀਆਂ ਦੇ ਗੱਠਜੋੜ ਦੀ ਸੋਧਵਾਦੀ ਨੀਤੀ ਬਾਰੇ ਜੁਝਾਰ ਕਵੀਆਂ ਦੇ ਪ੍ਰਤਿਕਰਮ ਦੇ ਕੁਝ ਨਮੂਨੇ ਦੇਖਣੇ ਉਚਿਤ ਰਹਿਣਗੇ :

ਮੈਂ ਤੈਨੂੰ ਆਖ ਦਿੱਤਾ ਹੈ......
ਆਪਣੀ ਅਦਾ ਸੰਭਾਲ
ਤੇ ਆਪਣੇ ਇਸ ਗਊ ਵੱਛੇ ਨੂੰ
ਸਾਡੀਆਂ ਫਸਲਾਂ ਚੋਂ ਕੱਢ ਲੈ
ਤੂੰ ਫ਼ਸਲਾਂ ਸਾਡੀਆਂ ਚਾਰੇਂ
ਤੇ ਦੁੱਧ ਕਿਤੇ ਹੋਰ ਚੋ ਆਵੇਂ (ਕਰਤਾਰ ਕੈਂਥ)



—ਕਾਗਜ਼ਾਂ 'ਚ ਜਾਗੇ ਵਿਦਰੋਹ ਤਾਂ
ਤੁਸੀਂ ਕਈ ਵਾਰ ਤੱਕੇ ਨੇ
ਤੁਸੀਂ ਵੇਖੇ ਹੋਣੇ ਨੇ ਉਹ ਵੀ ਲੋਕ
ਜੋ ਰਾਵਣ ਦਾ ਸਿਰ ਲਾਹੁਣ ਦੀ
ਮਸ਼ਕ ਕਰਿਆ ਕਰਦੇ ਸੀ
ਇਕ ਦਿਨ ਆਇਆ ਜਦੋਂ ਕਿ ਉਹ
ਉਸਦਾ ਗਿਆਰਵਾਂ ਸਿਰ ਬਣਕੇ ਉਗ ਆਏ। (ਗੁਰਦੀਪ ਗਰੇਵਾਲ)

ਜੁਝਾਰ ਕਵਿਤਾ ਵਿਚ ਖੱਬੇ ਪੱਖੀ ਸਿਆਸੀ ਲਹਿਰ ਦੇ ਵਿਚਾਰਧਾਰਕ ਸੰਕਟ, ਬੌਧਿਕ ਖੜੋਤ 'ਤੇ ਬੁਰਜੂਆ ਢਾਂਚੇ 'ਚ ਮਾਮੂਲੀ ਸੁਧਾਰਾਂ ਦੁਆਰਾ ਸਥਾਪਤੀ ਨੂੰ ਜਿਉਂ ਦਾ ਤਿਉਂ ਕਾਇਮ ਰੱਖਣ ਦੇ ਸੋਧਵਾਦੀ ਰੁਝਾਨ ਦੀ ਉਸਾਰੂ ਆਲੋਚਨਾ ਵੀ ਹੋਈ ਹੈ, ਪਰ ਇਹ ਅਕਸਰ ਹਲਕੀ ਦੂਸ਼ਣਬਾਜ਼ੀ ਦਾ ਰੂਪ ਧਾਰ ਜਾਂਦੀ ਰਹੀ ਹੈ। ਨਕਸਲਬਾੜੀ ਲਹਿਰ ਦੇ ਆਤਮ-ਵਿਸ਼ਲੇਸ਼ਣ ਸਮੇਂ ਵੀ ਵਿਅਕਤੀਗਤ ਤੁਹਮਤਬਾਜ਼ੀ ਵਾਲੇ ਬੋਲ-ਕੁਬੋਲ ਸੁਣਾਈ ਦੇ ਜਾਂਦੇ ਹਨ—ਤਲਵਾਰਾਂ ਦੀ ਚਰਚਾ ਕੀਤੀ, ਪਰ ਤਲਵਾਰ ਉਠਾਈ ਨਾ—ਬਿਜਲੀ ਨੂੰ ਅੱਖ ਮਾਰਨ ਵਾਲੀ ਕਰਕੇ ਗੱਲ ਦਿਖਾਈ ਨਾ।" (ਹਰਭਜਨ ਹੁੰਦਲ) ਸਮਝੌਤਾਵਾਦੀ ਨੀਤੀ ਕਾਰਨ ਕਮਿਊਨਿਸਟ ਪਾਰਟੀਆਂ ਲਈ––'ਕਾਗਜ਼ੀ ਸ਼ੇਰ', 'ਸਿੰਘਾਸਣ ਦੇ ਪੌਡੇ (ਪਾਸ਼)', 'ਮਰਿਆ ਹੋਇਆ ਚੰਨ' (ਉਦਾਸੀ), 'ਰਾਵਣ ਦਾ ਗਿਆਰਵਾਂ ਸਿਰ' 'ਪੇਸ਼ਾਵਰ ਮਿਰਾਸਣਾਂ' (ਗੁਰਦੀਪ ਗਰੇਵਾਲ), 'ਬਣੌਟੀ ਰਾਮ/ ਲਛਮਣ' (ਇਕਬਾਲ ਰਾਮੂਵਾਲੀਆ)—ਆਦਿ ਵਿਸ਼ਲੇਸ਼ਣਾਂ ਦਾ ਵਿਅੰਗਾਰਥੀ ਪ੍ਰਯੋਗ ਹੋਇਆ ਹੈ। ਖੱਬੇ ਪੱਖੀ ਲਹਿਰ ਪ੍ਰਤੀ ਇਹ ਤੁਹਮਤਬਾਜ਼ੀ ਜੁਝਾਰ ਕਵੀਆ ਦੀ ਉਸ ਅਵਿਗਿਆਨਕ ਪਹੁੰਚ ਦਾ ਸਿੱਟਾ ਹੈ ਜੋ ਅੰਤਰ-ਰਾਸ਼ਟਰੀ ਪੱਧਰ ਉਪਰ ਅਮਰੀਕਨ ਸਾਮਰਾਜ ਅਤੇ ਸੋਵੀਅਤ ਰੂਸ ਦੇ ਕਿਰਦਾਰ ਅਤੇ ਰਾਸ਼ਟਰੀ ਪੱਧਰ ਤੇ ਕਾਂਗਰਸ ਤੇ ਕਮਿਊਨਿਸਟ ਪਾਰਟੀਆਂ ਦੇ ਜਮਾਤੀ ਖ਼ਾਸੇ ਨੂੰ ਇਕੋ ਜਿਹਾ ਸਮਝਦੀ ਸੀ। ਸਿਆਸੀ ਪਿੜ ਅੰਦਰ ਨਕਸਲਬਾੜੀ ਲਹਿਰ ਦੀ ਸਫ਼ਲਤਾ ਜਾਂ ਅਸਫ਼ਲਤਾ ਤੇ ਰਾਜਨੀਤਕ ਨਿਰਣਿਆਂ ਦਾ ਵਿਸ਼ਲੇਸ਼ਣ ਭਾਵੇਂ ਸਾਡੇ ਅਧਿਐਨ ਦਾਂ ਵਿਸ਼ਾ ਨਹੀਂ, ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹਨਾਂ ਸਿਆਸੀ ਨਿਰਣਿਆਂ ਨੇ ਜੁਝਾਰ ਕਵਿਤਾ ਦੇ ਕਾਵਿ-ਵਸਤੂ ਅਤੇ ਕਾਵਿ-ਸ਼ਾਸਤਰੀ ਚਿੰਤਨ ਨੂੰ ਇਕ ਨਵਾਂ ਵਿਚਾਰਧਾਰਕ ਪਰਿਪੇਖ ਪ੍ਰਦਾਨ ਕੀਤਾ। ਸ਼ਾਇਦ ਇਸੇ ਲਈ ਕੁਝ ਆਲੋਚਕਾਂ ਦਾ ਇਹ ਕਹਿਣਾ ਜਾਇਜ਼ ਹੈ ਕਿ ਨਕਸਲਵਾਦੀ ਰਾਜਨੀਤੀ ਨੂੰ ਸਲਾਹੁਣ ਜਾਂ ਨਿੰਦਣ ਤੋਂ ਬਿਨਾਂ ਜੁਝਾਰ ਕਵਿਤਾ ਸਲਾਹੀ ਜਾਂ ਨਿੰਦੀ ਨਹੀਂ ਜਾ ਸਕਦੀ।

ਭਾਵੇਂ ਜੁਝਾਰ ਕਵਿਤਾ ਨਕਸਲਬਾੜੀ ਲਹਿਰ ਦੇ ਰਾਜਨੀਤਿਕ ਨਿਰਣਿਆਂ ਦੀ ਕਾਵਿਕ ਦਸਤਾਵੇਜ਼ ਨਹੀਂ, ਪਰ ਫੇਰ ਵੀ ਇਸਦਾ ਵਡੇਰਾ ਹਿੱਸਾ ਨਕਸਲਵਾਦੀ ਰਾਜਨੀਤੀ ਤੋਂ ਆਪਣੀ ਵਿਚਾਰਧਾਰਕ ਸੇਧ ਪ੍ਰਾਪਤ ਕਰਦਾ ਰਿਹਾ ਹੈ। ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਹੀ ਜੁਝਾਰ ਕਵੀਆਂ ਨੇ ਇਹ ਸਵੀਕਾਰ ਕੀਤਾ ਕਿ ਸੱਤਾਧਾਰੀ ਪੂੰਜੀਪਤੀ ਵਰਗ ਬਦੇਸ਼ੀ ਸਾਮਰਾਜ ਦਾ ਦਲਾਲ ਹੈ ਜਿਸਦੇ ਨੇਤਰਤਵ ਅਧੀਨ ਭਾਰਤ ਵਿਚ ਪੂੰਜੀਵਾਦੀ ਵਿਕਾਸ ਦੀਆਂ ਹੋਰ ਸੰਭਾਵਨਾਵਾਂ

ਬਿਲਕੁਲ ਖਤਮ ਹੋ ਚੁੱਕੀਆਂ ਹਨ। ਇਤਿਹਾਸਕ ਤੌਰ ਤੇ ਮਰਨ ਕਿਨਾਰੇ ਪਹੁੰਚੀ ਇਸ ਬੁਰਜੂਆ ਵਿਵਸਥਾ ਵਿਚ ਪੂੰਜੀਪਤੀ ਅਤੇ ਕਿਰਤੀ ਵਰਗ ਦਾ ਜਮਾਤੀ ਟਕਰਾਉ ਫ਼ੈਸਲਾਕੁਨ ਸਥਿਤੀ ਵਿਚ ਪਹੁੰਚਿਆ ਹੋਇਆ ਹੈ। ਇੰਜ ਜਮਾਤੀ ਟੱਕਰ ਨੂੰ ਵਾਸਤਵਿਕਤਾ ਤੋਂ ਵਧੇਰੇ ਪ੍ਰਚੰਡ ਹੋਈ ਅਤੇ ਕਿਰਤੀ ਵਰਗ ਨੂੰ ਇਸ ਇਤਿਹਾਸਕ ਸਥਿਤੀ ਤੋਂ ਚੇਤੰਨ ਅਤੇ ਸੰਘਰਸ਼ ਲਈ ਲਾਮਬੰਦ ਹੋਇਆ ਮੰਨ ਕੇ ਜੁਝਾਰ ਕਵੀਆਂ ਨੇ ਇਕ ਪਾਸੇ ਹਥਿਆਰਬੰਦ ਗੁਰੀਲਾ ਸੰਘਰਸ਼ ਦਾ ਨਾਹਰਾ ਦੇ ਦਿੱਤਾ ਅਤੇ ਦੂਜੇ ਪਾਸੇ ਸਭਿਆਚਾਰਕ ਖੇਤਰ ਵਿਚ ਬੁਰਜੂਆ ਕੀਮਤਾਂ ਉੱਤੇ ਉਸਰੇ ਢਾਂਚੇ ਨੂੰ ਮੁੱਢੋਂ ਖਤਮ ਕਰਕੇ ਪ੍ਰੋਲੇਤਾਰੀ ਸਭਿਆਚਾਰ ਦੀ ਸਿਰਜਨਾ ਲਈ 'ਕਲਮ ਦੇ ਯੋਧਿਆਂ' ਨੂੰ ਲੋਕਾਂ ਤੇ ਗੁਰੀਲਿਆਂ ਵਿਚਕਾਰ ਪੁਲ ਬਣਨ ਦਾ ਸੱਦਾ ਦੇ ਦਿੱਤਾ। ਇਸ ਯੁੱਗ ਨੂੰ 'ਵੀਤਨਾਮ ਦਾ ਯੁੱਗ' (ਪਾਸ਼), ਜਾਂ 'ਬੰਬਾਂ ਦਾ ਯੁੱਗ' (ਕਰਤਾਰ ਕੈਂਥ) ਕਹਿ ਕੇ ਰਾਜਨੀਤੀ ਵਾਂਗ ਕਵਿਤਾ ਦੇ ਖੇਤਰ ਵਿਚ ਵੀ 'ਵੰਡਵੀਂ ਲਕੀਰ' ਖਿੱਚਣ ਦਾ ਐਲਾਨ ਕਰ ਦਿੱਤਾ ਗਿਆ। ਜੁਝਾਰ ਕਵੀਆਂ ਦੀ ਚੋਣਵੀਂ ਕਵਿਤਾ ਦੇ ਪਹਿਲੇ ਹੀ ਸੰਗ੍ਰਹਿ **'ਮਿੱਟੀ ਦਾ ਰੰਗ'** (1970) ਦੀ ਭੂਮਿਕਾ ਵਿਚ ਅਮਰਜੀਤ ਚੰਦਨ ਨੇ ਲਿਖਿਆ ਸੀ:

> ਨਕਸਲਬਾੜੀ ਲਹਿਰ ਨਾਲ ਭਾਰਤ ਵਿਚ ਜਿੱਥੇ ਰਾਜਨੀਤਕ ਖੇਤਰ ਵਿਚ ਵੰਡਵੀਂ ਲਕੀਰ ਖਿੱਚੀ ਜਾ ਚੁੱਕੀ ਹੈ, ਉਥੇ ਸਾਡੀ ਜ਼ਿੰਦਗੀ ਦੇ ਹਰ ਪੱਖ ਵਿਚ ਆ ਚੁੱਕੀ ਬੁਰਜ਼ਵਾ ਗਿਰਾਵਟ ਨੂੰ ਵੀ ਠੱਲ੍ਹ ਪਈ ਹੈ। ਸਭਿਆਚਾਰਕ ਖੇਤਰ ਵਿਚ (ਜਿੰਨ੍ਹਾਂ) ਮਖੌਟਾਧਾਰੀ ਸਾਹਿਤਕ ਮਸੰਦਾਂ ਦੀ ਚੜ੍ਹ ਮੱਚੀ ਰਹੀ, ਉਹ ਹੁਣ ਪੂਰੀ ਤਰ੍ਹਾਂ ਬੇਨਕਾਬ ਹੋ ਚੁੱਕੇ ਹਨ। ਵੀਹਵੀਂ ਸਦੀ ਦੇ ਮਨੁੱਖ ਦੀ ਸਭ ਤੋਂ ਮਹਾਨ ਲੱਭਤ —'ਲੋਕ-ਯੁੱਧ' ਵਿਚ ਹਿੱਸਾ ਪਾਉਣ ਲਈ ਕਲਮ ਤੇ ਬੰਦੂਕ ਦੇ ਯੋਧੇ ਰਣ-ਖੇਤਰ ਵਿਚ ਕੁੱਦ ਰਹੇ ਹਨ ਅਤੇ ਇਹ ਸਿਲਸਿਲਾ ਅੰਤਿਮ ਜਿੱਤ ਤੱਕ ਬਣਿਆ ਰਹੇਗਾ।

ਲੋਕ-ਯੁੱਧ ਵਿਚ 'ਬੰਦੂਕ ਦੇ ਯੋਧੇ' ਵਾਂਗ ਸਰਗਰਮ ਭੂਮਿਕਾ ਨਿਭਾਉਣ ਦੀ ਕਵੀ ਦੀ ਇਸ ਨਵੀਂ ਜ਼ਿੰਮੇਵਾਰੀ ਨੇ ਕਾਵਿ ਅਤੇ ਯਥਾਰਥ ਦੇ ਸੰਬੰਧਾਂ ਬਾਰੇ ਪਰੰਪਰਕ ਧਾਰਨਾ ਨੂੰ ਇਕ ਨਵਾਂ ਪਰਿਪੇਖ ਪ੍ਰਦਾਨ ਕੀਤਾ। ਜੁਝਾਰ ਕਵਿਤਾ ਵਿਚ ਕਾਵਿ ਨੂੰ ਯਥਾਰਥ ਦੇ ਪ੍ਰਗਟਾ ਮਾਧਿਅਮ ਦੀ ਥਾਂ ਯਥਾਰਥ ਨੂੰ ਗਤੀਸ਼ੀਲ ਕਰਨ ਜਾਂ ਕ੍ਰਾਂਤੀਕਾਰੀ ਦਿਸ਼ਾ ਪ੍ਰਦਾਨ ਕਰਨ ਵਾਲੇ ਵਿਚਾਰਧਾਰਕ ਸਾਧਨ ਵਜੋਂ ਹੀ ਸਵੀਕਾਰਿਆ ਗਿਆ ਹੈ।

ਪੂੰਜੀਪਤੀ ਅਤੇ ਕਿਰਤੀ ਵਰਗ ਵਿਚਕਾਰ ਲੋਕ-ਯੁੱਧ ਦਾ ਨਿਰਣਾਇਕ ਸਥਿਤੀ ਵਿਚ ਪਹੁੰਚੇ ਹੋਣ ਦਾ ਐਲਾਨ ਸਮਕਾਲੀ ਸਥਿਤੀ ਦੇ ਇਤਿਹਾਸਕ ਵਿਵੇਕ ਨਾਲੋਂ ਵਧੇਰੇ ਜੁਝਾਰ ਕਵੀਆਂ ਦੀ ਕ੍ਰਾਂਤੀਕਾਰੀ ਰੁਮਾਂਸ ਭਾਵਨਾ ਉੱਤੇ ਆਧਾਰਿਤ ਸੀ, ਜਿਸ ਨੇ ਨਿਰਸੰਦੇਹ, ਜੁਝਾਰ ਕਵੀਆਂ ਦੀ ਯਥਾਰਥ ਪ੍ਰਤੀ ਦ੍ਰਿਸ਼ਟੀ ਨੂੰ ਪ੍ਰਭਾਵਿਤ ਤੇ ਸੀਮਤ ਕੀਤਾ। ਪੂਰਵਲੀ ਪ੍ਰਗਤੀਵਾਦੀ ਕਵਿਤਾ ਵਾਂਗ ਜੁਝਾਰ ਕਵਿਤਾ ਵਿਚ ਵੀ ਆਰਥਿਕ ਸ਼ੋਸ਼ਣ ਤੇ ਹਰ ਤਰ੍ਹਾਂ ਦਾ ਦਮਨ ਸਹਿੰਦੀ ਵਿਗੋਚਿਆਂ ਮਾਰੀ ਲੋਕਾਈ ਦੇ ਨਰਕ ਬਣੇ ਜੀਵਨ ਦਾ ਤ੍ਰਾਸਦ-ਚਿਤਰ ਅਤੇ ਸੰਭਾਵੀ ਭਵਿੱਖ ਵਿਚ ਉਸ ਦੀ ਜਿੱਤ ਦਾ ਸੁਪਨਾ-ਚਿਤਰ ਇਕੋ ਜਿੰਨੀ ਸ਼ਿੱਦਤ ਨਾਲ ਰੂਪਮਾਨ ਹੋਏ ਹਨ। ਜੁਝਾਰ ਕਵਿਤਾ ਵਿਚ ਥੁੜਾਂ ਮਾਰੀ ਕਿਸਾਨੀ ਅਤੇ ਦਲਿਤ ਵਰਗ ਦੀ ਅਣ ਮਨੁੱਖੀ 'ਨਰਕੀ ਜੂਨ' ਦਾ ਚਿਤਰਣ ਨਾ



ਅੰਮ੍ਰਿਤਾ—ਮੋਹਨ ਸਿੰਘ ਕਾਵਿ-ਧਾਰਾ ਵਾਲੀ ਤਰਸ ਭਾਵਨਾ ਨਾਲ ਹੋਇਆ ਹੈ ਜੋ ਸਮੁੱਚੇ ਕਿਰਤੀ ਵਰਗ ਨੂੰ ਕਰੁਣਾ-ਜਾਚਕ ਮਨੁੱਖ ਬਣਾ ਦਿੰਦੀ ਹੈ ਅਤੇ ਨਾ ਹੀ ਪ੍ਰੋ: ਪੂਰਨ ਸਿੰਘ ਤੇ ਧਨੀ ਰਾਮ ਚਾਤ੍ਰਿਕ ਵਾਲੀ ਪੀੜ੍ਹੀ ਦੀ ਉਸ ਰੁਮਾਂਸ ਭਾਵਨਾ ਦੁਆਰਾ ਜੋ ਕਿਰਤੀ ਵਰਗ ਨੂੰ 'ਸੁਰਗੀ-ਜੀਊੜੇ' ਕਹਿ ਕੇ ਜੀਵਨ ਦੇ ਤ੍ਰਾਸਦ ਸੱਚ ਉਪਰ ਰੁਮਾਂਸ ਦੀ ਪੁੱਠ ਚਾੜ੍ਹ ਦਿੰਦੀ ਹੈ। ਆਰਥਿਕ ਸ਼ੋਸ਼ਣ ਅਤੇ ਹਰ ਤਰ੍ਹਾਂ ਦਾ ਦਮਨ ਸਹਿੰਦੀ ਕਿਰਤੀ ਵਰਗ ਦੀ 'ਪਸ਼ੂ-ਜੂਨ' ਦਾ ਸਟੀਕ ਚਿੱਤਰ ਜੁਝਾਰ ਕਵੀਆਂ ਦੀ ਇਤਿਹਾਸ ਮੁੱਖ ਚੇਤਨਾ ਦਾ ਪ੍ਰਮਾਣ ਹੈ, ਜਿਸ ਦਾ ਇਕ ਸਿਰਾ ਵਸਤੂ-ਯਥਾਰਥ ਦੇ ਵਿਵੇਕ ਅਤੇ ਦੂਜਾ ਕ੍ਰਾਂਤੀਕਾਰੀ ਰੁਮਾਂਟਿਕ ਸੰਵੇਦਨਾ ਨਾਲ ਜੁੜਿਆ ਹੋਇਆ ਹੈ। ਜਿਵੇਂ :—

—ਮੇਰੇ ਜਹੇ ਲੋਕਾਂ ਦੀ ਬਹੁ-ਗਿਣਤੀ
ਇਉਂ ਹੀ ਕੀੜਿਆਂ ਦੇ ਭੌਣ ਉੱਤੇ ਖੜ੍ਹੀ ਹੈ......
ਮੈਂ ਉਹਨਾਂ ਵਿਚ ਸ਼ਾਮਲ ਹਾਂ/ਜਿਨ੍ਹਾਂ ਲੋਕਾਂ ਦੇ ਘਰ ਵਿਚ
ਸੱਖਣੇ ਭਾਂਡੇ, ਬੁਝੇ ਚੁੱਲ੍ਹੇ/ਸਦਾ ਹੀ ਦਾਣਿਆਂ ਦੀ ਮੁੱਠ ਨੂੰ
ਤੇ ਅੱਗ ਨੂੰ ਵੀ ਤਰਸਦੇ ਰਹਿੰਦੇ......
ਇਹ ਗੁੱਲਮੋਹਰ ਦੇ ਫੁੱਲਾਂ ਵਰਗੀਆਂ ਕੁੜੀਆਂ
ਜੋ ਗ਼ਮ ਦੇ ਨਾਲ/ਅਮਲਤਾਸ ਹੋ ਗਈਆਂ
ਇਹ ਅੰਗੂਰਾਂ ਜਹੇ ਬੱਚੇ/ਜੋ ਭੁੱਖੇ ਨੇ ਅੱਜ
ਹਰੜਾਂ ਬਣਾ ਦਿੱਤੇ......

—ਮੈਂ ਉਹਨਾਂ ਲੋਕਾਂ 'ਚ ਸ਼ਾਮਿਲ ਹਾਂ/ਜਿਨ੍ਹਾਂ ਨੇ ਰੇਡੀਓ ਤੋਂ
ਕਾਲੀਆਂ ਭੇਡਾਂ ਦੇ/ਸਿਰ ਪਹਿਚਾਣ ਕੇ
ਲੋਕਾਂ 'ਚ ਗਲ ਤੋਰੀ/ਤੇ ਸੂਲੀ ਦੀ ਕਸਮ ਖਾਧੀ
ਕਿ ਇਹਨਾਂ ਕਾਲੀਆਂ ਭੇਡਾਂ ਨੂੰ
ਖੇਤਾਂ ਦਾ ਹਰਾ ਘਾਹ ਖਾਣ ਨਹੀਂ ਦੇਣਾ
ਤੇ ਹੱਦਾਂ ਵੱਲ ਪਿੱਠ ਕਰਕੇ/ਰਫਲ ਦਾ ਰੁੱਖ ਬਦਲਿਆ ਹੈ।

(ਜਗਤਾਰ)

ਕਿਰਤੀ ਵਰਗ ਦੀ 'ਕੀੜਿਆਂ ਦੇ ਭੌਣ ਤੇ ਖੜ੍ਹਨ' ਵਰਗੀ ਜ਼ਿੰਦਗੀ ਦਾ ਇਹ ਅਹਿਸਾਸ ਹੀ ਇਸ ਤ੍ਰਾਸਦ ਸਥਿਤੀ ਨੂੰ ਬਦਲਣ ਦੀ ਪ੍ਰੇਰਨਾ ਬਣਦਾ ਹੈ। ਸਮਕਾਲੀ ਸਥਿਤੀ ਦਾ ਇਹ ਤ੍ਰਾਸਦ-ਬੋਧ ਜੁਝਾਰ ਕਵਿਤਾ ਵਿਚ ਇਕ ਪਾਸੇ ਸਮੁੱਚੇ ਬੁਰਜੂਆ ਢਾਂਚੇ ਪ੍ਰਤੀ ਅਤਿ ਦੀ ਨਫ਼ਰਤ, ਰੋਹ ਅਤੇ ਬੇਪ੍ਰਤੀਤੀ ਦੇ ਭਾਵ ਜਗਾਉਂਦਾ ਹੈ ਅਤੇ ਦੂਜੇ ਪਾਸੇ ਦਮਨਕਾਰੀ ਸਥਾਪਤੀ ਨੂੰ ਤਹਿਸ-ਨਹਿਸ ਕਰਨ ਲਈ ਹਥਿਆਰ-ਬੰਦ ਗੁਰੀਲਾ ਯੁੱਧ ਦੀ ਇਤਿਹਾਸਕ ਲੋੜ ਉਪਰ ਜ਼ੋਰ ਦਿੰਦਾ ਹੈ। ਇਹੀ ਕਾਰਨ ਹੈ ਕਿ ਜੁਝਾਰ ਕਵਿਤਾ ਵਿਚ ਦਮਨ ਤੇ ਸ਼ੋਸ਼ਣ ਦੇ ਖਿਲਾਫ ਉਠਿਆ ਕਿਰਤੀ ਹੱਥ ਕਰੁਣਾ-ਜਾਚਨਾ ਦੀ ਬਜਾਏ ਤਲਵਾਰ ਜਾਂ ਬੰਦੂਕ ਉਪਰ ਜਾ ਟਿਕਦਾ ਹੈ। ਜੁਝਾਰ ਕਵਿਤਾ ਵਿਚ ਕਲਮ ਤੇ ਹਥਿਆਰ ਅਤੇ ਕਵੀ ਤੇ ਗੁਰੀਲਾ ਅਕਸਰ ਇਕ ਦੂਜੇ ਨਾਲ ਅਭੇਦ ਹੋਏ ਨਜ਼ਰ ਆਉਂਦੇ ਹਨ। ਸਮਕਾਲੀ ਇਤਿਹਾਸਕ ਸਥਿਤੀ ਨੂੰ ਹਥਿਆਰ-ਬੰਦ ਗੁਰੀਲਾ ਸੰਘਰਸ਼ ਲਈ ਐਨ ਢੁੱਕਵਾਂ ਸਮਾਂ

ਮੰਨਣ ਦੀ ਧਾਰਨਾ ਵਸਤੂ-ਯਥਾਰਥ ਦੇ ਸੱਚ ਨਾਲੋਂ ਵਧੇਰੇ ਜੁਝਾਰ ਕਵੀਆਂ ਦੀ ਕ੍ਰਾਂਤੀਕਾਰੀ ਰੁਮਾਂਸ ਭਾਵਨਾ ਦਾ ਪ੍ਰਮਾਣ ਹੈ, ਜੋ ਪਸ਼ੂ-ਜੂਨ ਭੋਗਦੇ ਬੰਦੇ ਦੀ ਮੁਕਤੀ ਲਈ ਖ਼ੁਦ ਗੁਰੀਲੇ ਵਾਲੀ ਭੂਮਿਕਾ ਨਿਭਾਉਣ ਲਈ ਤੱਤਪਰ ਹਨ। ਜੁਝਾਰ ਕਵੀਆਂ ਦੀ ਇਸ ਰੁਮਾਂਟਿਕ ਕ੍ਰਾਂਤੀਕਾਰਤਾ ਨੂੰ ਜਸਵੀਰ ਸਿੰਘ ਆਹਲੂਵਾਲੀਆ ਵਾਂਗ 'ਵਿਅਕਤੀਗਤ ਸੂਰਮਗਤੀ ਦੀ ਹਉਮੈ' ਕਹਿ ਕੇ ਅਣਡਿੱਠ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸਮਕਾਲੀ ਸਥਿਤੀ ਵਿਚ ਪਸਰੇ ਗਤੀਰੋਧ ਨੂੰ ਵੰਗਾਰਨ ਲਈ ਇਸ ਰੁਮਾਂਸ-ਤੱਤ ਦਾ ਆਪਣਾ ਰਚਨਾਤਮਿਕ ਮਹੱਤਵ ਹੈ। ਵਸਤੂ-ਯਥਾਰਥ ਨਾਲ ਟਕਰਾਅ ਜਾਣ ਲਈ ਗੁਰੀਲੇ ਦੀ ਦ੍ਰਿੜ੍ਹਤਾ ਤੇ ਵੰਗਾਰ ਦੀ ਸੁਰ ਇਹਨਾਂ ਸਤਰਾਂ ਚੋਂ ਸਪਸ਼ਟ ਹੈ :—

—ਲੋਹੇ ਨੇ ਬੜਾ ਚਿਰ ਇੰਤਜ਼ਾਰ ਕੀਤਾ ਹੈ
ਕਿ ਲੋਹੇ ਤੇ ਨਿਰਭਰ ਲੋਕ
ਲੋਹੇ ਦੀਆਂ ਪੱਤੀਆਂ ਖਾ ਕੇ
ਖ਼ੁਦਕਸ਼ੀ ਕਰਨੋ ਹਟ ਜਾਣ
ਮਸ਼ੀਨਾਂ ਵਿਚ ਆ ਕੇ ਤੂੰਬਾ ਤੂੰਬਾ ਉਡਣ ਵਾਲੇ
ਲਾਵਾਰਸਾਂ ਦੀਆਂ ਤੀਵੀਂਆਂ
ਲੋਹੇ ਦੀਆਂ ਕੁਰਸੀਆਂ ਤੇ ਬੈਠੇ ਵਾਰਸਾਂ ਕੋਲ
ਕੱਪੜੇ ਤੱਕ ਵੀ ਆਪ ਲਾਹੁਣ ਲਈ ਮਜਬੂਰ ਨਾ ਹੋਣ
ਪਰ ਆਖ਼ਰ ਲੋਹੇ ਨੂੰ/ਪਸਤੌਲਾਂ, ਬੰਦੂਕਾਂ ਤੇ ਬੰਬਾਂ ਦੀ
ਸ਼ਕਲ ਇਖਤਿਆਰ ਕਰਨੀ ਪਈ ਹੈ।

(ਪਾਸ਼)

—ਹੱਥ ਅਜ ਤਲਵਾਰ ਤੱਕ ਹੈ ਪਹੁੰਚਿਆ
ਹੱਥ ਜਿਸ ਵਿਚ ਬੀਜ ਹਨ ਤੇ ਭੁਰ ਰਹੀ ਮਿੱਟੀ
ਹੱਥ ਜਿਸ ਵਿਚ ਕਹੀ ਹੈ ਨੇਰ੍ਹੇ ਨੂੰ ਪੁੱਟਦੀ
ਹੱਥ ਜੋ ਹੈ ਢਾਲ ਹਲ ਦਾ......
ਹੱਕ ਦਾ ਨਾਹਰਾ ਜਦੋਂ ਵੀ ਬਣ ਕੇ ਉਠਿਆ
ਹੱਥ ਇਹ ਵਿੰਨ੍ਹਿਆ ਗਿਆ ਗੋਲੀ ਦੇ ਨਾਲ
ਅੱਜ ਵੀ ਉਹੋ ਕਹਾਣੀ
ਫ਼ਰਕ ਬੱਸ ਏਨਾ ਕੁ ਹੈ—
ਲੁੱਟ ਗਾਂਧੀਵਾਦ ਦੀ ਹੈ ਗੱਲ ਕਰਦੀ
ਤੇ ਸੰਗੀਨਾਂ ਹਨ ਸੁਦੇਸ਼ੀ......
ਹੱਥ ਅੱਜ ਤਲਵਾਰ ਤੱਕ ਹੈ ਪਹੁੰਚਿਆ
ਜਾਂ ਖੜ੍ਹਾ ਹੈ ਖੇਤ ਦੀ ਵੱਟ ਤੇ ਰਫ਼ਲ ਫੜ ਕੇ
ਜਾਂ ਬੰਬਾਂ ਨਾਲ ਗੱਲਾਂ ਕਰਦਾ।

(ਸੁਖਬੀਰ)



ਹਥਿਆਰ-ਬੰਦ ਗੁਰੀਲਾ ਯੁੱਧ ਦਾ ਸੰਕਲਪ ਨਕਸਲਵਾੜੀ ਲਹਿਰ ਅਤੇ ਜੁਝਾਰ ਕਵਿਤਾ ਦਾ ਕੇਂਦਰੀ ਵਿਚਾਰਧਾਰਕ ਸੂਤਰ ਹੈ। ਇਸੇ ਲਈ ਜੁਝਾਰ ਕਵਿਤਾ ਵਿਚ 'ਹਥਿਆਰ', 'ਗੁਰੀਲਾ-ਯੁੱਧ' ਅਤੇ 'ਗੁਰੀਲਾ-ਨਾਇਕ' ਨੂੰ ਸ਼ੋਸ਼ਿਤ ਮਨੁੱਖ ਦੀ ਮੁਕਤੀ ਦੇ ਸਾਧਨ ਵਜੋਂ ਚਿਤਵਿਆ ਗਿਆ ਹੈ। ਹਥਿਆਰ, ਰਾਜਨੀਤਕ ਆਤੰਕ, ਹਿੰਸਾ ਅਤੇ ਗੁਰੀਲਾ ਯੁੱਧ ਕ੍ਰਾਂਤੀਕਾਰੀ ਸਮਾਜਕ ਪਰਿਵਰਤਨ ਦੇ ਉਦੇਸ਼ ਨਾਲ ਜੁੜ ਕੇ ਜੁਝਾਰ ਕਵਿਤਾ ਵਿਚ ਸਕਾਰਕ ਭੂਮਿਕਾ ਨਿਭਾਉਂਦੇ ਹਨ, ਭਾਵੇਂ ਕਈ ਥਾਈਂ ਇਹ ਰਾਜਨੀਤਕ ਹਿੰਸਾ ਦਿਸ਼ਾਹੀਣ ਆਤੰਕ ਦੇ ਬਿੰਬ ਵਜੋਂ ਵੀ ਪੇਸ਼ ਹੋਈ ਹੈ। ਜੁਝਾਰ ਕਵਿਤਾ ਦਾ ਨਾਇਕ ਹੰਭਿਆ ਹਾਰਿਆ ਲਾਚਾਰ ਕਿਰਤੀ ਨਹੀਂ, ਸਗੋਂ ਜਬਰ ਦੇ ਟਾਕਰੇ 'ਚ ਮਰ ਕੇ ਵੀ ਜ਼ਿੰਦਾ ਰਹਿਣ ਦੇ ਵਿਸ਼ਵਾਸ ਵਾਲਾ ਅਜੇਹਾ ਗੁਰੀਲਾ ਹੈ ਜੋ ਜਾਬਰ ਸੱਤਾ ਨਾਲ ਟਕਰਾਅ ਜਾਣ ਲਈ ਤਤਪਰ ਹੈ। ਸਾਹ-ਸਤ ਹੀਣ ਹੋਈ ਲੋਕਾਈ ਦੇ ਸਿਰੋਂ ਸਰਕਾਰੀ ਦਹਿਸ਼ਤ ਦੀ ਛੱਟ ਲਾਹੁਣ ਲਈ ਅਜੇਹੇ ਮਹਾਂਬਲੀ ਗੁਰੀਲੇ ਦੀ ਸਿਰਜਣਾ ਉਸ ਸਮੇਂ ਦੀ ਇਤਿਹਾਸਕ ਲੋੜ ਸੀ। ਗੁਰੀਲੇ ਨਾਇਕ ਦੀ ਸਿੰਘ-ਗਰਜਣਾ ਨੇ ਜੁਝਾਰ ਕਵਿਤਾ ਦੇ ਵਸਤੂ ਅਤੇ ਸੰਬੋਧਨ-ਸ਼ੈਲੀ ਦੋਹਾਂ ਨੂੰ ਪ੍ਰਭਾਵਿਤ ਕੀਤਾ। ਇਸੇ ਕਰਕੇ ਡਾ: ਕਰਮਜੀਤ ਸਿੰਘ 'ਗੁਰੀਲਾ ਨਾਇਕ ਅਤੇ ਗੁਰੀਲਾ ਯੁੱਧ ਨੂੰ ਜੁਝਾਰ ਕਵਿਤਾ ਦੀ ਇਨਕਲਾਬੀ ਚੇਤਨਾ ਦਾ ਮੁੱਖ ਵਿਚਾਰਧਾਰਾਈ ਅੰਗ' ਮੰਨਦਾ ਹੈ। (**ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ**, ਪੰਨਾ 226) ਜੁਝਾਰ ਕਵੀਆਂ ਦਾ ਹਿੰਸਾ ਰਾਹੀਂ ਮਨੁੱਖੀ ਸਮੱਸਿਆਵਾਂ ਦੇ ਸਮਾਧਾਨ ਦਾ ਸੰਕਲਪ ਮਾਓ-ਜ਼ੇ-ਤੁੰਗ ਦੇ ਰਾਜਸੀ ਸੂਤਰਾਂ, ਫੈਨਨ ਅਤੇ ਹਰਬਰਟ ਮਾਰਕੂਜ਼ ਜਿਹੇ ਦਾਰਸ਼ਨਿਕਾਂ ਦੇ ਮਾਨਵਵਾਦੀ ਚਿੰਤਨ ਅਤੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੇ ਰਾਜਨੀਤਕ ਆਤੰਕ ਦੇ ਸਿਧਾਂਤਾਂ ਤੋਂ ਪ੍ਰਭਾਵਿਤ ਹੈ। ਮਾਉ ਦਾ ਇਕ ਕਥਨ ਕਿ 'ਸੱਤਾ ਬੰਦੂਕ ਦੀ ਨਾਲੀ 'ਚੋਂ ਨਿਕਲਦੀ ਹੈ' ਨਕਸਲਬਾੜੀ ਲਹਿਰ ਅਤੇ ਜੁਝਾਰ ਕਵੀਆ ਦਾ ਮੂਲ ਵਿਚਾਰਧਾਰਕ ਵਿਸ਼ਵਾਸ ਹੈ। ਪ੍ਰਸਿੱਧ ਅਲਜੀਰੀਆਈ ਚਿੰਤਕ ਫੈਨਾਨ ਨੇ ਦਮਨ ਤੇ ਜ਼ਬਰ ਦੇ ਖਿਲਾਫ਼ ਹਥਿਆਰ-ਬੰਦ ਘੋਲ ਨੂੰ ਪਸ਼ੂਤਾ ਤੋਂ ਮਨੁੱਖਤਾ ਵੱਲ ਤੁਰਨ ਦਾ ਨਾਂ ਦਿੱਤਾ ਹੈ। ਡਾ: ਅਤਰ ਸਿੰਘ ਅਨੁਸਾਰ ਜੁਝਾਰ ਕਵਿਤਾ ਵਿਚ ਹਿੰਸਾ ਕੇਵਲ ਮਨੁੱਖੀ ਰਵਈਏ ਦੇ ਤੌਰ ਤੇ ਹੀ ਪੇਸ਼ ਨਹੀਂ ਹੋਈ, ਸਗੋਂ ਇਕ ਨੈਤਿਕ ਸਿਧਾਂਤ ਦੇ ਰੂਪ ਵਿਚ ਹੋਈ ਜਿਹੜਾ ਮਨੁੱਖ ਦੀ ਨਿਰੰਕੁਸ਼ ਸੁਤੰਤਰਤਾ ਦੀ ਅਕਾਂਖਿਆ ਕਰਦਾ ਹੈ। ਜੁਝਾਰ ਕਵੀਆਂ ਨੇ ਹਿੰਸਾ ਨੂੰ ਫੈਨਾਨ ਅਤੇ ਅਮਰੀਕਨ ਸਿੱਖਿਆ ਸ਼ਾਸਤਰੀ ਹਰਬਰਟ ਮਾਰਕੂਜ਼ ਦੇ ਅਰਥਾਂ ਵਿਚ 'ਸੰਪੂਰਨ ਮਨੁੱਖ' ਦੀ ਸਿਰਜਣਾ ਦੇ ਸਾਧਨ ਵਜੋਂ ਚਿਤਵਿਆ। (**ਸਮਦਰਸ਼ਨ**, ਪੰਨਾ 140) ਸੋ ਜੁਝਾਰ ਕਵਿਤਾ ਵਿਚ ਹਿੰਸਾ ਸਨਸਨੀ ਪੈਦਾ ਕਰਨ ਦੇ ਨਕਾਰਾਤਮਕ ਰੁਝਾਨ ਵਜੋਂ ਵੀ ਪੇਸ਼ ਹੋਈ ਹੈ ਅਤੇ ਸ਼ੋਸ਼ਣ ਤੇ ਦਮਨ ਤੋਂ ਮੁਕਤੀ ਦੁਆਰਾ ਆਦਰਸ਼ ਸਮਾਜ ਤੇ ਸੰਪੂਰਨ ਮਨੁੱਖ ਦੀ ਸਿਰਜਨਾ ਦੇ ਸਾਕਾਰਕ ਸਾਧਨ ਵਜੋਂ ਵੀ। ਦੋਹਾਂ ਰੁਚੀਆਂ ਦਾ ਪ੍ਰਮਾਣ ਇਹ ਸਤਰਾਂ ਹਨ :

—ਉਹ ਆ ਰਿਹਾ ਹੈ, ਉਹ ਆਏਗਾ, ਉਸ ਦੇ ਹੱਥ ਵਿਚ ਬੰਦੂਕ ਹੋਵੇਗੀ,
ਜਿਸ ਨੂੰ ਉਹ ਮਧੁਰ ਰਾਗਣੀਆਂ ਦਾ ਸਾਜ਼ ਕਹਿੰਦਾ ਹੈ
ਜਲਾ ਵਤਨ ਬੋਲਾਂ ਨੂੰ ਉਹਨਾਂ ਦਾ ਵਤਨ ਮਿਲੇਗਾ

ਇਕ ਨਹੀਂ, ਦੋ ਨਹੀਂ, ਕਿੰਨੇ ਹੀ ਵੀਤਨਾਮਾਂ ਵਿਚ
ਉਹ ਆਏਗਾ/ਭਵਿੱਖ ਸਾਡੇ ਕਦਮਾਂ 'ਚ ਹੋਏਗਾ।

(ਅਮਰਜੀਤ ਚੰਦਨ)

—ਇੰਚ ਇੰਚ ਮਿੱਟੀ ਕੁਚਲ ਦਿਆਂਗੇ,
ਜੰਗਲ 'ਚੋਂ ਚਲਾ ਦਿਆਂਗੇ ਐਟਮ-ਬੰਬ
ਤੇ ਅੱਗ 'ਚ ਡੂਬੋ ਦਿਆਂਗੇ ਧਰਮ ਪੋਥੀਆਂ
ਬਦਲਾ ਲਵਾਂਗੇ......
ਅਸੀਂ ਗੰਦੇ ਆਂਡਿਆਂ ਤੱਕ ਪੀ ਜਾਵਾਂਗੇ
ਤੇ ਹਰ ਸਵਾਲ ਦਾ ਜਵਾਬ ਲੱਭਾਂਗੇ ਤੋਪ ਦੀ ਅੱਗ 'ਚ।

(ਲੋਕ ਨਾਥ)

ਜੁਝਾਰ ਕਵੀਆਂ ਦੀ ਕ੍ਰਾਂਤੀ ਮੁੱਖ ਇਤਿਹਾਸਕ ਚੇਤੰਨਤਾ ਸਥਾਪਤੀ ਪ੍ਰਤੀ ਨਫ਼ਰਤ, ਰੋਹ ਅਤੇ ਬੇਪ੍ਰਤੀਤੀ ਦੇ ਰੂਪ ਵਿਚ ਉਜਾਗਰ ਹੋਈ। ਬੁਰਜੁਆ ਢਾਂਚੇ ਪ੍ਰਤੀ ਜੁਝਾਰ ਕਵੀਆਂ ਦਾ ਰੋਹ ਸਨਸਨੀ ਖੇਜ਼ ਮੁਹਾਵਰੇ ਤੇ ਰੌਦਰ ਭਾਸ਼ਾ ਵਿਚ ਪ੍ਰਗਟ ਹੋਇਆ। ਸਥਾਪਤ ਬੁਰਜ਼ੁਆ ਢਾਂਚੇ ਦੇ ਹਰ ਰੂਪ ਨੂੰ ਤਹਿਸ-ਨਹਿਸ ਕਰਨ ਲਈ ਜੁਝਾਰ ਕਵੀਆਂ ਨੇ ਸੁਚੇਤ ਤੌਰ ਤੇ ਸਥਾਪਤ ਕਦਰਾਂ-ਕੀਮਤਾਂ ਦਾ 'ਦਹਿਸ਼ਤੀ ਵਿਸਫੋਟ' ਕੀਤਾ। ਭਾਵੇਂ ਆਪਣੀ ਮੱਧ-ਸ਼੍ਰੇਣਿਕ ਦ੍ਰਿਸ਼ਟੀ ਤੇ ਜਗੀਰੂ ਭਾਵ—ਸੰਸਕਾਰਾਂ ਕਾਰਨ ਜੁਝਾਰ ਕਵੀ ਇਨਕਲਾਬੀ ਵਿਚਾਰਧਾਰਕ ਪੈਂਤੜੇ ਅਨੁਕੂਲ ਨਵੇਂ ਸਾਰਥਕ ਮੁੱਲਾਂ ਦੀ ਸਿਰਜਣਾ ਤੋਂ ਅਸਮਰਥ ਰਹੇ, ਪਰ ਫੇਰ ਵੀ ਇਹ ਕਵਿਤਾ ਸਥਾਪਤ ਬੁਰਜੁਆ ਸੱਭਿਆਚਾਰਕ ਮੁੱਲਾਂ, ਵਿਸ਼ਵਾਸਾਂ ਤੇ ਚਿੰਨ੍ਹਕਾਂ ਨੂੰ ਝੰਜੋੜ ਦੇਣ ਵਿਚ ਬੇਹੱਦ ਸਫਲ ਰਹੀ। ਇਸੇ ਲਈ ਡਾ: ਰਵਿੰਦਰ ਸਿੰਘ ਰਵੀ ਬੁਰਜ਼ੁਆ ਢਾਂਚੇ ਦੇ ਆਰਥਿਕ, ਰਾਜਨੀਤਕ, ਪ੍ਰਸ਼ਾਸਕੀ, ਕਾਨੂੰਨੀ, ਵਿਦਿਅਕ, ਧਾਰਮਿਕ, ਜਮਹੂਰੀ, ਵਿਚਾਰਧਾਰਕ ਤੇ ਸੁਹਜ-ਸ਼ਾਸਤਰੀ ਵਿਸ਼ਵਾਸਾਂ ਤੇ ਸੰਕਲਪਾਂ ਦੇ ਦਹਿਸ਼ਤੀ ਵਿਸਫੋਟ ਨੂੰ ਇਸ ਕਾਵਿ-ਧਾਰਾ ਦੀ ਮੌਲਿਕ ਪ੍ਰਾਪਤੀ ਕਹਿੰਦਾ ਹੈ। **(ਵਿਰਸਾ ਤੇ ਵਰਤਮਾਨ)** ਜੁਝਾਰ ਕਵਿਤਾ ਵਿਚ ਦੇਸ਼, ਦੇਸ਼-ਪਿਆਰ, ਭਾਰਤ, ਕੌਮੀਅਤ, ਜਮਹੂਰੀਅਤ, ਕਾਨੂੰਨ, ਸੰਵਿਧਾਨ, ਜੰਗ, ਅਮਨ, ਵੋਟ, ਪਾਰਲੀਮੈਂਟ, ਨਿਆਂ-ਪਾਲਕਾ, ਕੌਮੀ ਝੰਡਾ, ਸ਼ਹੀਦ, ਕਵਿਤਾ, ਸ਼ਬਦ, ਸੁਹਜ ਅਤੇ ਕਵੀ ਦੀ ਸੁਤੰਤਰਤਾ ਆਦਿ ਸ਼ਬਦਾਂ/ਸੰਕਲਪਾਂ ਦੇ ਸਥਾਪਿਤ ਅਰਥਾਂ ਨੂੰ ਤਨਜ਼ੀਆ ਅੰਦਾਜ਼ ਵਿਚ ਰੱਦ ਕੀਤਾ ਗਿਆ ਹੈ। ਸੰਵਿਧਾਨ, ਜੁਝਾਰ ਕਵੀਆਂ ਅਨੁਸਾਰ 'ਮਰ ਚੁੱਕੀ ਪੁਸਤਕ' ਹੈ, ਜਿਸ ਦੇ 'ਸ਼ਬਦਾਂ ਵਿਚ ਮੌਤ ਵਰਗੀ ਠੰਢ' ਹੈ। ਦੇਸ਼ 'ਘਰ ਵਰਗੀ ਪਵਿੱਤਰ ਸ਼ੈਅ ਨਹੀਂ, ਰੂਹ ਦੀ ਵਗਾਰ ਦਾ ਕਾਰਖਾਨਾ ਹੈ', 'ਭਾਰਤ ਸੋਨੇ ਦੀ ਨਹੀਂ ਮਿੱਟੀ ਦੀ ਚਿੜੀਆ' ਹੈ, 'ਕੌਮੀ ਝੰਡਾ ਤਿੰਨ ਥੱਕੇ ਹੋਏ ਰੰਗਾਂ ਦਾ ਨਾਂ ਹੈ' ਜਿਸ ਦੀ ਸ਼ਕਲ ਟੋਕੇ ਨਾਲ ਮਿਲਦੀ ਹੈ ਤੇ ਉਸ ਵਿਚਲੇ ਅਸ਼ੋਕ ਚੱਕਰ ਵਿਚ ਔਰੰਗਜ਼ੇਬ ਦੀ ਸ਼ੈਤਾਨ ਰੂਹ ਦਾ ਵਾਸਾ ਹੈ।' ਪਾਰਲੀਮੈਂਟ 'ਪੰਜ ਸੌ ਪੱਚੀ ਰੰਨਾਂ ਦਾ ਕੋਠਾ' ਹੈ, ਜਿਸ ਦੇ 'ਮੇਜ਼ਾਂ ਉੱਤੇ ਹਰਾਮ ਦੀ ਰੋਟੀ ਹਜ਼ਮ ਕਰਨ ਦੀ ਕਸਰਤ ਹੁੰਦੀ ਹੈ', 'ਵਿਰੋਧੀ ਸਿਆਸੀ ਪਾਰਟੀਆਂ 'ਪੇਸ਼ੇਵਰ ਮਿਰਾਸਣਾਂ' ਹਨ। ਸ਼ਾਂਤੀ 'ਚਗਲੇ ਹੋਏ ਵਿਦਵਾਨਾਂ ਦੇ ਮੂੰਹੋਂ ਡਿਗਦੀ ਰਾਲ ਹੈ।' ਵਿਦਿਆ 'ਮਨੁੱਖ ਦਾ ਤੀਜਾ ਨੇਤਰ ਨਹੀਂ, ਦੋ ਅੱਖਾਂ



ਦਾ ਟੀਰ ਹੈ। ਸੁਹਜ 'ਚਗਲੇ ਹੋਏ ਸੁਆਦਾਂ ਦਾ ਨਾਂ' ਹੈ। ਕਲਾ ਦਾ ਫੁੱਲ ਰਾਜਿਆਂ ਦੀ ਖਿੜਕੀ 'ਚ ਹੀ ਖਿੜਦਾ' ਹੈ ਅਤੇ ਕਵਿਤਾ 'ਅੰਬਾਂ ਵਰਗੀ ਦਿਸਦੀ ਹੋ ਕੇ ਅੱਕ-ਕੁਕੜੀ ਵਰਗੀ ਕੁਸੈਲੀ' ਹੈ।

—ਅਸੀਂ ਤਾਂ ਦੇਸ਼ ਨੂੰ ਸਮਝੇ ਸਾਂ ਘਰ ਵਰਗੀ ਪਵਿੱਤਰ ਸ਼ੈਅ......
ਪਰ ਜੇ ਦੇਸ਼/ਰੂਹ ਦੀ ਵਗਾਰ ਦਾ ਕੋਈ ਕਾਰਖਾਨਾ ਹੈ
ਪਰ ਜੇ ਦੇਸ਼ ਉੱਲੂ ਬਣਨ ਦਾ ਪ੍ਰਯੋਗ ਘਰ ਹੈ
ਤਾਂ ਸਾਨੂੰ ਉਸ ਤੋਂ ਖਤਰਾ ਹੈ......

(ਪਾਸ਼)

—ਜਮਹੂਰੀਅਤ ਇਥੇ ਬੇਲਾਗ ਕੰਜਰੀ ਹੈ
ਜੋ ਸੇਜ ਚੜ੍ਹਨ ਤੋਂ ਪਹਿਲਾਂ
ਬੇਝਿਜਕ ਦਾਮਨ ਪਸਾਰਦੀ ਹੈ......
ਰਾਜ ਸੱਤਾ ਲਾਸ਼ਾਂ ਢੋਣ ਵਾਲੀ ਰੇੜ੍ਹੀ ਹੈ
ਵਿਰੋਧੀ ਸਿਆਸੀ ਪਾਰਟੀਆਂ
ਪੇਸ਼ਾਵਰ ਮਿਰਾਸਣਾ ਹਨ
ਜੋ ਹਕੂਮਤ ਤੇ ਲੋਕਾਂ ਦੇ ਸੋਗ ਵੇਲੇ
ਛਾਤੀ ਪਿੱਟਦੀਆਂ ਹਨ
ਇਥੇ ਸੁਰੱਖਿਆ ਆਦਮੀ ਦੀ ਨਹੀਂ
ਸਿਰਫ ਸਰਹੱਦਾਂ ਦੀ ਹੁੰਦੀ ਹੈ।

(ਗੁਰਦੀਪ ਗਰੇਵਾਲ)

ਬੁਰਜ਼ੁਆ ਜੀਵਨ ਕੀਮਤਾਂ, ਵਿਸ਼ਵਾਸਾਂ ਅਤੇ ਚਿੰਨ੍ਹਕਾਂ ਦਾ ਇਹ ਸੁਚੇਤ ਨਕਾਰਣ ਦਰਅਸਲ ਸੱਤਾ ਉੱਤੇ ਕਾਬਜ਼ ਪੂੰਜੀਪਤੀ ਵਰਗ ਦੇ ਉਸ ਵਿਚਾਰਧਾਰਕ ਪੈਂਤੜੇ ਦਾ ਨਕਾਰਣ ਹੈ ਜਿਸ ਰਾਹੀਂ ਉਹ ਆਪਣੇ ਜਮਾਤੀ ਹਿੱਤਾਂ ਅਨੁਕੂਲ ਸਿਰਜੇ ਗਏ ਸੱਭਿਆਚਾਰਕ ਮੁੱਲਾਂ ਨੂੰ ਲੋਕਾਂ ਦੀ ਵਿਚਾਰਧਾਰਾ ਵਜੋਂ ਪੇਸ਼ ਕਰਦਾ ਹੈ। ਲੋਕ-ਚੇਤਨਾ ਉਤੋਂ ਕਾਬਜ਼ ਕਲਚਰ ਦੀ ਵਿਚਾਰਧਾਰਕ ਧੂੜ ਲਾਹੁਣ ਦੇ ਸੁਚੇਤ ਕ੍ਰਾਂਤੀਕਾਰੀ ਯਤਨ ਕਾਰਨ ਹੀ ਗੁਰਬਚਨ ਜੁਝਾਰ ਕਵਿਤਾ ਨੂੰ 'ਕਾਊਂਟਰ ਕਲਚਰ ਦੀ ਸਿਰਜਣਾ ਵਾਲਾ ਕਾਵਿ-ਉਚਾਰ' ਜਾਂ 'ਸੱਭਿਆਚਾਰਕ ਵਿਸਫੋਟ ਕਹਿ ਕੇ ਵਡਿਆਉਂਦਾ ਹੈ। **(ਚਿਹਨ, ਸੰਰਚਨਾ ਅਤੇ ਮਾਰਕਸਵਾਦ)**

—ਚਲਦਾ—

## ਵਾਦ-ਵਿਵਾਦ :

ਪਿਆਰੇ ਹੁੰਦਲ ਜੀ,

ਮੈਂ ਅਕਤੂਬਰ-ਦਸੰਬਰ 1995 ਦੇ "ਚਿਰਾਗ਼" ਵਿਚ ਪ੍ਰਕਾਸ਼ਤ ਖ਼ਤ "ਮਾਰਕਸਵਾਦ ਬਨਾਮ ਪ੍ਰੀਤਮ ਸਿੰਘ" ਬੜੇ ਗਹੁ ਨਾਲ ਪੜ੍ਹਿਆ ਹੈ, ਪਰ ਸਿਵਾਏ ਗਾਲੀ ਗਲੋਚ ਤੇ ਜ਼ੋਰ ਦੇਣ ਦੇ ਸੂਫੀ ਅਮਰਜੀਤ ਤੋਂ ਕੁਝ ਬਣਿਆ ਸਰਿਆ ਨਹੀਂ। ਸ਼ਾਇਦ ਮਾਰਕਸਵਾਦ ਦੀ ਹਮਾਇਤ ਉਨ੍ਹਾ ਦੀ ਜਾਚੇ ਇਸੇ ਢੰਗ ਤਰੀਕੇ ਨਾਲ ਹੀ ਸੰਭਵ ਹੈ। ਸਵਾਦ ਤਾਂ ਸੀ ਜੇਕਰ ਕਿਸੇ ਭੌਤਕ ਵਿਗਿਆਨੀ ਦੇ ਵਿਚਾਰ ਦਾ ਹਵਾਲਾ ਦੇ ਕੇ ਆਪਣੇ ਦਾਅਵੇ ਦੀ ਪੁਸ਼ਟੀ ਕਰਦੇ। ਉਨ੍ਹਾਂ ਨੂੰ ਲੱਭਾ ਵੀ ਤਾਂ ਡਾਰਵਿਨ। ਪਰ ਹਾਲਾਤ ਦੀ ਸਿਤਮ ਜ਼ਰੀਫੀ ਦੇਖੋ ਕਿ ਜੀਵ ਵਿਗਿਆਨ ਵਿਕਾਸ ਕਰਦਾ ਡਾਰਵਿਨ ਤੋਂ ਬਹੁਤ ਅੱਗੇ ਨਿਕਲ ਆਇਆ ਹੈ। ਪਰ ਇਹ ਕੋਈ ਢੁੱਕਵਾਂ ਮੌਕਾ ਮੇਲ ਨਹੀਂ ਕਿ ਮੈਂ ਇਸ ਗੱਲ ਦਾ ਵੇਰਵਾ ਦੇਵਾਂ ਕਿ ਜੀਵ ਵਿਗਿਆਨ ਵਿਚ ਡਾਰਵਿਨ ਦੇ ਸਮੇਂ ਤੋਂ ਲੈ ਕੇ ਕੀ ਕੀ ਸੋਧਾਂ ਹੋਈਆਂ ਹਨ ਅਤੇ ਡਾਰਵਿਨ ਦੇ ਮੂਲ ਸਿਧਾਂਤ ਵਿਚ ਕਿੰਨੀ ਕੁ ਤਬਦੀਲੀ ਅਜੋਕੀਆਂ ਖੋਜਾਂ ਦੇ ਆਧਾਰ ਤੇ ਹੋਈ ਹੈ। ਮੈਂ ਆਪਣੇ ਆਪ ਨੂੰ ਡਾਰਵਿਨ ਤੇ ਮਾਰਕਸ ਦੇ ਸਮੇਂ ਤਕ ਹੀ ਸੀਮਤ ਕਰਦਾ ਹਾਂ ਕਿਉਂਕਿ ਸੂਫੀ ਅਮਰਜੀਤ ਅਜੇ ਉਸੇ ਸਮੇਂ ਵਿਚ ਹੀ ਖੜੇ ਹਨ ਅਤੇ ਉਨ੍ਹਾਂ ਦੀ ਤਸੱਲੀ ਉਦੋਕੇ ਪ੍ਰਸੰਗ ਵਿਚ ਹੀ ਰਹਿ ਕੇ ਕਰਾਉਣਾ ਵਧੇਰੇ ਉਚਿਤ ਹੈ।

ਡਾਰਵਿਨ ਦੀ ਪੁਸਤਕ "ਓਰਿਜਨ ਆਫ ਸਪਿਸ਼ੀਜ਼" 1859 ਵਿਚ ਪ੍ਰਕਾਸ਼ਤ ਹੋਈ ਸੀ। ਇਸ ਦੇ ਅਧਿਐਨ ਤੋਂ ਇਸ ਗੱਲ ਦੀ ਸੂਹ ਮਿਲਦੀ ਸੀ ਕਿ ਇਹ ਸੰਸਾਰ ਕਿਸੇ ਪ੍ਰਮਾਤਮਾ ਦੀ ਸਿਰਜੀ ਹੋਈ ਕਿਰਤ ਨਹੀਂ ਬਲਕਿ ਇਸ ਨੇ ਕਈ ਲੱਖ ਸਾਲ ਦੇ ਵਿਕਾਸ ਉਪਰੰਤ ਅਜੋਕੀ ਸ਼ਕਲ ਪ੍ਰਾਪਤ ਕੀਤੀ ਹੈ। ਪਰ ਡਾਰਵਿਨ ਦੇ ਵਿਚਾਰ ਦਾ ਇਹ ਇਕ ਪਹਿਲੂ ਸੀ। ਮਾਰਕਸ ਨੂੰ ਇਹ ਭਾਸਿਆ ਕਿ ਇਸ ਨਾਲ ਉਸਦੇ ਸਿਧਾਂਤ ਦੀ ਪੁਸ਼ਟੀ ਹੁੰਦੀ ਹੈ। ਉਸਨੇ 19 ਦਸੰਬਰ 1860 ਨੂੰ ਐਂਗਲਜ਼ ਨੂੰ ਆਪਣੇ ਇਕ ਖਤ ਵਿਚ ਲਿਖਿਆ, "ਭਾਵੇਂ ਇਹ ਸਿਧਾਂਤ ਬੇ ਢੰਗੇ ਤਰੀਕੇ ਨਾਲ ਪ੍ਰਸਤੁਤ ਕੀਤਾ ਗਿਆ ਹੈ, ਪਰ ਅੰਗਰੇਜ਼ੀ ਭਾਸ਼ਾ ਵਿਚ ਇਹੋ ਪੁਸਤਕ ਹੀ ਸਾਡੇ ਵਿਚਾਰਾਂ ਲਈ ਪ੍ਰਾਂਕਰਤਕ ਇਤਿਹਾਸ ਦੀ ਆਧਾਰ ਭੂਮੀ ਪ੍ਰਦਾਨ ਕਰਦੀ ਹੈ।" ਪਰ ਡਾਰਵਿਨ ਦੀ ਪੁਸਤਕ ਵਿਚ ਪ੍ਰਸਤੁਤ ਮੂਲ ਵਿਚਾਰ ਮਾਰਕਸ ਦੇ ਵਿਚਾਰ ਦੇ ਪ੍ਰਤਿਕੂਲ ਸੀ। ਇਹ ਸਿਧਾਂਤ "ਨੈਚਰਲ ਸੀਲੈਕਸ਼ਨ" ਦਾ ਸਿਧਾਂਤ ਹੈ ਜਿਸ ਅਨੁਸਾਰ ਸਾਰੇ ਜੀਵਾਂ ਵਿਚ ਇਕ ਸੰਘਰਸ਼ ਵਿਆਪਕ ਹੈ ਅਤੇ ਇਸ ਸੰਘਰਸ਼ ਵਿਚ ਤਕੜਾ ਅਤੇ ਯੋਗ ਜੀਵ ਆਪਣੇ ਤੋਂ ਕਮਜ਼ੋਰ ਜੀਵ ਨੂੰ ਨਸ਼ਟ ਕਰਕੇ ਆਪ ਅੱਗੇ ਵਧਦਾ ਹੈ। ਡਾਰਵਿਨ ਦੇ ਸੰਸਾਰ ਵਿਚ ਨਿਰਬਲ ਲਈ ਨਾ ਕੋਈ ਥਾਂ ਹੈ ਅਤੇ ਨਾ ਹੀ ਹਮਦਰਦੀ। ਜਦੋਂ ਇਹ ਸਿਧਾਂਤ ਸਮਾਜਕ ਵਿਵਸਥਾ ਤੇ ਲਾਗੂ ਹੁੰਦਾ ਹੈ ਤਾਂ ਮਾਰਕਸ ਦੇ ਸਾਰੇ ਪ੍ਰਯੋਜਨ ਦੀ ਨਫੀ ਹੋ ਜਾਂਦੀ ਹੈ। ਡਾਰਵਿਨ ਦੇ ਇਸ ਸਿਧਾਂਤ ਨੂੰ ਕੁਝ ਦਾਰਸ਼ਨਿਕਾਂ ਨੇ ਸਮਾਜਕ ਵਿਵਸਥਾ ਤੇ ਢੁਕਾਉਣਾ ਸ਼ੁਰੂ ਕਰ ਦਿੱਤਾ ਤਾਂ ਮਾਰਕਸ ਨੂੰ ਇਸ ਗੱਲ ਦਾ ਭਲੀ ਭਾਂਤ ਗਿਆਨ ਹੋ ਗਿਆ ਕਿ ਡਾਰਵਿਨ ਦੇ ਵਿਚਾਰਾਂ ਵਿਚ ਉਸ ਨੂੰ ਆਪਣੇ ਵਿਚਾਰਾਂ ਦੀ ਪੁਸ਼ਟੀ ਦਾ ਜੋ ਭਉਲਾ ਪਿਆ ਸੀ ਉਹ ਬਹੁਤਾ ਠੀਕ ਨਹੀਂ ਸੀ ਅਤੇ ਇਨ੍ਹਾਂ ਵਿਚਾਰਾਂ ਵਿਚ



ਸੋਧ ਦੀ ਲੋੜ ਹੈ। 15 ਫਰਵਰੀ 1869 ਨੂੰ ਆਪਣੀ ਧੀ ਅਤੇ ਜਵਾਈ ਪਾਲ ਅਤੇ ਲਾਰਾ ਲਫਾਰਜ ਨੂੰ ਲਿਖੇ ਇਕ ਖਤ ਵਿਚ ਮਾਰਕਸ ਨੇ ਵਿਚਾਰ ਵਿਅਕਤ ਕੀਤਾ ਕਿ ਜਾਨਵਰਾਂ ਅਤੇ ਪੌਦਿਆਂ ਵਿਚ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਜੋ ਸੰਘਰਸ਼ ਚਲਦਾ ਰਹਿੰਦਾ ਹੈ ਅਤੇ ਇਸ ਅਮਲ ਰਾਹੀਂ ਜੋ "ਨੈਚਰਲ ਸੀਲੈਕਸ਼ਨ" ਵਾਪਰਦੀ ਹੈ, ਡਾਰਵਿਨ ਦੇ ਇਸ ਸਿਧਾਂਤ ਨੂੰ ਡਾਰਵਿਨਵਾਦੀ ਹੁਣ ਸਮਾਜ ਤੇ ਢੁਕਾਉਣ ਲਗ ਪਏ ਹਨ। ਇਸ ਨਾਲ ਕੰਮਪੀਟੀਸ਼ਨ ਬਿਲਕੁਲ ਸੁਭਾਵਕ ਜਾਪਣ ਲਗ ਪੈਂਦਾ ਹੈ। "ਇਸ ਤਰ੍ਹਾਂ ਇਕ ਅਕੱਟ ਦਲੀਲ ਉਪਲਭਦ ਹੋ ਜਾਂਦੀ ਹੈ ਕਿ ਮਾਨਵ ਸਮਾਜ ਆਪਣੇ ਆਪ ਨੂੰ ਪਸ਼ੂ ਪੁਣੇ ਤੋਂ ਕਦੇ ਵੀ ਮੁਕਤ ਨਹੀਂ ਕਰ ਸਕੇਗਾ।" ਮਾਰਕਸ ਦੇ 1860 ਵਿਚ ਲਿਖੇ ਗਏ ਖਤ ਵਿਚ ਜੋ ਹੁਲਾਸ ਸੀ ਉਹ 1869 ਤਕ ਪਹੁੰਚਦੇ-ਪਹੁੰਚਦੇ ਡਾਰਵਿਨ ਦੇ ਸਿਧਾਂਤ ਪ੍ਰਤੀ ਉਦਾਸੀਨਤਾ ਵਿਚ ਬਦਲ ਗਿਆ ਸੀ। ਸ਼ਾਇਦ ਸੂਫੀ ਅਮਰਜੀਤ ਨੂੰ ਇਸ ਵਿਰੋਧ-ਵਿਕਾਸ ਦਾ ਗਿਆਨ ਨਹੀਂ। ਜੇ ਹੁੰਦਾ ਤਾਂ ਉਹ ਆਪਣੇ ਗਾਲੀ-ਗਲੋਚ ਦੀ ਪੁਸ਼ਟੀ ਲਈ ਡਾਰਵਿਨ ਨੂੰ ਵਿਚ ਲਿਆਉਣ ਦੀ ਗਲਤੀ ਕਦੇ ਨਾਂ ਕਰਦੇ।

ਗਿਆਨ-ਵਿਗਿਆਨ ਦੇ ਵਿਕਾਸ ਨੇ ਮਾਰਕਸ ਦੇ "ਡਾਇਲੈਕਟੀਕਲ ਮੈਟੀਰਲਿਜ਼ਮ" ਦੇ ਸਿਧਾਂਤ ਨੂੰ ਕਿਸ ਹੱਦ ਤਕ ਖੋਰਾ ਲਾਇਆ ਹੈ, ਇਸ ਨੂੰ ਦਰਸਾਉਣ ਲਈ ਇਕ ਵੱਖਰੇ ਲੇਖ ਦੀ ਲੋੜ ਹੈ ਜੋ ਕਦੇ ਜੇ ਤੁਸੀਂ ਛਾਪਣ ਦਾ ਜਿਗਰਾ ਕੀਤਾ ਤਾਂ ਜ਼ਰੂਰ ਭੇਜਾਂਗਾ।

ਤੁਹਾਡਾ ਹਿਤੂ,
ਪ੍ਰੀਤਮ ਸਿੰਘ।

---

**ਚੜ੍ਹਦੇ-ਲਹਿੰਦੇ ਪੰਜਾਬ ਦੀਆਂ**
"ਮਿੰਨੀ ਕਹਾਣੀਆਂ"
ਦਾ ਪਰਾਗਾ ਬੜੀ ਛੇਤੀ ਛਪ ਰਿਹਾ ਹੈ।
ਆਪਣੀਆਂ 10 ਮਿੰਨੀ ਕਹਾਣੀਆਂ ਟਾਈਪ ਕੀਤੀਆਂ
ਤਸਵੀਰ ਸਣੇ ਇਸ ਪਤੇ ਉੱਤੇ ਘੱਲ ਦੇਵੋ।

**M. Ashraf Suhail**
**Post Box No. 8059,**
**Lahoro-9**
**Pakistan.**

---

# "ਚੀਕ"

—ਦੇਸ ਰਾਜ ਕਾਲੀ

ਤ੍ਰਭਕ ਕੇ ਉਠਿਆਂ ਹਾਂ। ਅਜੀਬ ਜਿਹੇ ਖਿਆਲ ਮਨ 'ਚ ਗੇੜੇ ਦੇ ਰਹੇ ਨੇ, ਅਜੀਬ ਸੁਪਨੇ ਆਉਂਦੇ ਨੇ। ਮੇਰੀ ਹੁਣ ਵੀ ਚੀਕ ਨਿਕਲ ਜਾਣੀ ਸੀ, ਜ਼ੋਰ ਦੀ...ਜੇ ਮੈਨੂੰ ਜਾਗ ਨਾ ਆਉਂਦੀ। ਉਦੋਂ ਤਾਂ ਮੇਰੀ ਜਾਗਦਿਆ ਹੀ ਚੀਕ ਨਿਕਲ ਗਈ ਸੀ। ਅਜੀਬ ਹਾਲਤ ਹੋ ਗਈ ਸੀ ਮੇਰੀ। ਸਾਰਿਆਂ ਭਾਬੀ ਨੂੰ ਉਸ ਹਾਲਤ 'ਚ ਵੇਖ ਲਿਆ ਸੀ। ਮਾਂ ਨੇ, ਭੈਣ ਨੇ, ਪਿਤਾਂ ਜੀ ਨੇ ਵੀ......। ਮੈਨੂੰ ਕੋਈ ਹੋਸ਼ ਨਹੀਂ ਸੀ। ਛੋਟਾ ਮੁੰਡਾ ਭਵੰਤਰਿਆਂ ਵਾਂਗ ਝਾਕ ਰਿਹਾ ਸੀ... ।

ਹੇਠਾਂ ਕੁਝ ਗਿਲਾ-ਗਿਲਾ ਲੱਗਿਆ . । ਬਿਸਤਰ ਮੇਰਾ ਖਰਾਬ ਹੋ ਚੁੱਕਿਐ...। ਮੈਂ ਉੱਠ ਬੈਠਾ ਹਾਂ। ਆਲਾ-ਦੁਆਲਾ ਚੋਰਾਂ ਵਾਂਗ ਦੇਖਦਾ ਹਾਂ। ਕਿਸੇ ਨੇ ਵੀ ਨਹੀਂ ਵੇਖਿਆ ਮੈਨੂੰ...। ਜੇ ਚੀਕ ਨਿਕਲ ਜਾਂਦੀ ਫੇਰ ਵੇਖ ਲੈਣਾ ਸੀ। ਹੁਣ ਸਾਰਿਆਂ ਮੇਰੇ ਦੁਆਲੇ ਹੋ ਜਾਣਾ ਸੀ ...।

"ਇਹਨੇ ਤਾਂ ਪਾਗਲ ਨੇ ਸਾਨੂੰ ਲਿਆ ਈ ਮਾਰ ਐ...।" ਬਸ ਉਸੇ ਦਿਨ ਤੋਂ ਭਾਬੀ ਨੇ ਜਿਵੇਂ ਸਮਝੌਤਾ ਕਰ ਲਿਐ ਤੇ ਮੈਂ ਪਾਗਲ ਬਣਾ ਦਿੱਤਾ ਗਿਆ ਹਾਂ। ਸਾਰੇ ਹੀ ਪਾਗਲ ਸਮਝਦੇ ਨੇ ਮੈਨੂੰ...। ਕਦੇ-ਕਦੇ ਤਾਂ ਮੈਨੂੰ ਇਉਂ ਲਗਦਾ ਕਿ ਮੈਂ ਸੱਚਮੁੱਚ ਹੀ ਪਾਗਲ ਤਾਂ ਨਹੀਂ...। ਕਈ ਵਾਰ ਲਗਦੈ ਕਿ ਕੋਈ ਨਾ ਕੋਈ ਤਾਂ ਕਸਰ ਤਾਂ ਜ਼ਰੂਰ ਐ, ਨਹੀਂ ਤਾਂ ਸਾਰੇ ਹੀ ਪਾਗਲ ਕਿਉਂ ਕਹਿੰਦੇ...? ਪਰ ਬਹੁਤੀ ਵਾਰ ਮੇਰੇ ਵੱਸ 'ਚ ਕੁਝ ਨਹੀਂ ਹੁੰਦਾ...। ਕਈ ਵਾਰ ਮੈਨੂੰ ਅਜੀਬ ਜਿਹੇ ਖਿਆਲ ਆਉਂਦੇ ਰਹਿੰਦੇ ਨੇ...। ਸਾਹਮਣੇ ਜਿਵੇਂ ਕੋਈ ਟੀ. ਵੀ. ਚੱਲ ਰਿਹਾ ਹੋਵੇ। ਕਿਸੇ ਨਾਟਕ ਦਾ ਦ੍ਰਿਸ਼...।

ਦੋ ਪਾਸਿਆਂ ਤੋਂ ਜਨਾਜ਼ੇ ਆ ਰਹੇ ਨੇ। ਇਕ ਪਾਸੇ ਕਿਸੇ ਨੌਜੁਆਨ ਦੀ ਮੌਤ ਹੋਈ ਐ, ਜਿਹਦੇ ਮਗਰ ਔਰਤਾਂ ਨੇ ਪਿੱਟ-ਪਟਾਕਾ ਪਾਇਆ ਹੋਇਆ ਏ। ਆਪਣੀਆਂ ਛਾਤੀਆਂ ਪਿੱਟ ਰਹੀਆਂ ਨੇ। ਵਾਲ ਖਿਲਰੇ ਹੋਏ ; ਕਈ ਬੇਹੋਸ਼ ਹੋ ਜਾਂਦੀਆਂ ਨੇ, ਹੋਸ਼ 'ਚ ਆਉਂਦਿਆਂ ਹੀ ਫਿਰ ਰੋਣਾ ਸ਼ੁਰੂ...। ਮੇਰੀਆਂ ਅੱਖਾਂ ਸੇਜਲ ਹੋ ਗਈਆਂ ਨੇ...। ਉਸੇ ਸ਼ਮਸ਼ਾਨ ਘਾਟ ਵੱਲ ਇਕ ਹੋਰ ਜਨਾਜ਼ਾ ਆ ਰਿਹੈ। ਉਹ ਕਿਸੇ ਬਜ਼ੁਰਗ ਦਾ ਐ...। ਉਹਨੂੰ ਬੈਂਡ ਵਾਜਿਆਂ ਨਾਲ ਲਿਆਇਆ ਜਾ ਰਿਹੈ...। ਕੋਈ ਮਾਤਮੀ ਵਾਤਾਵਰਣ ਨਹੀਂ ਦਿਸਦਾ। ਜਿਵੇਂ ਖੁਸ਼ੀ ਮਨਾਈ ਜਾ ਰਹੀ ਹੋਵੇ। ਮੇਰੀ ਨਿਗਾਹ ਅਚਾਨਕ ਤ੍ਰਭਕ ਕੇ ਦੂਸਰੇ ਪਾਸੇ ਚਲੀ ਗਈ ਏ। ਸਮਸ਼ਾਨ ਘਾਟ ਦੀ ਦੂਸਰੀ ਤਰਫੋਂ ਆ ਰਹੇ ਨੌਜੁਆਨ ਦੇ ਜਨਾਜ਼ੇ ਨਾਲ ਇਕ ਔਰਤ ਵੀ ਤੁਰੀ ਆ ਰਹੀ ਐ, ਜਿਹੜੀ ਬਿਲਕੁਲ ਨਹੀਂ ਰੋ ਰਹੀ। ਉਹ ਜਿਵੇਂ ਪੱਥਰ ਦੀ ਬਣੀ ਹੋਈ ਹੋਵੇ। ਬਸ ਚੁੱਪ-ਚਾਪ ਤੁਰੀ ਆ ਰਹੀ ਐ...। ਹੁਣ ਜਨਾਜ਼ਾ ਹੇਠਾਂ ਰੱਖ ਦਿੱਤਾ ਗਿਐ...। ਉਹ ਮੂਰਤੀ ਤੁਰਦੀ-ਤੁਰਦੀ ਡਿੱਗ ਪਈ ਏ...। ਮੈਂ ਡਰ ਗਿਆ ਹਾਂ, ਏਨਾ ਕਿ ਮੇਰਾ ਹਰਟ-ਫੇਲ੍ਹ ਹੋ ਸਕਦਾ ਸੀ। ਅੱਖਾਂ ਪਰਲ-ਪਰਲ ਵਹਿ ਤੁਰੀਆਂ ਨੇ...।

"ਲੈ ਤਾਂ ਇਹ ਹਾਲਤ ਐ...। ਚੰਗਾ ਭਲਾ ਰੋਣਾ ਸ਼ੁਰੂ ਕਰ ਦਿੰਦੈ...।" ਭਾਬੀ ਦੀ ਆਵਾਜ਼ ਐ।



"ਨਾ ਕਹੋ ਮੈਨੂੰ ਪਾਗਲ...। ਮੈਂ ਪਾਗਲ ਨਹੀਂ...ਮੇਰਾ ਦਿਮਾਗ ਬਿਲਕੁਲ ਦਰੁਸਤ ਐ...। ਤੁਸੀਂ ਕਹਿ-ਕਹਿਕੇ ਮੈਨੂੰ ਪਾਗਲ ਕੀਤਾ ਹੋਇਐ...। ਪਾਗਲ ਤਾਂ ਤੁਸੀਂ ਹੋ।" ਮੈਨੂੰ ਕਿਸੇ ਨੇ ਵੀ ਨਹੀਂ ਸੀ ਕਿਹਾ, ਪਰ ਮੈਂ ਪਤਾ ਨਹੀ, ਕਿਹਨੂੰ ਕਹਿ ਦਿੱਤੈ। ਮੇਰਾ ਉੱਚੀ-ਉੱਚੀ ਰੋਣ ਨੂੰ ਚਿੱਤ ਕਰ ਰਿਹੈ। ਪਤਾ ਨਹੀਂ ਮਨ 'ਚ ਕੀ ਆ ਰਿਹੈ . ।

"ਹੈਂ ! ਕੌਣ ਐ...?" ਕਿਸੇ ਨੇ ਮੇਰੈ ਗਲ ਨੂੰ ਵਲ ਲਿਐ...। 'ਨਾਗਵਲ' ਪਾ ਲਿਐ...।

"ਨਾ ਮਾਰੋ ਮੈਨੂੰ...। ਨਾ ਮਾਰੋ...! ਮੈਂ ਕੁਝ ਨਹੀਂ ਕਹਿੰਦਾ ਕਿਸੇ ਹੈ...।"

ਠੀਕ ਇਸੇ ਤਰ੍ਹਾਂ ਮੈਨੂੰ ਲੱਗਿਆ ਸੀ ਕਿ ਭਾਬੀ ਦੀਆਂ ਬਾਹਾਂ ਦਾ 'ਨਾਗਵਲ' ਵੀ ਮੇਰੀ ਜਾਨ ਲੈ ਕੇ ਛੱਡੇਗਾ। ਉਹ ਬੇਪਰਦ ਸੀ। ਮੱਧਮ ਜਿਹੀ ਕਮਰੇ ਦੀ ਰੌਸ਼ਨੀ...। ਮੈਂ ਪਤਾ ਨਹੀਂ ਕਿਹੜੀਆਂ ਸੋਚਾਂ 'ਚ ਡੁੱਬਿਆ ਹੋਇਆ ਸਾਂ। ਅਚਾਨਕ ਮੈਨੂੰ ਵੀਰ ਦੀ ਚੀਥੜੇ ਹੋਈ ਲਾਸ਼ ਨਜ਼ਰੀਂ ਪਈ...। ਮੈਂ ਡਰ ਗਿਆ ਸਾਂ। ਫਿਰ ਭਾਬੀ ਦੀਆਂ ਬਾਹਾਂ ਮੇਰੇ ਗਲ 'ਚ ਪੈ ਗਈਆਂ ਸਨ...। ਮੈਂ ਪੂਰੀ ਤਰ੍ਹਾਂ ਸਹਿਮ ਗਿਆ ਸਾਂ। ਫਿਰ ਅਚਾਨਕ ਪਤਾ ਨਹੀਂ ਕਦੋਂ ਮੇਰੀ ਚੀਕ ਨਿਕਲ ਗਈ। ਸਾਰੇ ਡਰ ਗਏ ਸਨ। ਮੈਂ ਇਕ ਦਮ ਦਰਵਾਜ਼ਾ ਖੋਲ੍ਹ ਦਿੱਤਾ ਸੀ। ਸਾਰਿਆਂ ਨੇ ਸਾਨੂੰ ਵੇਖ ਲਿਆ ਸੀ, ਉਸੇ ਹਾਲਤ 'ਚ...। .

ਹੁਣ ਮੇਰੇ ਗਲ 'ਚੋਂ ਬਾਹਾਂ ਨਿਕਲ ਗਈਆਂ ਨੇ। ਸਾਹ 'ਚ ਸਾਹ ਆਇਐ। ਮੇਰਾ ਭਤੀਜਾ ਸੀ, ਪਿੱਛੋਂ ਦੀ ਮੇਰੇ ਗਲ 'ਚ ਬਾਹਾਂ ਵਲ ਲਈਆਂ ਸਨ। ਬੋਲਿਆ ਵੀ ਕੁਝ ਨਹੀਂ ਸੀ। ਤਦੇ ਮੈਂ ਡਰ ਗਿਆ ਸਾਂ। ਹੁਣ ਉਹ ਸਾਹਮਣੇ ਆਇਐ ਤਾਂ ਪਤਾਂ ਲਗਿਐ। ਨਿਆਣਿਆਂ ਨੂੰ ਕੀ ਪਤਾ ਕਿ ਇਸ ਤਰ੍ਹਾਂ ਅਚਾਨਕ ਕਿਸੇ ਦੇ ਗਲ ਬਾਹਾਂ ਨਹੀਂ ਵਲੀਦੀਆਂ। ਮੈਂ ਤਾਂ ਪਹਿਲਾਂ ਵੀ ਅਚਾਨਕ ਈ ਤ੍ਰਭਕ ਜਾਂਦਾ ਹਾਂ। ਮੇਰੀ ਬਚਪਨ ਤੋਂ ਈ ਇਹੀ ਹਾਲਤ ਐ ..।

ਮੇਰੇ ਯਾਦ ਐ, ਨਿੱਕੇ ਹੁੰਦਿਆਂ ਮੈਂ ਜੇ ਕਿਧਰੇ ਬਲਦਾ ਸਿਵਾ ਵੇਖ ਲੈਣਾ ਤਾਂ ਆਪਣੇ ਹੱਥਾਂ ਦੀਆਂ ਉਂਗਲਾਂ ਨੂੰ ਟੁੱਕਣਾ ਦੰਦਾਂ ਨਾਲ, ਤਾਂ ਕਿ ਰਾਤ ਨੂੰ ਡਰ ਨਾ ਲੱਗੇ...। ਫਿਰ ਰਾਤ ਨੂੰ ਜੇ ਕਿਤੇ ਬਿੱਲੀਆਂ ਦੇ ਰੋਣ ਦੀ ਆਵਾਜ਼ ਆਉਣੀ ਤਾਂ ਸਾਰੀ ਰਾਤ ਮੇਰੀਆਂ ਅੱਖਾਂ ਵਿੱਚੀਂ ਨਿਕਲ ਜਾਣੀ। ਕੁੱਤਿਆਂ ਦੇ ਰੋਣ ਨਾਲ ਤਾਂ ਮੇਰੀ ਹੋਰ ਵੀ ਮਾੜੀ ਹਾਲਤ ਹੁੰਦੀ ਸੀ। ਉਦੋਂ ਪਿਤਾ ਜੀ ਮੈਨੂੰ ਤਿਲਾਂ ਦੀ ਕੁੱਲਰ ਕੁੱਟ ਕੇ ਖਵਾਉਂਦੇ ਹੁੰਦੇ ਸਨ। ਉਹਦੇ ਤੋਂ ਬਾਅਦ ਮੇਰੀ ਜ਼ਿਆਦਾ ਹਾਲਤ ਉਦੋਂ ਖਰਾਬ ਹੋਈ ਸੀ, ਜਦੋਂ ਵੀਰ ਦੀ ਮੌਤ ਹੋਈ ਸੀ ..। ਸਾਡੇ ਘਰ ਤਾਂ ਉਦੋਂ ਕਹਿਰ ਹੀ ਟੁੱਟ ਪਿਆ ਸੀ। ਜਿਵੇਂ ਸਾਰੀ ਦੁਨੀਆਂ ਦੇ ਦੁੱਖ ਸਾਡੇ ਹਿੱਸੇ ਹੀ ਆ ਗਏ ਹੋਣ...। ਕੰਧਾਂ ਵੀ ਰੋ ਰਹੀਆਂ ਸਨ। ਵੀਰ ਦੀ ਟੁਕੜੇ-ਟੁਕੜੇ ਹੋਈ ਲਾਸ਼ ਇਕੱਠੀ ਕਰਕੇ ਰੱਖੀ ਹੋਈ ਸੀ। ਸਾਰੀ ਰਸੋਈ ਸਾਡੀ ਖੂਨ ਨਾਲ ਭਰੀ ਪਈ ਸੀ। ਭਾਬੀ ਨੂੰ ਮਿੰਟ-ਮਿੰਟ ਬਾਅਦ ਦੰਦਲਾਂ ਪੈ ਰਹੀਆਂ ਸਨ। ਭਤੀਜੇ ਨੂੰ ਉਦੋਂ ਕੋਈ ਬਹੁਤੀ ਸਮਝ ਨਹੀਂ ਸੀ। ਉਹ ਮਾ ਤੋਂ ਵੱਖ ਹੋਇਆ ਵਿਲਕੀ ਜਾ ਰਿਹਾ ਸੀ। ਮੈਨੂੰ ਵੀ ਦੰਦਲਾਂ ਪੈ ਰਹੀਆਂ ਸਨ। ਮਾਂ ਪਿੱਟ ਰਹੀ ਸੀ। ਪਿਤਾ ਜੀ ਪੱਥਰ ਬਣੇ ਹੋਏ ਸਨ। ਉਹਨਾਂ ਆਪਣੇ ਹੱਥੀਂ ਵੀਰ ਦੀਆਂ ਬੋਟੀਆਂ ਚੁਗੀਆਂ ਸਨ...।

"ਵੇ ਇਹ ਕੀ ਕੀਤਾ ਮੇਰਿਆ ਰਾਜਿਆ ਪੁੱਤਾ...। ਵੇ ਤੇਰਾ ਬਾਬਲ ਕਾਨ੍ਹੀ ਮੈਂ ਕਿਵੇਂ ਵੇਖਾਂ ਵੇ ਮੇਰਿਆ ਸ਼ੇਰਿਆ...!" ਭੂਆ ਜੀ ਦੇ ਵੈਣਾਂ ਨੇ ਪੱਥਰ ਪਿਤਾ ਜੀ ਨੂੰ ਪੰਘਰਾ ਦਿੱਤਾ ਸੀ ਤੇ ਫਿਰ ਉਹ ਫੁੱਟ-ਫੁੱਟ ਰੋਏ ਸਨ। ਏਨਾ ਕਿ...!

ਮੇਰੇ ਤੋਂ ਇਹ ਯਾਦ ਨਹੀਂ ਕਰ ਹੁੰਦਾ, ਮੇਰਾ ਮਨ ਚਾਹੁੰਦੈ ਕਿ ਮੈਂ ਸਭ ਕੁਝ ਭੁੱਲ ਜਾਵਾਂ। ਪਰ ਏਦਾਂ ਹੋ ਨਹੀਂ ਸਕਦਾ। ਉਵੇਂ ਹੀ ਪਿਤਾ ਜੀ ਦੇ ਖੂਨ ਲਿੱਬੜੇ ਹੱਥ ਵੀਰ ਦੀਆਂ ਬੋਟੀਆਂ ਚੁਗਦੇ ਦਿਸਦੇ ਨੇ। ਪਤਾ ਹੀ ਨਹੀਂ ਲੱਗਦਾ ਕਿ ਕਿਹੜਾ ਲੋਹੇ ਦੇ ਗੈਸ ਸਲੰਡਰ ਦਾ ਟੁਕੜਾ ਐ ਤੇ ਕਿਹੜੀ ਹੱਡੀ ਐ...? ਵੀਰ ਜੀ ਪਤਾ ਨਹੀਂ ਰਸੋਈ 'ਚ ਕੀ ਕਰ ਰਹੇ ਸਨ ਕਿ ਗੈਸ ਫਟ ਗਈ ਸੀ, ਉਹ ਚੀਥੜੇ-ਚੀਥੜੇ ਹੋ ਖਿੱਲਰ ਗਏ ਸਨ...।

ਮੈਂ ਇਸ ਭਿਆਨਕ ਦ੍ਰਿਸ਼ ਨੂੰ ਪਰੇ ਧੱਕ ਦਿੰਦਾ ਹਾਂ। ਦੂਸਰੇ ਕਮਰੇ 'ਚ ਜਾ ਕੇ ਟੀ. ਵੀ. ਲਾ ਲਿਐ...। ਕੋਈ ਨਾਟਕ ਚਲ ਰਿਹੈ। ਮਹਿਫਿਲ ਜੰਮੀ ਹੋਈ ਐ...। ਇਕ ਅੱਧਖੜ ਜਿਹੀ ਔਰਤ ਐ...। ਜੀਨ ਦੀ ਪੈਂਟ ਪਾਈ ਹੋਈ ਐ, ਚਸ਼ਮਾ ਲਾਇਆ ਹੋਇਐ...। ਵਿਚੋਂ ਹੀ ਇਕ ਮਰਦ ਨੂੰ ਇਸ਼ਾਰੇ ਨਾਲ ਬੁਲਾ ਕੇ ਲੈ ਗਈ ਏ। ਦੂਸਰੇ ਕਮਰੇ 'ਚ ਚਲੇ ਗਏ ਨੇ...। ਬਿਲਕੁੱਲ ਇਕੱਲੇ...।

"ਯਾਰ ਮੈਂ ਕੀ ਦੱਸਾਂ...। ਅਸਲ ਵਿਚ ਮੈਨੂੰ ਕੋਈ ਸਮਝ ਈ ਨਹੀਂ ਸਕਦਾ। ਮੈਂ ਏਨੀ ਗੁੰਝਲਦਾਰ ਵੀ ਨਹੀਂ ਹਾਂ। ਪਰ ਪਤਾ ਨਹੀਂ ਕਿਉਂ ਮੈਨੂੰ ਸਮਝਣ ਵਾਲਾ ਅੱਜ ਤੱਕ ਕੋਈ ਨਹੀਂ ਮਿਲਿਆ। ਉਹਨੇ ਵੀ ਮੈਨੂੰ ਨਹੀਂ ਸਮਝਿਆਂ। ਤਦੇ ਉਹਦੇ ਤੋਂ ਤਲਾਕ ਲੈ ਲਿਆ...। ਯਾਰ ਤੂੰ ਆਪ ਦੱਸ...।" ਉਹ ਭਾਵੁਕ ਜਿਹੀ ਹੋਈ ਪਈ ਐ।

"ਯਾਰ ਇਹ ਮਰਦ ਲੋਕ ਤਾਂ ਔਰਤ ਨੂੰ ਆਪਣੀ ਪੂੰਜੀ ਸਮਝਦੇ ਨੇ...। ਮੈਂ ਕਿਸੇ ਨਾਲ ਬੋਲ ਨਹੀਂ ਸਕਦੀ...। ਮੈਂ ਜਿਹਨੂੰ ਪਿਆਰ ਕੀਤਾ ਉਹ...।" ਪਰ੍ਹਾਂ ਨੂੰ ਉਠਕੇ ਗਈ ਐ। ਵਿਸਕੀ ਲੈ ਆਈ ਏ। ਆਪੇ ਦੋ ਪੈਗ ਬਣਾਏ ਨੇ। ਪੀਣ ਲੱਗ ਪਈ ਏ। ਮਰਦ ਵੀ ਪੀਣ ਲੱਗ ਪਿਐ। ਉਹਨਾਂ ਦੀਆਂ ਅੱਖਾਂ ਦਾ ਰੰਗ ਥੋੜ੍ਹਾ ਜਿਹਾ ਬਦਲਿਐ ..। ਉਹਨੇ ਮਰਦ ਦੇ ਪੈਰ ਉਤੇ ਆਪਣੇ ਪੈਰ ਦਾ ਅੰਗੂਠਾ ਫੇਰਨਾ ਸ਼ੁਰੂ ਕਰ ਦਿੱਤੈ...। ਹੁਣ ਉਹ ਦੋਵੇਂ ਖਾਮੋਸ਼ ਨੇ ..। ਬਸ ਇਕ ਦੂਜੇ ਵਲ ਝਾਕ ਰਹੇ ਨੇ...।

"ਤੁਸੀਂ ਸੌਕਸ ਨਹੀਂ ਪਾਈਆਂ...?" ਉਹਦੇ ਪੈਰ ਦਾ ਅੰਗੂਠਾ ਪੌਂਚੇ ਵਿਚ ਦੀ ਮਰਦ ਦੇ ਗਿੱਟਿਆਂ ਕੋਲ ਪਹੁੰਚ ਗਿਐ।

"ਨਹੀਂ!"

"ਕਿਉਂ?"

"ਉਵੇਂ ਈ...!"

"ਕੀ ਸੋਚ ਰਿਹੈਂ...?"

ਉਹਨੇ ਕੋਈ ਜਵਾਬ ਨਹੀਂ ਦਿੱਤਾ।

"ਮੈਂ ਤਾਂ ਸੋਚਦੀ ਹਾਂ ਕਿ ਇਨਸਾਨ ਨੂੰ ਜੋ ਦਿਲ ਕਹੇ ਉਹ ਕਰ ਲੈਣਾ ਚਾਹੀਦੈ...। ਕਦੇ ਵੀ, ਕੋਈ ਵੀ, ਦਿਲ ਦੀ ਖਾਹਿਸ਼ ਮੁਲਤਵੀ ਨਹੀਂ ਕਰਨੀ ਚਾਹੀਦੀ। ਵਕਤ ਦਾ ਕੋਈ ਪਤਾ ਨਹੀਂ ਲੱਗਦਾ। ਬਸ ਜਦੋਂ ਦਿਲ ਜੋ ਕੁਝ ਕਰਨ ਨੂੰ ਕਰੇ, ਕਰ ਲਵੇ...। ਤੇਰਾ ਵੀ ਜੋ ਦਿਲ ਕਹੇ ਕਰ ਲਵੀਂ...! ਦੇਰ ਨਾ ਲਾਵੀਂ...। ਵਕਤ ਦਾ ਕੋਈ ਭਰੋਸਾ ਨਹੀਂ...। ਮੈਂ ਤਾਂ ਸੋਚਦੀ ਹਾਂ...।" ਉਹਦੀਆਂ ਅੱਖਾਂ 'ਚ ਨਸ਼ਾ ਐ। ਸ਼ਰਬਤੀ ਅੱਖਾਂ ਦੇ ਡੋਰੇ ਮੋਟੇ-ਮੋਟੇ ਹੋ ਗਏ ਨੇ...। ਉਹਦੇ ਵਲ ਉਲਰੀ ਐ...।



"ਨਹੀਂ...!" ਮੈਂ ਫਿਰ ਡਰ ਗਿਆ ਹਾਂ। ਭਾਬੀ ਦੀਆਂ ਅੱਖਾਂ ਵੀ ਉਸ ਰਾਤ ਇਹੋ ਜਿਹੀਆਂ ਈ ਸਨ। ਇਸੇ ਤਰ੍ਹਾਂ ਈ ਸ਼ਰਬਤੀ, ਮੋਟੇ-ਮੋਟੇ ਡੋਰੇ...। ਪਤਾ ਨਹੀਂ ਮੈਨੂੰ ਅਚਾਨਕ ਵੀਰ ਦੀ ਚੀਥੜੇ-ਚੀਥੜੇ ਲਾਸ਼ ਕਿਉਂ ਦਿਸੀ ਸੀ, ਭਾਬੀ ਭਿਆਨਕ ਲੱਗੀ ਸੀ। ਪਤਾ ਨਹੀਂ ਕੀ ਕੁਝ ਹੋਇਆ ਸੀ, ਤੇ ਮੇਰੀ ਚੀਕ ਨਿਕਲ ਗਈ ਸੀ...।

ਘਰ ਵਾਲਿਆਂ ਨੇ ਵੀ ਤਾਂ ਉਹ ਕੀਤਾ ਸੀ, ਜਿਹਦੇ ਬਾਰੇ ਮੈਂ ਕਦੇ ਸੋਚਿਆ ਵੀ ਨਹੀਂ ਸੀ। ਵੀਰ ਦੀ ਮੌਤ ਤੋਂ ਬਾਅਦ ਭਾਬੀ ਨੂੰ ਮੇਰੇ ਨਾਲ ਚਾਦਰਦਾਰੀ ਕਰਵਾ ਦਿੱਤੀ ਸੀ। ਸਾਨੂੰ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਬਿਠਾ ਕੇ ਵਾਕ ਲਿਆ ਤੇ ਸਾਡਾ ਵਿਆਹ ਹੋ ਗਿਆ। ਮੈਨੂੰ ਤਾਂ ਕੁਝ ਸਮਝ ਨਹੀਂ ਸੀ ਆ ਰਿਹਾ। ਭਾਬੀ ਤੋਂ ਬਹੁਤ ਛੋਟਾ ਸਾਂ। ਫਿਰ ਮੇਰਾ ਵਿਆਹ ਕਾਹਤੋਂ ਕੀਤਾ ਗਿਆ। ਮਾਂ ਤਾਂ ਕਹਿੰਦੀ ਹੁੰਦੀ ਸੀ ਅਜੇ ਮੈਂ ਆਪਣੇ ਪੁੱਤ ਨੂੰ ਪੰਜ ਸਾਲ ਨਹੀਂ ਵਿਆਹੁਣਾ। ਭਾਬੀ ਤੋਂ ਤਾਂ ਮੈਂ ਡਰਦਾ ਰਹਿੰਦਾ ਸਾਂ। ਉਹਨੇ ਮੇਰੇ ਕਈ ਵਾਰ ਦੋ ਟਿਕਾਈਆਂ ਵੀ ਸਨ। ਹੁਣ ਮੈਂ ਉਹਦੇ ਘਰ ਵਾਲਾ ਸਾਂ। ਫਿਰ ਉਸ ਰਾਤ ਪਤਾ ਨਹੀਂ ਕਿਉਂ ਅਚਾਨਕ ਮੇਰੀ ਚੀਕ ਨਿਕਲ ਗਈ ਸੀ...।

ਮੈਂ ਕਾਹਲੀ ਨਾਲ ਉੱਠ ਕੇ ਟੀ. ਵੀ. ਬੰਦ ਕਰ ਦਿੱਤਾ...। ਕਈ ਤਰ੍ਹਾਂ ਦੀਆਂ ਸੋਚਾਂ ਮੇਰੇ ਦਿਮਾਗ 'ਚ ਘੁੰਮ ਰਹੀਆਂ ਨੇ। ਸਾਰੇ ਆਪੋ-ਆਪਣੇ ਕੰਮ ਲੱਗੇ ਹੋਏ ਨੇ। ਪਹਿਲਾਂ ਮੈਂ ਸੋਚਦਾ ਰਿਹਾ ਕਿ ਘਰ ਖਵਰੇ ਕੋਈ ਵੀ ਨਹੀਂ ਐ...! ਮੈਂ ਤਾਂ ਸਗੋਂ ਸਮਾਧ ਉਤੇ ਜਾਣਾ ਸੀ। ਮੈਨੂੰ ਕਈ ਦਿਨਾਂ ਤੋਂ ਸੁਪਨੇ 'ਚ ਸੱਪ ਦਿਸਦੇ ਰਹਿੰਦੇ ਨੇ, ਅੱਜ ਐਤਵਾਰ ਐ, ਮੈਂ ਉਥੇ ਦੁੱਧ ਪਾ ਕੇ ਆਉਣਾ ਏ। ਫਿਰ ਭੈੜੇ ਸੁਪਨੇ ਨਹੀਂ ਆਉਣਗੇ...। ਵੇਲਾ ਤਾਂ ਲੰਘਦਾ ਜਾ ਰਿਹੈ...।

ਸਾਡੇ ਪਿੰਡ ਦੇ ਚੜ੍ਹਦੇ ਵਲ ਐ ਇਹ ਸਮਾਧ...। ਬੜੇ ਈ ਕਰਨੀ ਵਾਲੇ ਸੰਤਾਂ ਦੀ ਐ। ਕਈ ਵਾਰ ਤਲੀ ਤੇ ਸਰੋਂ ਜਮਾਈ ਵੇਖੀ ਏ। ਸਾਰਾ ਪਿੰਡ ਪੂਜਦੈ ਇਨ੍ਹਾਂ ਨੂੰ...। ਕਿਸੇ ਦੇ ਵੀ ਜੇ ਸੁਪਨੇ 'ਚ ਸੱਪ ਆਵੇ ਤਾਂ ਉਹ ਇਥੇ ਆ ਕੇ ਦੁੱਧ ਪਾਵੇ। ਫਿਰ ਉਹਨੂੰ ਸੁਪਨੇ ਨਹੀਂ ਆਉਂਦੇ। ਇਨ੍ਹਾਂ ਦੀ ਵੀ ਸ਼ਕਤੀ ਐ ਕੋਈ ਕਿ ਸਾਡੇ ਪਿੰਡ ਪਥੇਰ ਨਹੀਂ ਪੱਥ ਹੋ ਸਕਦਾ। ਪਹਿਲਾਂ ਕਿਤੇ ਕਿਸੇ ਨੇ ਪਿੰਡ ਦੀ ਇਕ ਗੁੱਠੇ ਭੱਠਾ ਲਾਇਆ ਸੀ। ਉਹ ਬਹਿ ਗਿਆ। ਹੁਣ ਉਥੇ ਥੇਹ ਪਈ ਹੋਈ ਏ। ਕੋਈ ਵੀ ਡਰਦਾ ਓਧਰ ਨਹੀਂ ਜਾਦਾ।

ਦੁੱਧ ਪਾ ਕੇ ਵਾਪਸ ਪਰਤ ਆਇਆ ਹਾਂ। ਸਾਰੇ ਰਸਤੇ ਪਤਾ ਨਹੀਂ ਸੋਚ ਕਿੱਧਰ-ਕਿੱਧਰ ਦੌੜਦੀ ਰਹੀ ਐ। ਕਈ ਤਰ੍ਹਾਂ ਦੇ ਖਿਆਲ ਮਨ 'ਚ ਭਾਉਂਦੇ ਰਹੇ ਨੇ...। ਘਰ ਆ ਗਿਆ ਹਾਂ। ਪਤਾ ਨਹੀਂ ਮਨ 'ਚ ਕੀ ਆਇਐ। ਭਾਬੀ ਆਪਣੇ ਧਿਆਨ ਪਰ੍ਹਾਂ ਨੂੰ ਮੂੰਹ ਕਰੀ ਕੰਮ ਕਰ ਰਹੀ ਐ। ਮੈਂ ਉਹਦੇ ਨੇੜੇ ਪਹੁੰਚ ਗਿਆ ਹਾਂ। ਉਹਨੂੰ ਸ਼ਾਇਦ ਪਤਾ ਨਹੀਂ ਲੱਗਿਆ।

"ਲੈ ਭਾਬੀ ਪ੍ਰਸ਼ਾਦ•••!!"

"ਕੌਣ...ਣ...ਣ!" ਉਹਦੀ ਚੀਕ ਨਿਕਲ ਗਈ ਏ।

ਮੈਂ ਹੈਰਾਨ ਹਾਂ। ਕੋਈ ਸਮਝ ਨਹੀਂ ਪੈਂਦੀ ਕਿ ਹੁਣ ਮੈਂ ਜੇ ਅਚਾਨਕ ਉਹਨੂੰ ਬੁਲਾਵਾਂ ਤਾਂ ਉਹਦੀ ਤ੍ਰਬਕ ਕੇ ਚੀਕ ਕਿਉਂ ਨਿਕਲ ਜਾਂਦੀ ਐ...?

ਪਿੰਡ ਤੇ ਡਾਕ: ਮਿੱਠਾਪੁਰ
ਜਲੰਧਰ।

## ਗ਼ਜ਼ਲ/ਭੁਪਿੰਦਰ ਸੱਗੂ

ਮਸ਼ਾਲਾਂ ਹੱਥ ਫੜ ਕੇ ਰਾਹ ਤੁਸਾਂ ਰੁਸ਼ਨਾ ਲਿਆ ਕਰਨਾ।
ਤੁਸਾ 'ਤੇ ਨਾਜ਼ ਦੁਨੀਆਂ ਨੂੰ, ਤੇ ਇੰਜ ਨਾ ਬੈਠਿਆਂ ਸਰਨਾਂ।
ਅਜ਼ਲ ਤੋਂ ਜਾਣਦਾ ਹਾਂ ਮੈਂ, ਕਲਾਬਾਜ਼ਾਂ ਦੀ ਸਾਜਿਸ਼ ਨੂੰ,
ਇਨ੍ਹਾਂ ਫੁੱਲਾਂ ਦੇ ਸਾਹੀਂ, ਮੌਤ ਦਾ ਬਾਰੂਦ ਹੈ ਭਰਨਾ।
ਮੈਂ ਤਕ ਕੇ ਆਫਰੇ ਸਾਗਰ ਨੂੰ ਠਰ ਜਾਵਾਂ ਤਾਂ ਕਾਇਰ ਹਾਂ,
ਮੇਰੀ ਕਿਸ਼ਤੀ ਨੇ ਹਰ ਤੂਫਾਨ ਦੀ ਹੈ ਹਿੱਕ 'ਤੇ ਤਰਨਾ।
ਜ਼ੁਬਾਂ ਦੇ ਤੀਰ 'ਚੋਂ ਜੰਮਿਆ ਹੋਇਆ ਨਾਸੂਰ ਆਕੀ ਹੈ,
ਕੋਈ ਮੰਤਰ, ਦਵਾ-ਦਾਰੂ ਤਾਂ ਉਸਦਾ ਪਵੇਗਾ ਕਰਨਾ।
ਤੁਸੀਂ ਜਿਸ ਰਾਹ ਦੇ ਪਾਂਧੀ ਹੋ, ਉਦ੍ਹੀ ਮੰਜਲ ਦੁਰੇਡੀ ਹੈ,
ਤੇ ਇਕ ਇਕ ਪੈਰ ਤੇ ਮੁਸ਼ਕਿਲ ਨੂੰ ਹੱਸਕੇ ਪਵੇਗਾ ਜਰਨਾ।
ਜੇ ਲਾ ਕੇ ਹੱਕ ਦਾ ਨਾਹਰਾ ਤੂੰ ਮੁੱਖੜਾ ਦਾਰ ਵੱਲ ਕੀਤਾ,
ਜੇ ਰਹਿਬਰ ਹੈਂ ਮਨੁੱਖਤਾ ਦਾ, ਤਾਂ ਸਿਰ ਦੇਵਣ ਤੋਂ ਕੀ ਡਰਨਾ।
ਤੁਸੀਂ ਰੋਸ਼ਨ ਸਦੀ ਵਿਚ ਵੀ, ਅਜੇ ਪੂਜੋ ਪ੍ਰੇਤਾਂ ਨੂੰ,
ਠਰੇ ਹੋਏ ਦਿਲਾਂ ਨੇ ਹੈ, ਜ਼ਿੰਦਗੀ ਨੂੰ ਇਸ਼ਕ ਕੀ ਕਰਨਾ।

(ਯੂ. ਕੇ.

## ਗ਼ਜ਼ਲ

—ਜਸਵਿੰਦਰ ਮਾ

ਜ਼ਖਮ ਪੈਰਾਂ ਦਾ ਪੈਰਾਂ 'ਚ ਭਾਰੀ ਅਜੇ,
ਸੂਲੀਆਂ ਦਾ ਸਫਰ ਵੀ ਹੈ ਜਾਰੀ ਅਜੇ।
ਪਰ ਕਟੇ ਪੰਛੀਆਂ ਨੇ ਹੈ ਉੱਡਣਾ ਅਜੇ,
ਪਾਰ ਕਰਨੀ ਸਮੁੰਦਰ ਦੀ ਤਾਰੀ ਅਜੇ।
ਕੰਘੀ ਮੇਰੇ ਵੀ ਵਾਲਾਂ 'ਚ ਉਲਝੀ ਪਈ,
ਜ਼ੁਲਫ ਸਮਿਆਂ ਨੇ ਵੀ ਨਾ ਸੰਵਾਰੀ ਅਜੇ।
ਖੌਰੇ ਕਿੰਨੇ ਹਨੇਰੇ ਜੋ ਬਾਕੀ ਪਏ,
ਰਾਤ ਪਲ ਕੁ ਹੀ ਆਪਾਂ ਗੁਜ਼ਾਰੀ ਅਜੇ।
ਦੇ ਰਹੇ ਹੋ ਲਹੂ ਨੂੰ ਨਵੀਂ ਪੀੜ ਕਿਉਂ,
ਚੀਸ ਪਹਿਲੀ ਵੀ ਨਾ ਮੈਂ ਵਿਸਾਰੀ ਅਜੇ।

17 ਹੰਟਰ ਸਟਰੀਟ
ਬਰਟਨ-ਆਨ-ਟਰੈਂਟ (ਯੂ.ਕੇ.)



## ਦਰਿਆ/ਦਰਸ਼ਨ ਬੁਲੰਦਵੀ

ਦਰਿਆ ਪ੍ਰਵਾਹ ਨਹੀਂ ਕਰਦੇ
ਸੰਤਾਪੇ ਹੋਏ ਸਫ਼ਰ ਦੇ
ਕਿੰਨੇ ਮੀਲ ਬਾਕੀ ਹਨ,
ਕਿੰਨਿਆਂ ਮੋੜਾਂ ਦਾ ਹਨੇਰਾ
ਅਜੇ ਹੋਰ ਉਲੰਘਣਾ ਏ.
ਕਿੰਨੇ ਕੁ ਆਪੇ ਖੁਰੇ ਬੰਨ੍ਹਾਂ ਦੀ
ਉਂਗਲ ਦਾ ਜ਼ਖ਼ਮ ਸਹਿਣਾ ਏ,
ਕਿੰਨੇ ਕੁ ਆਪੇ ਡਿੱਗੇ ਪੁਲਾਂ ਦੀ
ਮਿੱਟੀ ਸਿਰ ਪਵਾਉਣੀ ਏ
ਦਰਿਆ ਪ੍ਰਵਾਹ ਨਹੀਂ ਕਰਦੇ
ਇਹ ਤਾਂ ਵਗਦੇ ਹੀ ਰਹਿੰਦੇ ਹਨ
ਆਪਣੀ ਤੇਜ਼ ਧਾਰਾ ਦੇ ਨਾਲ
ਕੰਢੇ ਤੇ ਉੱਗੇ ਰੁੱਖਾਂ ਦੀ
ਸੰਘਣੀ ਛਾਂ ਮਾਣਦੇ ਹੋਏ
ਉਤੋਂ ਡਾਰਾਂ 'ਚ ਲੰਘਦੇ ਪੰਛੀਆਂ ਦੇ
ਮਿੱਠੇ ਗੀਤ ਸੁਣਦੇ ਹੋਏ
ਇਹ ਤਾਂ ਵਗਦੇ ਹੀ ਰਹਿੰਦੇ ਹਨ
ਵਗਣਾ ਇਨ੍ਹਾਂ ਦਾ ਧਰਮ ਹੈ
ਖੜਨਾ ਇਨ੍ਹਾਂ ਦੀ ਮੌਤ
ਇਹ ਪ੍ਰਵਾਹ ਨਹੀਂ ਕਰਦੇ
ਅੱਗੇ ਉਸਰ ਰਹੀ ਦੀਵਾਰ ਹੈ
ਜਾਂ ਰੇਤਾ ਦੀ ਮੱਚਦੀ ਹੋਈ ਪਿਆਸ ਹੈ
ਜਾਂ ਅੱਧ 'ਚੋਂ ਵੰਡਣ ਲਈ
ਕੋਈ ਉਲਰੀ ਹੋਈ ਤਲਵਾਰ ਹੈ
ਇਹ ਪ੍ਰਵਾਹ ਨਹੀਂ ਕਰਦੇ
ਇਹ ਤਾਂ ਲਹੂ ਵਿਚ ਡੁੱਬੇ ਹੋਏ ਵੀ
ਆਪਣੇ ਰਾਹ ਆਪ ਬਣਾ ਲੈਂਦੇ ਹਨ
ਵਹਿਣ ਦੀ ਆਦਤ
ਆਪਣੇ ਹੱਡੀਂ ਰਚਾ ਲੈਂਦੇ ਹਨ
ਉਹ ਜੋ ਦਰਿਆਵਾਂ ਨੂੰ

ਆਡ ਤੋਂ ਵੱਧ ਕੁਝ ਨਹੀਂ ਸਮਝਦੇ
ਮੈਨੂੰ ਉਨ੍ਹਾਂ ਦੀ
ਜਾਲਾ ਲੱਗੀ ਨਜ਼ਰ ਤੇ ਸ਼ੱਕ ਏ
ਉਨ੍ਹਾਂ ਨੂੰ ਚਾਹੀਦਾ ਹੈ
ਕਿ ਉਹ ਕਿਸੇ ਇਤਿਹਾਸ ਦੀ ਪ੍ਰਯੋਗਸ਼ਾਲਾ ਵਿਚ
ਆਪਣੀ ਨਜ਼ਰ ਦਾ ਅਪਰੇਸ਼ਨ ਕਰਾਉਣ
ਅੱਖਾਂ ਤੇ ਲੱਗੀ ਐਨਕ ਦੇ
ਸੀਸ਼ਿਆਂ ਦੀ ਜਾਂਚ ਕਰਾਉਣ
ਉਸ ਤੋਂ ਬਾਅਦ ਹੀ ਵੇਖ ਸਕਦੇ ਹਨ
ਕਿ ਦਰਿਆ ਤਾਂ ਦਸ ਦਰਿਆ ਹਨ
ਸਰਸਵਤੀ ਵਾਂਙ
ਸਾਡੇ ਲਹੂ ਵਿਚ ਤੁਰਦੇ ਹਨ
ਜ਼ੁਬਾਨ ਤੇ ਚੜ੍ਹੀ ਲਿੱਪੀ ਵਾਂਙ
ਸਾਡੇ ਚੋਂ ਅਲੋਪ ਨਹੀਂ ਹੁੰਦੇ
ਅਸੀਂ ਖਾਮੋਸ਼ ਹੋਈਏ
ਤਾਂ ਇਹ ਬੋਲਦੇ ਹਨ
ਅਸੀਂ ਅੱਖਾਂ ਬੰਦ ਕਰੀਏ
ਤਾਂ ਇਹ ਵੇਖਦੇ ਹਨ
ਹਵਾ 'ਚ ਠਹਿਰੇ ਹੋਏ
ਪ੍ਰਸ਼ਨਾਂ ਦਾ ਉੱਤਰ ਹਨ
ਖੰਡਰਾਂ 'ਚ ਗੁਆਚੀ
ਤਾਰੀਖ ਦੀ ਸ਼ਨਾਖ਼ਤ ਹਨ
ਵਗਣਾ ਇਨ੍ਹਾਂ ਦਾ ਧਰਮ ਹੈ
ਖੜ੍ਹਨਾ ਇਨ੍ਹਾਂ ਦੀ ਮੌਤ
ਇਹ ਦਰਿਆ ।

(ਵਰਦਿੰਗ, ਯੂ.ਕੇ,)

---

## ਅਪੀਲ

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) 24 ਮਾਰਚ, 96 (ਐਤਵਾਰ) ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਵਿਸ਼ਾਲ ਪੰਜਾਬੀ ਕਨਵੈਨਸ਼ਨ ਕਰ ਰਹੀ ਹੈ । ਅਦਾਰਾ ਚਿਰਾਗ਼ ਸਮੂਹ ਪੰਜਾਬੀ ਲੇਖਕਾਂ, ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ ਅਤੇ ਆਪਣੇ ਪਾਠਕਾਂ ਨੂੰ ਇਸ ਕਨਵੈਨਸ਼ਨ ਵਿਚ ਸ਼ਾਮਲ ਹੋਣ ਦੀ ਅਪੀਲ ਕਰਦਾ ਸੀ ।

—ਸੰਪਾਦਕੀ ਮੰਡਲ





# ਪੰਜਾਬੀ ਲੇਖਕਾਂ ਦੀ ਏਕਤਾ ਦਾ ਮਸਲਾ

—ਡਾ: ਅਨੂਪ ਸਿੰਘ

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਲੇਖਕਾਂ ਦੀ ਇਕੋ ਇਕ ਕੇਂਦਰੀ ਸੰਸਥਾਂ ਹੈ ਜਿਹੜੀ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੀ ਰਾਖੀ ਤੇ ਵਿਕਾਸ ਲਈ ਨਿਰੰਤਰ ਯਤਨਸ਼ੀਲ ਹੈ । ਕੁਝ ਹੋਰ ਰਾਜਨੀਤਕ ਸੰਗਠਨ ਤੇ ਸੰਸਥਾਵਾਂ ਹੋਰ ਮੰਗਾਂ ਦੇ ਨਾਲ-ਨਾਲ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਵਿਕਾਸ ਦੀ ਗੱਲ ਤਾਂ ਜ਼ਰੂਰ ਕਰਦੀਆਂ ਹਨ ਐਪਰ ਉਨ੍ਹਾਂ ਲਈ ਇਹ ਮਸਲਾ ਪਹਿਲਾ ਤੇ ਆਖਰੀ ਨਹੀਂ ਹੈ ਜਦ ਕਿ ਕੇ. ਪੰ. ਲੇ. ਸਭਾ (ਰਜਿ.) ਦੇ ਸਾਹਮਣੇ ਇਹ ਸਭ ਤੋਂ ਮਹੱਤਵਪੂਰਨ ਅਤੇ ਕੇਂਦਰੀ ਨੁਕਤਾ ਹੈ । ਅਸਲ ਵਿਚ ਇਹ ਸਭਾ ਇਕ ਚਿਰਾਗ ਵਾਂਗ ਹੈ ਜਿਹੜੀ ਪੰਜਾਬੀ ਲੋਕਾਂ ਨੂੰ ਮਾਂ-ਬੋਲੀ ਪੰਜਾਬੀ, ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਰਾਖੀ ਤੇ ਉਨਤੀ ਲਈ ਸੰਘਰਸ਼ਸ਼ੀਲ ਰਹਿਣ ਦਾ ਚਾਨਣ ਰੂਪੀ ਸੁਨੇਹਾ ਵੰਡ ਰਹੀ ਹੈ । ਇਸ ਲਈ ਸਮੂਹ ਪੰਜਾਬੀ ਲੇਖਕਾਂ, ਸਾਹਿਤਕਾਰਾਂ, ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਦਾ ਪਵਿੱਤਰ ਫਰਜ਼ ਹੈ ਕਿ ਉਹ ਇਸ ਚਿਰਾਗ਼ ਨੂੰ ਜਗਦਾ ਰੱਖਣ ਅਤੇ ਇਸ ਲਈ ਲੋੜੀਂਦੀ ਕੁਰਬਾਨੀ ਕਰਨ । 26 ਨਵੰਬਰ, 95 ਨੂੰ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਚੋਣ ਤੋਂ ਬਾਅਦ ਚੁਣੇ ਗਏ ਜਨਰਲ ਸਕੱਤਰ ਸ੍ਰੀ ਅਵਤਾਰ ਜੰਡਾ ਦੀ ਪਹਿਲੀ ਪ੍ਰੈਸ ਕਾਨਫਰੰਸ, ਚੁਣੇ ਗਏ ਪ੍ਰਧਾਨ ਸ੍ਰੀ ਸੰਤੋਖ ਸਿੰਘ ਧੀਰ ਦੇ ਅਖਬਾਰਾਂ ਵਿਚ "ਜਿੱਤ ਨਹੀਂ ਹਾਰ" ਦੇ ਸਿਰਲੇਖ ਹੇਠ ਲਿਖੇ ਲੇਖ ਅਤੇ ਸ੍ਰੀ ਤੇਜਵੰਤ ਮਾਨ ਵਲੋਂ ਇਸ ਲੇਖ ਦੇ ਪ੍ਰਤੀਕਰਮ ਵਿਚ ਲਿਖੇ ਜਵਾਬੀ ਲੇਖ ਨਾਲ ਪੰਜਾਬੀ ਲੇਖਕਾਂ ਦੀ ਏਕਤਾ ਦਾ ਮਸਲਾ ਮੁੜ ਏਜੰਡੇ ਤੇ ਆ ਗਿਆ ਹੈ ।

ਸਵੈ-ਇੱਛਿਕ ਸੰਗਠਨਾਂ ਦੀ ਕਾਰਜਸ਼ੀਲਤਾ ਲਈ ਜਮਹੂਰੀ ਕਾਰਜਵਿਧੀ ਬੜੀ ਜ਼ਰੂਰੀ ਹੈ । ਸੰਵਿਧਾਨ ਜਮਹੂਰੀ ਕਾਰਜਵਿਧੀ ਲਈ ਹੀ ਹੁੰਦਾ ਹੈ । ਜਮਹੂਰੀ ਚੋਣ ਅਤੇ ਕੰਮ ਢੰਗ ਕਿਸੇ ਵੀ ਸੰਸਥਾ ਦਾ ਜਿੰਦ ਜਾਨ ਹੁੰਦਾ ਹੈ । ਕੇ. ਪੰ. ਲੇ. ਸਭਾ (ਰਜਿ.) ਦੀ ਹਰ ਦੋ ਸਾਲਾਂ ਬਾਅਦ ਬਾਕਾਇਦਾ ਜਮਹੂਰੀ ਢੰਗ ਨਾਲ ਚੋਣ ਹੁੰਦੀ ਹੈ ਅਤੇ ਸਭਾ ਦਾ ਹਰੇਕ ਫੈਸਲਾ ਕਾਰਜਕਾਰਨੀ ਦੀ ਮੀਟਿੰਗ ਵਿਚ ਆਮ ਸਹਿਮਤੀ ਦੇ ਆਧਾਰ 'ਤੇ ਲਿਆ ਜਾਂਦਾ ਹੈ । ਜਮਹੂਰੀ ਕਾਰਜ ਵਿਧੀ ਦਾ ਪਹਿਲਾ ਨੁਕਤਾ ਹੈ ਕਿ ਫੈਸਲੇ ਲੈਣ ਦੀ ਪ੍ਰਕ੍ਰਿਆ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਭਾਈਵਾਲ ਬਣਾਇਆ ਜਾਵੇ ਤਾਂ ਜੋ ਫੈਸਲੇ ਲਾਗੂ ਕਰਨ ਲੱਗਿਆਂ ਕੋਈ ਕਠਿਨਾਈ ਨਾ ਆਵੇ । ਸਵੈ-ਇੱਛਿਕ ਸੰਸਥਾਵਾਂ ਵਿਚ ਭਰਪੂਰ ਯਤਨ ਕਰਨਾ ਹੁੰਦਾ ਹੈ ਕਿ ਫੈਸਲੇ ਆਮ ਰਾਏ ਜਾਂ ਸਰਵ-ਸੰਮਤੀ ਨਾਲ ਲਏ ਜਾਣ ਅਤੇ ਜੇਕਰ ਕਿਸੇ ਮੁੱਦੇ ਵਿਸ਼ੇਸ਼ 'ਤੇ ਅਜਿਹਾ ਸੰਭਵ ਨਾ ਹੋਵੇ ਤਾਂ ਬਹੁ-ਸੰਮਤੀ ਦੀ ਰਾਏ ਪ੍ਰਵਾਨ ਕਰਨੀ ਹੁੰਦੀ ਹੈ । ਅਜਿਹਾ ਕਰਦਿਆਂ ਧੜੇਬੰਦਕ ਪਹੁੰਚ ਦਾ ਤਿਆਗ ਬੜਾ ਜ਼ਰੂਰੀ ਹੁੰਦਾ ਹੈ । ਇਸ ਸਥਿਤੀ ਵਿਚ ਸਭਾ ਦੇ ਵਡੇਰੇ ਆਦਰਸ਼ ਤੇ ਉਦੇਸ਼ ਹੀ ਮਾਰਗ ਦਰਸ਼ਕ ਹੋਣੇ ਚਾਹੀਦੇ ਹਨ । ਜਮਹੂਰੀ ਭਾਵਨਾ ਇਹ ਵੀ ਮੰਗ ਕਰਦੀ ਹੈ ਕਿ ਫੈਸਲੇ ਲੈਣ ਲੱਗਿਆਂ ਭਰਪੂਰ ਵਿਚਾਰ-ਵਟਾਂਦਰਾ ਕੀਤਾ ਜਾਵੇ ਅਤੇ ਸਾਰੇ ਕੋਨਾਂ ਤੋਂ ਮਸਲੇ ਨੂੰ ਵਿਚਾਰਿਆ

ਜਾਵੇ । ਐਪਰ ਲਾਗੂ ਕਰਨ ਲੱਗਿਆਂ ਪੂਰੀ ਸ਼ਕਤੀ ਲੇਖੇ ਲਾਈ ਜਾਵੇ । ਜਮਹੂਰੀ ਕਾਰਜਵਿਧੀ ਅਤੇ ਭਾਵਨਾ ਅਨੁਸਾਰ ਬਹੁਸੰਮਤੀ ਨੇ ਘੱਟ ਗਿਣਤੀ ਦੀਆਂ ਭਾਵਨਾਵਾਂ ਤੇ ਵਿਚਾਰਾਂ ਦਾ ਖਿਆਲ ਰੱਖਣਾ ਹੁੰਦਾ ਹੈ ਅਤੇ ਘੱਟ ਗਿਣਤੀ ਨੇ ਬਹੁ-ਸੰਮਤੀ ਦੇ ਫੈਸਲੇ ਨੂੰ ਪੂਰੀ ਇਮਾਨਦਾਰੀ ਅਤੇ ਸੁਹਿਰਦਤਾ ਨਾਲ ਲਾਗੂ ਕਰਨਾ ਹੁੰਦਾ ਹੈ । ਜੇਕਰ ਕਿਸੇ ਵਿਅਕਤੀ ਵਿਸ਼ੇਸ਼ ਦੀ ਰਾਏ ਬਹੁ-ਸੰਮਤੀ ਨਾਲ ਨਹੀਂ ਮਿਲਦੀ ਤਾਂ ਉਸ ਨੂੰ ਆਪਣੀ ,ਰਾਏ ਬੇਬਾਕੀ ਨਾਲ ਕਾਰਜਕਾਰਨੀ ਵਿਚ ਰੱਖਣੀ ਚਾਹੀਦੀ ਹੈ । ਇਸ ਮੰਤਵ ਲਈ ਪ੍ਰੈਸ ਜਾਂ ਖੁੱਲ੍ਹੇ ਆਮ ਭੰਡੀ ਪ੍ਰਚਾਰ ਜਮਹੂਰੀ ਭਾਵਨਾ ਦੇ ਉਲਟ ਹੈ । ਕੁਝ ਵਿਅਕਤੀਆਂ ਦਾ ਕੰਮ-ਢੰਗ ਦੂਜਿਆਂ ਨੂੰ ਪਸੰਦ ਨਹੀਂ ਹੋ ਸਕਦਾ—ਪਰ ਇਸ ਲਈ ਸਭਾ ਨੂੰ ਕੋਸੀ ਜਾਣਾ ਠੀਕ ਨਹੀਂ ਹੈ ਜਾਂ ਸਭਾ ਦੀਆਂ ਸਰਗਰਮੀਆਂ ਜਾਂ ਪ੍ਰਾਪਤੀਆਂ ਨੂੰ ਘਟਾ ਕੇ ਵੇਖਣਾ, ਪੇਸ਼ ਕਰਨਾ ਜਾਂ ਉੱਕਾ ਹੀ ਨਜ਼ਰ ਅੰਦਾਜ਼ ਕਰ ਦੇਣਾ ਸਭਾ ਲਈ ਘਾਤਕ ਹੈ । ਜਮਹੂਰੀ ਭਾਵਨਾ ਇਹ ਵੀ ਮੰਗ ਕਰਦੀ ਹੈ ਕਿ ਸੰਬੰਧਿਤ ਸਥਾਨਕ ਸਭਾਵਾਂ ਕੇਂ. ਪੰ. ਲੇ. ਸਭਾ (ਰਜਿ.) ਦੇ ਫੈਸਲਿਆਂ ਨੂੰ ਪੂਰੀ ਤਨਦੇਹੀ ਨਾਲ ਲਾਗੂ ਕਰਨ, ਸਭਾ ਨੂੰ ਲੋੜੀਂਦਾ ਤੇ ਬਣਦਾ ਫੰਡ ਮੁਹੱਈਆ ਕਰਨ ਅਤੇ ਸਭਾ ਦੀ ਹਰ ਸਰਗਰਮੀ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ।

ਸਵੈ-ਇੱਛਿਕ ਜਨਤਕ ਜਥੇਬੰਦੀਆਂ ਅਤੇ ਮੰਚਾਂ ਨੂੰ ਚਲਾਉਣ ਲਈ, ਨਿਰੰਤਰ ਸਰਗਰਮ ਰੱਖਣ ਲਈ ਅਤੇ ਇੱਛਿਤ ਸਿੱਟੇ ਕੱਢਣ ਲਈ ਕੁਰਬਾਨੀ ਕਰਨੀ ਪੈਂਦੀ ਹੈ, ਪਰਿਵਾਰਕ ਸੁੱਖ-ਆਰਾਮ ਤਿਆਗਣੇ ਪੈਂਦੇ ਹਨ । ਪਰਿਵਾਰਕ ਅਤੇ ਸਮਾਜਕ ਵਿਰੋਧ ਦਾ ਟਾਕਰਾ ਕਰਨਾ ਪੈਂਦਾ ਹੈ । ਜਮਾਤੀ ਵਿਵਸਥਾ ਦੀ ਕਰੋਪੀ ਦਾ ਸ਼ਿਕਾਰ ਹੋਣਾ ਪੈਂਦਾ ਹੈ । ਅਸੀਂ ਸਾਰੇ ਕਿਉਂਕਿ ਸਵੈ-ਇੱਛਾ ਨਾਲ ਜਨਤਕ ਜਥੇਬੰਦੀਆਂ ਵਿਚ ਕੰਮ ਕਰਦੇ ਹਾਂ, ਇਸ ਲਈ ਸਾਨੂੰ ਇਹ ਸਾਰਾ ਕੁਝ ਸਹਿਣਾ-ਸਹਾਰਨਾ ਪਵੇਗਾ । ਮਿਹਨਤ, ਤਿਆਗ ਅਤੇ ਕੁਰਬਾਨੀ ਤੋਂ ਬਗੈਰ ਇੱਛਿਤ ਸਿੱਟੇ ਨਹੀਂ ਕੱਢੇ ਜਾ ਸਕਦੇ । ਕੁਝ ਮੱਧ-ਸ਼੍ਰੇਣਕ ਲੇਖਕਾਂ ਦਾ ਦੁਖਾਂਤ ਹੀ ਇਹ ਹੈ ਕਿ ਉਹ ਅਜਿਹਾ ਕਰਦੇ ਵੀ ਨਹੀਂ ਹਨ ਅਤੇ ਆਪਣੀ ਕਰਮਹੀਣਤਾ 'ਤੇ ਪਰਦਾ ਪਾਉਣ, ਨੁਕਸ ਕੱਢਣ, ਦੋਸ਼ ਲਗਾਉਣ ਅਤੇ ਭੰਡੀ ਪ੍ਰਚਾਰ ਲਈ ਆਪਣੀ ਜ਼ੁਬਾਨ ਤੇ ਕਲਮ ਦੀ ਦੁਰਵਰਤੋਂ ਕਰਦੇ ਹਨ । ਕੇਂ. ਪੰ. ਲੇ. ਸਭਾ (ਰਜਿ.) ਦੀ ਜਮਹੂਰੀ ਕਾਰਕਰਦਗੀ ਅਤੇ ਆਮ ਮਜ਼ਬੂਤੀ ਲਈ ਇਹ ਸਾਰਾ ਕੁਝ ਰੁਕਣਾ ਚਾਹੀਦਾ ਹੈ ਕਿਉਂਕਿ ਉਦੇਸ਼ ਬਹੁਤ ਵੱਡੇ ਤੇ ਉਚੇਰੇ ਹਨ । ਇਨ੍ਹਾਂ ਦੇ ਮੁਕਾਬਲੇ ਵਿਅਕਤੀਗਤ ਹਉਂ ਦੀ ਪੂਰਤੀ ਤੇ ਪ੍ਰਗਟਾਵਾ ਬਹੁਤ ਹੀ ਤੁਛ ਮਸਲੇ ਹਨ ।

ਉਪਰੋਕਤ ਵਰਣਿਤ ਪਰਿਪੇਖ ਵਿਚ ਹੀ ਪ੍ਰੈਸ ਬਿਆਨ ਅਤੇ ਲੇਖਾਂ ਵਿਚਲੇ ਏਕੇ ਬਾਰੇ ਵਿਚਾਰਾਂ ਨੂੰ ਸੰਖੇਪ ਵਿਚ ਦੇ ਕੇ ਲੇਖਕਾਂ ਦੀ ਏਕਤਾ ਦਾ ਮਸਲਾ ਵਿਚਾਰਿਆ ਜਾਵੇਗਾ । ਪ੍ਰੋ. ਜੌੜਾ ਨੇ "ਕੇਂ. ਪੰ. ਲੇ. ਸਭਾ (ਰਜਿ.) ਅਤੇ ਡਾ. ਤੇਜਵੰਤ ਮਾਨ ਸਭਾ ਨੂੰ ਇਕ ਕਰਨ ਦੇ ਮਸਲੇ ਬਾਰੇ ਬੋਲਦਿਆਂ ਕਿਹਾ ਕਿ ਉਕਤ ਮਕਸਦ ਵੀ ਸ਼ਾਡੀ ਜੱਦੋ-ਜਹਿਦ ਦਾ ਇਕ ਹਿੱਸਾ ਹੈ, ਪਰੰਤੂ ਕੁਝ ਇਕ ਵਿਸ਼ੇਸ਼ ਵਿਅਕਤੀਆਂ ਦੀ ਵਜ੍ਹਾ ਕਰ ਕੇ ਫਿਲਹਾਲ ਇਹ ਮਸਲਾ ਖਟਾਈ ਵਿਚ ਹੀ ਪੈ ਗਿਆ ਹੈ ।" ਪ੍ਰੈਸ ਬਿਆਨ ਅਨੁਸਾਰ ਉਹ "ਏਕਤਾ ਬਾਰੇ ਹਾਂ-ਪੱਖੀ ਰਵੱਈਆ ਅਪਣਾਉਣਗੇ । ਫਜ਼ੂਲ ਦੇ ਟਕਰਾਅ ਨੂੰ ਖਤਮ ਕਰਕੇ ਫੈਸਲਾ-ਕੁੰਨ ਸੰਵਾਦ ਰਚਾਉਣਗੇ ।" ਪਰ ਨਾਲ ਹੀ ਉਨ੍ਹਾਂ ਕਿਹਾ ਕਿ ਦੋਹਾਂ ਧੜਿਆਂ ਵਿਚ ਪਾੜਾ ਏਨਾ ਵਧ ਗਿਆ ਹੈ ਕਿ ਏਕਤਾ ਦੀ ਬਹੁਤੀ ਸੰਭਾਵਨਾ



ਨਜ਼ਰ ਨਹੀਂ ਆਉਂਦੀ ।" 2 ਦਸੰਬਰ 95 ਨੂੰ ਸ੍ਰੀ "ਮਾਨ" ਨੂੰ ਲਿਖੀ ਚਿੱਠੀ ਵਿਚ ਉਨ੍ਹਾਂ ਲਿਖਿਆ ਹੈ, "ਹਾਲ ਦੀ ਘੜੀ ਦੋਨਾਂ ਸਭਾਵਾਂ ਵਿਚ ਕੁਝ ਸਾਂਝੇ ਮੁੱਦਿਆਂ ਤੇ ਤਾਲਮੇਲ ਕਰਕੇ ਸਰਗਰਮ ਹੋਇਆ ਜਾਵੇ ।" ਸ੍ਰੀ 'ਮਾਨ' ਵੀ ਸਹਿਮਤ ਹੈ ਕਿ "ਸਾਨੂੰ ਹਾਲਾਂ ਕੁਝ ਸਾਂਝੀਆਂ ਸਰਗਰਮੀਆਂ ਕਰਨੀਆਂ ਚਾਹੀਦੀਆਂ ਹਨ । ਕੇਂ. ਪੰ. ਲੇ. ਸਭਾ (ਸੇਖੋਂ) ਤਾਂ ਪਹਿਲਾਂ ਵੀ ਧਰਨਿਆਂ ਦੇ ਪ੍ਰੋਗਰਾਮਾਂ ਵਿਚ ਸਹਿਯੋਗ ਵੀ ਦਿੰਦੀ ਰਹੀ ਹੈ ।" ਇਸੇ ਪ੍ਰਸੰਗ ਵਿਚ ਸ੍ਰੀ ਸੰਤੋਖ ਸਿੰਘ ਧੀਰ ਫਰਮਾਉਂਦੇ ਹਨ : "ਹਿੰਦੁਸਤਾਨ ਬਦਕਿਸਮਤ ਹੈ ਕਿਉਂਕਿ ਏਥੇ ਖੱਬੀ ਲਹਿਰ ਦੋਫਾੜ ਜਾਂ ਚੁਫਾੜ ਹੀ ਨਹੀਂ, ਸੈਂਕੜੇ ਹੀ ਫਾੜੀਆਂ ਵਿਚ ਲੀਰਾਂ ਹੋਈ ਪਈ ਹੈ ।......ਮੁੱਖ ਨਾਅਰਾ ਸਾਰੇ ਹੀ ਇਕੋ ਉੱਚਾ ਕਰਦੇ ਹਨ : ਦੁਨੀਆਂ ਭਰ ਦੇ ਮਿਹਨਤਕਸ਼ੋ, ਇਕ ਹੋ ਜਾਓ । ਜਿਹੜੇ ਖ਼ੁਦ ਆਪ ਲੀਰਾਂ-ਲੀਰਾਂ ਹੋਏ ਫਿਰਦੇ ਹਨ, ਉਹ ਦੁਨੀਆਂ ਭਰ ਦੇ ਮਿਹਨਤਕਸ਼ਾਂ ਨੂੰ ਇਕ ਹੋਣ ਲਈ ਕਹਿੰਦੇ ਹਨ । ਕੀ ਇਹਨਾਂ ਦੇ ਆਖਣ ਨਾਲ ਦੁਨੀਆਂ ਭਰ ਦੇ ਮਿਹਨਕਕਸ਼ ਕਦੇ ਇਕ ਹੋ ਸਕਦੇ ਹਨ ? ਉਹ ਆਖਣਗੇ ਕਿ ਪਹਿਲਾਂ ਆਪਣੇ ਮੰਜੇ ਹੇਠ ਤਾਂ ਸੋਟੀ ਫੇਰੋ । ਸਾਨੂੰ ਫੇਰ ਆਖਿਓ । ਕਿਸ ਮੂੰਹ ਨਾਲ ਕਹਿੰਦੇ ਹੋ ਸਾਨੂੰ ਇਕ ਹੋਣ ਲਈ ਤੁਸੀਂ ?......ਪੰਜਾਬੀ ਦੀ ਬਦਕਿਸਮਤੀ ਨੂੰ ਅੱਜ ਪੰਜਾਬੀ ਲੇਖਕਾਂ ਦੀਆਂ ਦੋ ਕੇਂਦਰੀ ਸਭਾਵਾਂ ਹਨ । ਇਹ ਪੰਜਾਬੀ ਸਾਹਿਤ ਜਗਤ ਦਾ ਅੰਤਾਂ ਦਾ ਦੁਖਾਂਤ ਹੈ ।......ਫੁੱਟ ਦੀ ਅੱਯਾਸ਼ੀ ਹੁਣ ਵਾਰਾ ਨਹੀਂ ਖਾਂਦੀ । ਬਹੁਤ ਸਮਾਂ ਇਹ ਅੱਯਾਸ਼ੀ ਕਰ ਕੇ ਦੇਖ ਲਈ ਹੈ । ਇਹ ਬਹੁਤ ਮਹਿੰਗੀ ਪੈ ਰਹੀ ਹੈ । ਇਸ ਦੀ ਕੀਮਤ ਸਾਰੀ ਪੰਜਾਬੀ ਕੌਮੀਅਤ ਨੂੰ ਦੇਣੀ ਪੈ ਰਹੀ ਹੈ । ਸਾਨੂੰ ਇਸ ਨਿਘਾਰ ਨੂੰ ਹੁਣ ਖਤਮ ਕਰਨਾ ਚਾਹੀਦਾ ਹੈ ।...... ਤੇਜਵੰਤ ਪਰਤ ਆਵੇ, ਮੈਂ ਉਸ ਲਈ ਪ੍ਰਧਾਨਗੀ ਦੀ ਕੁਰਸੀ ਖਾਲੀ ਕਰਨ ਲਈ ਤਿਆਰ ਹਾਂ । ਤੇਜਵੰਤ ਮਾਨ ਪ੍ਰਧਾਨਗੀ ਦੀ ਕੁਰਸੀ ਉੱਤੇ ਬੈਠੇ, ਮੈਂ ਉਸ ਤੋਂ ਨੀਵਾਂ ਬਹਿ ਜਾਵਾਂਗਾ ।" ਸ੍ਰੀ ਤੇਜਵੰਤ ਮਾਨ ਨੇ "ਨਵਾਂ ਜ਼ਮਾਨਾ" ਅਖਬਾਰ ਵਲੋਂ ਧੁੰਦ ਖਿਲਾਰਨ, ਅਸਪੱਸ਼ਟਤਾ ਫੈਲਾਉਣ ਅਤੇ ਫੁੱਟ ਦੀ ਪ੍ਰਕ੍ਰਿਆ ਪੱਕਿਆਂ ਕਰਨ ਦੇ ਉਦੇਸ਼ ਨਾਲ ਉਪਲਬਧ ਕਰਵਾਏ ਪੰਨਿਆਂ ਦੀ "ਸੁਯੋਗ" ਵਰਤੋਂ ਕਰਦਿਆਂ ਏਕੇ ਬਾਰੇ ਆਪਣਾ ਫਾਰਮੂਲਾ ਪੇਸ਼ ਕੀਤਾ ਹੈ : "ਏਕਤਾ ਕਰਨ ਲਈ ਦੋਵਾਂ ਸਭਾਵਾਂ ਦੀ ਇਕ ਸਾਂਝੀ ਕਮੇਟੀ ਬਰਾਬਰਤਾ ਦੇ ਆਧਾਰ ਉੱਤੇ ਕਦੀ ਵੀ ਬਣਾਈ ਜਾ ਸਕਦੀ ਹੈ । ਇਸ ਕਮੇਟੀ ਵਲੋਂ ਏਕਤਾ ਦਾ ਮਸੌਦਾ ਪਹਿਲਾਂ ਪਾਸ ਹੋਵੇਗਾ । ਫੇਰ ਦੋਵਾਂ ਸਭਾਵਾਂ ਦੇ ਜਨਰਲ ਅਜਲਾਸ ਪਾਸ ਕਰਕੇ ਏਕਤਾ ਦਾ ਸਮਰਥਨ ਕਰਨਗੇ ਅਤੇ ਦੋਵਾਂ ਸਭਾਵਾਂ ਦਾ ਸਾਂਝਾ ਅਜਲਾਸ ਸੱਦ ਕੇ ਨਵੀਂ ਆਗੂ ਟੀਮ ਚੁਣੀ ਜਾ ਸਕੇਗੀ ।"

ਮਿਹਨਤਕਸ਼ ਲੋਕਾਂ ਦਰਮਿਆਨ ਫੌਲਾਦੀ ਏਕਾ ਹੋਣਾ ਬੜਾ ਜ਼ਰੂਰੀ ਹੈ । ਏਕੇ ਦੀ ਮਹੱਤਤਾ ਦਰਸਾਉਂਦੇ ਬਹੁਤ ਸਾਰੇ ਕਥਨ, ਵਿਚਾਰ ਅਤੇ ਲੋਕ-ਉੱਕਤੀਆਂ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ । ਏਕੇ ਤੋਂ ਕਿਸੇ ਨੂੰ ਇਤਰਾਜ਼ ਨਹੀਂ ਹੋ ਸਕਦਾ । ਇਸ ਲਈ ਲੋਕਾਂ ਦੀਆਂ ਏਕੇ ਲਈ ਭਾਵਨਾਵਾਂ ਅਤੇ ਇੱਛਾਵਾਂ ਦਾ ਸਤਿਕਾਰ ਕਰਦਿਆਂ ਏਕੇ ਲਈ ਯਤਨਸ਼ੀਲ ਰਹਿਣਾ ਬੜਾ ਜ਼ਰੂਰੀ ਹੈ । ਇਸ ਲਈ ਅਹੁਦਿਆਂ ਦੀ ਕੁਰਬਾਨੀ ਜਾਂ ਤਿਆਗ ਬੜੀ ਹੀ ਮਾਮੂਲੀ ਗੱਲ ਹੈ । ਐਪਰ ਨਾਲ ਹੀ ਇਹ ਸਪੱਸ਼ਟ ਹੋਣਾ ਜ਼ਰੂਰੀ ਹੈ ਕਿ ਏਕਾ ਨਿਰੋਲ ਸ਼ੁਭ-ਇੱਛਾਵਾਂ ਜਾਂ ਕੇਵਲ ਭਾਵੁਕ ਅਪੀਲਾਂ ਨਾਲ ਨਹੀਂ ਹੋ ਸਕਦਾ । ਇਹ ਵੀ ਲੜ ਕੇ ਪ੍ਰਾਪਤ ਕਰਨਾ ਹੁੰਦਾ ਹੈ । ਇਸ ਲਈ ਇਕ ਨਿਸ਼ਚਿਤ ਵਿਧੀ ਅਤੇ ਕੁਝ ਅਸੂਲ ਹੁੰਦੇ ਹਨ । ਇਸ ਲਈ ਦੋ ਗੱਲਾਂ ਦਾ ਸਪੱਸ਼ਟ ਹੋਣਾ ਬੜਾ ਹੀ ਜ਼ਰੂਰੀ

ਹੈ। ਪਹਿਲੇ : ਏਕਾ ਕਿਸ ਮੰਤਵ ਲਈ ਕਰਨਾ ਹੈ ? ਭਾਵ ਉਦੇਸ਼ ਆਪਣੀਆਂ ਬਾਰੀਕੀਆ ਸਮੇਤ ਸਪੱਸ਼ਟ ਹੋਣੇ ਚਾਹੀਦੇ ਹਨ। ਏਕਾ ਉਚੇਰੇ ਉਦੇਸ਼ਾਂ ਦੀ ਪੂਰਤੀ ਲਈ ਸੰਘਰਸ਼ਸ਼ੀਲ ਰਹਿਣ ਲਈ ਹੋਣਾ ਚਾਹੀਦਾ ਹੈ ਨਾ ਕਿ ਅਹੁਦੇ ਵੰਡਣ ਲਈ ਜਾਂ ਨਿਜਗਤ ਹਉਂ ਦੀ ਪੂਰਤੀ ਲਈ ਜਾਂ ਬਿੰਦੀਆਂ ਚਮਕਾਉਣ ਲਈ। ਏਕੇ ਲਈ ਭਾਵੁਕ ਅਪੀਲਾਂ ਜਾਂ ਏਕੇ ਦਾ ਮਹੱਤਵ ਦਰਸਾਉਂਦੇ ਕਥਨਾਂ ਦਾ ਦੁਹਰਾਓ ਬਹੁਤਾ ਕੁਝ ਨਹੀਂ ਸੁਆਰ ਸਕੇਗਾ। ਉਦਾਹਰਣ ਹਿੱਤ ਜੇਕਰ ਦੋ ਚਾਰ ਵਿਅਕਤੀ ਪਹਿਲਾਂ ਕਿਸੇ ਸਵੈ-ਇੱਛਿਕ ਸੰਸਥਾ ਵਿਚ ਫੁੱਟ ਆਉਣ, ਆਪਣੀ ਅੱਧ-ਪਾ ਦੀ ਖਿੱਚੜੀ ਵੱਖਰੀ ਧਰਨ ਜਾਂ ਅੱਧੀ ਇੱਟ ਦੀ ਮਸੀਤ ਖੜ੍ਹੀ ਕਰਨ ਅਤੇ ਫਿਰ ਏਕੇ ਲਈ ਅਪੀਲਾਂ ਕਰਨ ਤਾਂ ਉਹ ਆਪਣੀ ਮਕਾਰੀ ਹੀ ਨੰਗੀ ਕਰ ਰਹੇ ਹੋਣਗੇ। ਜੇਕਰ ਅਜਿਹੇ ਵਿਅਕਤੀਆਂ ਨੂੰ ਏਕਾ ਏਨਾ ਹੀ ਪਿਆਰਾ ਸੀ ਜਾਂ ਹੈ ਤਾਂ ਪਹਿਲਾਂ ਵੱਖ ਹੀ ਕਿਉਂ ਹੋਣਾ ਸੀ ? ਹੁਣ ਜਿਹੜੀ ਸੌਦੇਬਾਜ਼ੀ ਕਰਨ ਦੀ ਇੱਛਾ ਮਨ ਵਿਚ ਹੈ ਉਹ ਫੁੱਟ ਪਾਉਣ ਵੇਲੇ ਹੀ ਵੇਖ ਲੈਣੀ ਚਾਹੀਦੀ ਸੀ।

ਏਕੇ ਲਈ ਦੂਜਾ ਸਰਵ-ਪ੍ਰਵਾਨਿਤ ਅਸੂਲ ਜਮਹੂਰੀ ਕਾਰਜ ਵਿਧੀ ਹੈ ਜਿਸ ਦੇ ਅੱਗੋਂ ਕੁਝ ਉਪ ਅਸੂਲ ਹਨ। ਇਨ੍ਹਾਂ ਵਿਚ ਆਮ ਰਾਏ ਉਸਾਰਨ ਦਾ ਯਤਨ ਕਰਨਾ, ਬਹੁ-ਸੰਮਤੀ ਦੀ ਰਾਏ ਦਾ ਸਤਿਕਾਰ ਕਰਨਾ ਅਤੇ ਉੱਪਰਲੇ ਅਦਾਰੇ ਦੀ ਸਮਝ ਤੇ ਫੈਸਲਿਆਂ ਨੂੰ ਲਾਗੂ ਕਰਨਾ ਸ਼ਾਮਲ ਕੀਤਾ ਜਾ ਸਕਦਾ ਹੈ। ਜਮਹੂਰੀਅਤ ਦੀ ਭਾਵਨਾ ਮੰਗ ਕਰਦੀ ਹੈ ਕਿ ਸੰਬੰਧਿਤ ਕਮੇਟੀਆਂ ਵਿਚ ਫੈਸਲੇ ਕਰਨ ਲੱਗਿਆਂ ਆਪਣੀ ਰਾਏ ਬੇਬਾਕੀ ਨਾਲ ਦਿੱਤੀ ਜਾਵੇ, ਪਰ ਫੈਸਲਾ ਲਾਗੂ ਕਰਨ ਵੇਲੇ ਪੂਰੀ ਸੁਹਿਰਦਤਾ ਅਤੇ ਤਨਦੇਹੀ ਨਾਲ ਜੁੱਟਿਆ ਜਾਵੇ। ਇਸ ਸੰਦਰਭ ਵਿਚ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਸਾਨੂੰ ਲੇਖਕਾਂ ਦੀ ਏਕਤਾ ਦੀ ਗੱਲ ਕਰਨੀ ਚਾਹੀਦੀ ਹੈ ਕਿ ਨਾ ਕਿ "ਦੋਹਾਂ ਕੇਂਦਰੀਆਂ" ਦੇ ਏਕੇ ਦੀ ਗੱਲ ਕਰਨੀ ਚਾਹੀਦੀ ਹੈ। ਕਾਰਨ ਇਹ ਹੈ ਕਿ ਜੇਕਰ ਕਲ੍ਹ ਨੂੰ ਕੋਈ ਹੋਰ ਵਿਅਕਤੀ "ਤੀਜੀ ਕੇਂਦਰੀ" ਖੜ੍ਹੀ ਕਰ ਲੈਣ ਅਤੇ ਫਿਰ ਉਹ ਵੀ ਸ੍ਰੀ ਤੇਜਵੰਤ ਮਾਨ ਵਾਂਗ ਕਹਿਣ ਕਿ ਸਾਨੂੰ ਵੀ ਬਰਾਬਰ ਦੀ ਪ੍ਰਤੀਨਿਧਤਾ ਦਿਓ (ਸਾਡੇ ਵੀ ਸਿਧਾਂਤਕ ਮੱਤਭੇਦ ਹਨ) ਤਾਂ ਇਹ ਗੱਲ ਸਿਧਾਂਤ ਰੂਪ ਵਿਚ ਅਤੇ ਵਿਵਹਾਰਕ ਰੂਪ ਵਿਚ ਤਾਂ ਗਲਤ ਹੋਵੇਗੀ ਹੀ, ਸਗੋਂ ਅਸਲ ਵਿਚ ਫੁੱਟ ਦੀ ਪ੍ਰਕ੍ਰਿਆ ਨੂੰ ਹੋਰ ਤੇਜ਼ ਕਰਨ ਵਾਲੀ ਹੋਵੇਗੀ। ਇਸ ਲਈ ਕੇਂ. ਪੰ. ਲੇ. ਸਭਾ ਦੀ ਕਿਸੇ ਵੱਖਰੇ ਕੇਂਦਰ ਜਾਂ ਹੋਂਦ ਨੂੰ ਪ੍ਰਵਾਨ ਕਰ ਲੈਣਾ ਜਾਂ ਵਿਚਾਰ ਵਟਾਂਦਰੇ ਲਈ ਬਰਾਬਰ ਪ੍ਰਤੀਨਿਧਤਾ ਦੇਣ ਦਾ ਅਰਥ ਹੈ ਕਿ ਫੁੱਟ ਨੂੰ ਹੋਰ ਉਤਸ਼ਾਹਿਤ ਕਰਨਾ, ਹੋਰ "ਕੇਂਦਰੀਆ" ਦੇ ਬਣਨ ਦੀ ਪ੍ਰਕ੍ਰਿਆ ਨੂੰ ਤੇਜ਼ ਕਰਨਾ ਆਦਿ। ਇਸ ਲਈ ਸ੍ਰੀ ਸੰਤੋਖ ਸਿੰਘ ਧੀਰ ਦਾ ਇਹ ਪ੍ਰਵਾਨ ਕਰ ਲੈਣਾ ਹੀ ਗ਼ਲਤ ਹੈ ਕਿ "ਅੱਜ ਦੋ ਕੇਂਦਰੀਆਂ ਬਣੀਆਂ ਹੋਈਆਂ ਹਨ ਅਤੇ ਇਹ ਪੰਜਾਬੀ ਸਾਹਿਤ ਜਗਤ ਦਾ ਅੰਤਾਂ ਦਾ ਦੁਖਾਂਤ ਹੈ।" ਧੀਰ ਸਾਹਿਬ ਨੂੰ ਬੇਨਤੀ ਹੈ ਕਿ ਭਾਵੁਕ ਹੋਣ ਦੀ ਥਾਂ ਪੰਜਾਬੀ ਲੇਖਕਾਂ, ਨੇ ਜਿਹੜੀ ਜ਼ਿੰਮੇਵਾਰੀ ਆਪ ਜੀ ਨੂੰ ਸੌਂਪੀ ਹੈ ਉਸ ਨੂੰ ਆਪਣੀ ਪੂਰੀ ਸ਼ਕਤੀ ਤੇ ਸਮਰੱਥਾ ਨਾਲ ਨਿਭਾਉ।

ਇਸ ਸੰਦਰਭ ਵਿਚ ਹੀ "ਦੁਨੀਆਂ ਭਰ ਦੇ ਮਿਹਨਤਕਸ਼ੋ ਇਕ ਹੋ ਜਾਓ" ਦੇ ਵਿਗਿਆਨਕ ਨਾਹਰੇ ਦੀ ਭਾਵਨਾ ਨੂੰ ਸਮਝਣਾ ਚਾਹੀਦਾ ਹੈ। ਦੁਨੀਆਂ ਭਰ ਦੇ ਮਿਹਨਤਕਸ਼ਾਂ ਨੂੰ ਆਪਣੀ ਜਮਾਤ ਦੇ ਆਧਾਰ 'ਤੇ ਇਕ ਹੋਣ ਦਾ ਜ਼ਬਰਦਸਤ ਸੱਦਾ ਹੈ। ਇਨ੍ਹਾਂ ਜਾਦੂਮਈ ਕਾਵਿਕ ਬੋਲਾਂ ਨੇ



ਮਿਹਨਤੀ ਲੋਕਾਂ ਨੂੰ ਜ਼ਬਰਦਸਤ ਹਲੂਣਾ ਦਿੱਤਾ ਹੈ। ਇਸ ਦੀ ਸਾਰਥਕਤਾ ਜਮਾਤੀ ਵਿਵਸਥਾ ਕਾਇਮ ਰਹਿਣ ਤੱਕ ਰਹੇਗੀ। ਦੂਜੇ, ਇਸ ਦਾ ਅਰਥ ਮਜ਼ਦੂਰ ਜਮਾਤ ਦੇ ਸੱਚੇ-ਸੁੱਚੇ ਆਗੂਆਂ ਅਤੇ ਹਾਕਮ ਜਮਾਤਾਂ ਦੇ ਅਚੇਤ/ਸੁਚੇਤ ਕਥਿਤ ਆਗੂਆਂ ਦਾ ਸਿਧਾਂਤਹੀਨ ਸਿਰ ਨਰੜ ਨਹੀਂ ਹੈ। ਕੀ ਮੌਕਾ ਪ੍ਰਸਤਾਂ, ਸੁਆਰਥੀ ਤੱਤਾਂ ਅਤੇ ਬਿੰਦੀਆਂ ਚਮਕਾਉਣ ਵਾਲੇ ਵਿਅਕਤੀਆਂ ਨਾਲ ਏਕਾ ਸੰਭਵ ਹੈ ? ਠੋਸ ਰੂਪ ਵਿਚ ਕੀ ਬਾਲਸ਼ਵਿਕਾਂ ਅਤੇ ਮੈਨਸ਼ਵਿਕਾਂ ਦਰਮਿਆਨ ਏਕਾ ਸੰਭਵ ਸੀ। ਕੀ ਐਮਰਜੈਂਸੀ ਦੀ ਹਮਾਇਤ ਅਤੇ ਵਿਰੋਧ ਕਰਨ ਵਾਲਿਆਂ ਦਰਮਿਆਨ ਏਕਾ ਸੰਭਵ ਸੀ ?

ਧੀਰ ਜੀ ਭੇਤ ਖੋਲ੍ਹਦੇ ਹਨ। "ਡਾ. ਤੇਜਵੰਤ ਮਾਨ ਮੇਰਾ ਬੜਾ ਅਜ਼ੀਜ਼ ਦੋਸਤ ਹੈ। ਲਾਇਕ ਵੀ ਉਹ ਬੜਾ ਹੈ।" ਅਜੀਬ ਸਮਝ ਹੈ ਜਿਸ ਵਿਅਕਤੀ ਨੇ ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਵਿਚ ਫੁੱਟ ਪਾ ਦਿੱਤੀ ਉਸ ਨੂੰ "ਬੜਾ ਲਾਇਕ" ਹੋਣ ਦਾ ਸਰਟੀਫਿਕੇਟ ਦਿੱਤਾ ਜਾ ਰਿਹਾ ਹੈ। ਅਕਲ ਜਾਂ ਬੁੱਧੀ ਦੀ ਕਸਵੱਟੀ ਬਾਹਰਮੁਖੀ ਹਾਲਤਾਂ ਦਾ ਠੋਸ ਵਿਸ਼ਲੇਸ਼ਣ ਕਰਦਿਆਂ ਸਮਾਜਕ ਤਬਦੀਲੀ ਤੇ ਵਿਕਾਸ ਦੇ ਅਮਲ ਵਿਚ ਜੁੱਟ ਜਾਣਾ ਹੁੰਦਾ ਹੈ, ਜਮਾਤੀ ਆਧਾਰ 'ਤੇ ਕਿੱਤਾਵਾਰ ਜਥੇਬੰਦੀਆਂ ਉਸਾਰਨਾ ਹੁੰਦਾ ਹੈ, ਉਨ੍ਹਾਂ ਦਾ ਏਕਾ ਮਜ਼ਬੂਤ ਕਰਦਿਆਂ ਮਿਹਨਤੀ ਲੋਕਾਂ ਦੀ ਸੁਯੋਗ ਅਗਵਾਈ ਕਰਨੀ ਹੁੰਦੀ ਹੈ। ਉਨ੍ਹਾਂ ਦਰਮਿਆਨ ਉਪਜਣ ਵਾਲੇ ਮਾਮੂਲੀ ਮੱਤਭੇਦਾਂ ਦਾ ਹੱਲ ਕਰਨਾ ਹੁੰਦਾ ਹੈ ਨਾ ਕਿ ਉਨ੍ਹਾਂ ਨੂੰ ਦੁਸ਼ਮਣਾਂ ਵਾਂਗ ਭੰਡਣਾ ਹੁੰਦਾ ਹੈ। ਇਸ ਪਿਛੋਕੜ ਵਿਚ ਸ੍ਰੀ 'ਮਾਨ' ਪੰਜਾਬੀ ਸਾਹਿਤ ਦੀ ਧਰਮ ਨਿਰਪੱਖ, ਅਗਾਂਹ ਵਧੂ ਜਮਹੂਰੀ ਅਤੇ ਦੇਸ਼ ਭਗਤਕ ਧਾਰਾ ਦਾ "ਅਜ਼ੀਜ਼" ਨਹੀਂ ਹੈ। ਉਸ ਦੇ ਅਮਲ ਅਚੇਤ/ਸੁਚੇਤ ਹਾਕਮ ਜਮਾਤਾਂ ਦੇ ਹੱਕ ਵਿਚ ਭੁਗਤ ਰਹੇ ਹਨ। ਧੀਰ ਜੀ ਕਹਿੰਦੇ ਹਨ : "ਤੇਜਵੰਤ ਮਾਨ ਮੈਨੂੰ ਜਦੋਂ ਕਿਤੇ ਮਿਲ ਜਾਂਦਾ ਹੈ, ਮੇਰੇ ਦਿਲ ਵਿਚ ਮੱਲੋ-ਮੱਲੀ ਤੇਜਵੰਤ ਲਈ ਪਿਆਰ ਦੀਆਂ ਭਾਵਨਾਵਾਂ ਉਮੜ ਪੈਂਦੀਆਂ ਹਨ। ਉਹ ਵੀ ਬੜੇ ਪਿਆਰ ਨਾਲ ਨੀਵਾਂ ਹੋ ਹੋ ਮਿਲਦਾ ਹੈ।" ਫੁੱਟ ਪਾਉਣ ਦਾ ਯਤਨ ਕਰਨ ਵਾਲੇ ਨਾਲ ਪਿਆਰ। ਇਹ ਕੈਸੀ ਪਹੁੰਚ ਹੈ ? ਉਸ ਦਾ "ਨੀਵਾਂ ਹੋ-ਹੋ ਮਿਲਣਾ" ਤਾਂ ਸਮਝ ਆਉਂਦਾ ਹੈ। ਗੁਰੂ ਸਾਹਿਬ ਨੇ ਬੜਾ ਸਪੱਸ਼ਟ ਆਖਿਆ ਹੈ : "ਅਪਰਾਧੀ ਦੂਣਾ ਨਿਵੈ ਜਿਉਂ ਹੰਤਾ ਮ੍ਰਿਗਾਇ।" ਐਪਰ ਸਤਿਕਾਰਯੋਗ ਧੀਰ ਜੀ ਜਿਸ ਵਿਅਕਤੀ ਦੇ ਅਮਲਾਂ ਵਿਰੁੱਧ ਨਫ਼ਰਤ ਦੇ ਭਾਵ ਉਪਜਣੇ ਚਾਹੀਦੇ ਹੋਣ, ਉਸ ਲਈ ਪਿਆਰ ! ਧੀਰ ਜੀ ਕ੍ਰਿਪਾ ਕਰਕੇ ਚੈੱਕ ਕਰ ਲੈਣਾ। ਇਹ ਵੀ ਦੱਸਣਾ ਕਿ ਜਿਨ੍ਹਾਂ ਲੇਖਕਾਂ, ਸਾਹਿਤਕਾਰਾਂ ਤੇ ਪੰਜਾਬੀ ਪ੍ਰੇਮੀਆਂ ਨੇ ਤੁਹਾਡੇ ਵਿਚ ਵਿਸ਼ਵਾਸ ਪ੍ਰਗਟ ਕੀਤਾ, ਤੁਹਾਨੂੰ ਇਕ ਵੱਡੀ ਜ਼ਿੰਮੇਵਾਰੀ ਸੌਂਪੀ ਹੈ ਉਨ੍ਹਾਂ ਦੇ ਵਿਸ਼ਵਾਸ ਦਾ ਕੀ ਬਣੇਗਾ ? ਦੂਜੇ, ਜੇਕਰ ਫੁੱਟ ਪਾਉਣ ਦਾ ਯਤਨ ਕਰਨ ਵਾਲਿਆਂ ਨੂੰ ਪ੍ਰਧਾਨਗੀ ਸੰਭਾਲ ਦੇਣੀ ਸੀ ਤਾਂ ਫਿਰ ਚੋਣ ਹੀ ਕਿਉਂ ਲੜਨੀ ਸੀ ? ਕੇਵਲ ਆਪਣੀ ਨਿੱਜਗਤ ਹਉਂ ਦੀ ਤ੍ਰਿਪਤੀ ਲਈ ਕਿ ਧੀਰ ਚੋਣ ਜਿੱਤ ਵੀ ਸਕਦਾ ਹੈ ਅਤੇ ਤਿਆਗੀ ਵੀ ਉਹ ਏਨਾ ਹੈ ਕਿ ਪ੍ਰਧਾਨਗੀ ਦਾ ਵੱਡਾ ਅਹੁਦਾ ਤਿਆਗ ਵੀ ਹੋ ਸਕਦਾ ਹੈ ! ਧੀਰ ਜੀ ਅੰਤ ਵਿਚ ਬੇਨਤੀ ਹੈ ਕਿ ਹਰ ਮਸਲਾ ਬਾਰੀਕੀ ਨਾਲ ਵਿਚਾਰੋ, ਆਪਣੇ ਸਾਹਿਤਕ ਕੱਦ-ਬੁੱਤ ਨਾਲ ਆਮ ਸਹਿਮਤੀ ਪੈਦਾ ਕਰਨ ਦਾ ਯਤਨ ਕਰੋ, ਹੋਏ ਫੈਸਲਿਆਂ ਨੂੰ ਲਾਗੂ ਕਰਵਾਉਣ ਲਈ ਆਪਣੀ ਸ਼ਖਸੀਅਤ ਅਤੇ ਪ੍ਰਭਾਵ ਦੀ ਵਰਤੋਂ ਕਰੋ।—ਹਾਲ ਦੀ ਘੜੀ ਏਨਾ ਹੀ।

## ਸਰਦ ਰਿਸ਼ਤੇ

'ਸਰਦ ਰਿਸ਼ਤੇ', ਅਮਨ ਪਾਲ ਸਾਰਾ ਦੀਆਂ ਕਹਾਣੀਆਂ ਦਾ ਪ੍ਰਥਮ ਸੰਗ੍ਰਹਿ ਹੈ ਜਿਸ ਵਿਚ ਦਸ ਕਹਾਣੀਆਂ ਸੰਕਲਿਤ ਹਨ। ਅਮਨ ਪਾਲ ਸਾਰਾ ਕਹਾਣੀਕਾਰ ਹੋਣ ਦੇ ਨਾਲ-ਨਾਲ ਇਕ ਨੌਜਵਾਨ ਰੰਗ ਕਰਮੀ, ਫਿਲਮ-ਮੇਕਰ, ਐਕਟਰ ਅਤੇ ਡਾਇਰੈਕਟਰ ਵੀ ਹੈ।

ਪਹਿਲੀ ਗੱਲ, ਕਹਾਣੀ ਦੀ ਪ੍ਰਕ੍ਰਿਤੀ ਨੂੰ ਸਮਝਣ ਦੀ ਹੈ। ਅਮਨ ਪਾਲ ਸਾਰਾ ਦੇ ਇਸ ਸੰਗ੍ਰਹਿ ਨੇ ਇਹ ਮੌਕਾ ਪੈਦਾ ਕੀਤਾ ਹੈ ਕਿ ਮੈਂ ਨਿੱਕੀ ਕਹਾਣੀ ਦੀ ਪ੍ਰਕ੍ਰਿਤੀ ਤੇ ਪ੍ਰਵਿਰਤੀ ਨੂੰ ਸਮਝਣ ਲਈ ਪ੍ਰੇਰਿਤ ਹੋਇਆ ਹਾਂ। ਕਿਸੇ ਵੀ ਸਾਹਿਤਕ ਰੂਪਾਕਾਰ ਦੀ ਕੋਈ ਵੀ ਪਰਿਭਾਸ਼ਾ ਅੰਤਿਮ ਕਦੇ ਨਹੀਂ ਹੁੰਦੀ। ਇਹ ਸਦਾ ਹੀ ਪਰਿਵਰਤਨਸ਼ੀਲ ਹੁੰਦੀ ਹੈ। ਕਾਰਨ ਇਹ ਹੈ ਕਿ ਸਮਾਜਕ ਯਥਾਰਥ ਨਿੱਤ ਬਦਲਦਾ ਰਹਿੰਦਾ ਹੈ। ਭਾਵੇਂ ਕਹਾਣੀ ਇਸ ਨਿੱਤ ਬਦਲਦੇ ਯਥਾਰਥ ਦਾ ਨਾ ਤਾਂ ਅਕਸ ਹੁੰਦੀ ਹੈ ਅਤੇ ਨਾ ਹੀ ਇੰਨ-ਬਿੰਨ ਰੂਪਾਂਤਰਣ ਪਰ ਫੇਰ ਵੀ ਕਹਾਣੀ ਦੇ ਪੈਦਾ ਹੋਣ ਦੀ ਜ਼ਮੀਨ ਵਸਤੂ ਯਥਾਰਥ ਹੀ ਰਹਿੰਦਾ ਹੈ। ਕਹਾਣੀ ਜਾਂ ਕਿਸੇ ਵੀ ਹੋਰ ਰੂਪਾਕਾਰ ਦਾ ਆਪਣਾ ਤਰਕ ਹੈ, ਇਹ ਇਕ ਹੋਰ ਦੁਨੀਆਂ ਹੈ, ਇਹ ਵਸਤੂ ਯਥਾਰਥ ਤੋਂ ਪ੍ਰੇਰਿਤ ਹੋ ਕੇ ਵੀ ਉਸ ਤੋਂ ਨਿਤਾਂਤ ਵੱਖਰੀ ਦੁਨੀਆਂ ਹੈ, ਕਿਉਂਕਿ ਇਹ ਇਕ ਕਲਾ ਹੈ। ਕਹਾਣੀ ਦੇ ਵੱਖ-ਵੱਖ ਤੱਤ ਕਾਰਜਸ਼ੀਲ ਹੋ ਕੇ ਇਕ ਸੰਰਚਨਾ ਵਿਚ ਬੱਝਦੇ ਹਨ, ਪਰੰਤੂ ਉਹਨਾਂ ਤੱਤਾਂ ਦੇ ਆਪਸ ਵਿਚ ਜੁੜਨ ਦੇ ਪਿੱਛੇ ਇਕ ਤਰਕ ਹੈ। ਇਹ ਤਰਕ ਕਾਰਣਿਕ ਸੰਬੰਧਾਂ (Causal relations) ਦਾ ਕਲਾਤਮਕ ਤਰਕ ਹੈ। ਤੇ ਇਸੇ ਲਈ ਕੋਈ ਕਲਾ-ਕਿਰਤ ਕਹਾਣੀ ਹੈ, ਵਸਤੂ ਯਥਾਰਥ ਨਹੀਂ।

ਸਾਡੀ ਪੁਰਾਣੀ ਪੰਜਾਬੀ ਕਹਾਣੀ ਵੱਖ-ਵੱਖ ਲੇਖਕਾਂ ਰਾਹੀਂ ਵੱਖ-ਵੱਖ ਤਰੀਕੇ ਨਾਲ ਪਰਿਭਾਸ਼ਿਤ ਹੋਈ ਹੈ। ਉਹਨਾਂ ਲੇਖਕਾਂ ਜਿਵੇਂ ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ ਆਦਿ ਦੀਆਂ ਪੇਸ਼ ਕੀਤੀਆਂ ਪਰਿਭਾਸ਼ਾਵਾਂ ਪਿੱਛੇ ਉਹਨਾਂ ਦੀਆਂ ਆਪੋ ਆਪਣੀਆਂ ਕਹਾਣੀਆਂ ਦੀ ਵਿਧੀ ਸੀ। ਸਮੀਖਿਆ ਸਦਾ ਕਲਾ-ਕਿਰਤ ਵਿਚੋਂ ਨਿਕਲਦੀ ਹੈ, ਇਹ ਬਾਹਰੋਂ ਨਹੀਂ ਥੋਪੀ ਜਾ ਸਕਦੀ। 'ਪੇਮੀ ਦੇ ਨਿਆਣੇ' ਜਾਂ 'ਕੁਲਫੀ' ਕਹਾਣੀ ਦੇ ਆਧਾਰ 'ਤੇ ਕਹਾਣੀ ਨੂੰ ਇਕ ਤਿੱਖੀ ਚੋਭ, ਇਕ ਡੰਗ ਜਾਂ ਸਥਿਤੀ ਦਾ ਪ੍ਰਤੀਕ੍ਰਿਆਤਮਿਕ ਮੋੜ ਕਹਿਣਾ ਜਚਦਾ ਸੀ। ਪਰੰਤੂ ਵਰਤਮਾਨ ਯਥਾਰਥ ਏਨਾ ਗੁੰਝਲਦਾਰ ਹੈ ਕਿ ਮਾਨਵੀ ਸੰਬੰਧਾਂ ਨੂੰ ਸਮਝਣ ਅਤੇ ਕਲਾਤਮਕ ਰੂਪ ਵਿਚ ਢਾਲਣ ਲਈ ਕਹਾਣੀ ਨੂੰ ਵੀ ਅਤਿਅੰਤ ਗੁੰਝਲਦਾਰ ਹੋਣਾ ਪਿਆ ਹੈ। ਕੋਈ ਵੀ ਸਮਾਜਕ ਸੰਬੰਧ ਅੱਜ ਰੇਖਾਤਮਕ ਨਹੀਂ ਰਹਿ ਸਕਦਾ। ਜਟਿਲਤਾ ਅਜੋਕੀ ਕਹਾਣੀ ਦੀ ਪੂਰੀ ਸਟਰਚਰ ਹੋ ਨਿਬੜੀ ਹੈ। ਇਥੇ ਹੀ ਇਕ ਹੋਰ ਗੱਲ ਸਪੱਸ਼ਟ ਹੁੰਦੀ ਹੈ, ਅਤੇ ਉਹ ਇਹ ਕਿ ਅਜੋਕਾ ਕਹਾਣੀਕਾਰ ਕਿਸੇ ਇਕ ਕਹਾਣੀ ਨੂੰ ਮਹੀਨਿਆਂ-ਬੱਧੀ ਸੋਚਦਾ ਹੈ, ਪਰ ਉਹ ਲਿਖੀ ਨਹੀਂ ਜਾਂਦੀ। ਕਹਾਣੀਕਾਰ ਵਾਰ-ਵਾਰ ਸੋਚਦਾ ਹੈ ਕਿ ਉਹ ਕਹਾਣੀ ਕਿਵੇਂ ਲਿਖੀ ਜਾਵੇ, ਕਿਹੜੀਆਂ ਜੁਗਤਾਂ ਦੀ ਤਲਾਸ਼ ਕੀਤੀ ਜਾਵੇ, ਕਿਹੜੀ ਸ਼ੈਲੀ ਇਸਤੇਮਾਲ ਕੀਤੀ ਜਾਵੇ ਤਾਂ ਕਿ ਉਹ ਕਹਾਣੀ ਬਣ ਸਕੇ। ਮੈਂ ਖੁਦ ਇਕੋ ਹੀ



ਕਹਾਣੀ ਕਈ ਵਾਰੀ ਲਿਖ ਕੇ ਪਾੜ ਦੇਂਦਾ ਹਾਂ। ਕਈ ਕਹਾਣੀਆਂ ਮੈਂ ਛੇ-ਛੇ ਵਾਰੀ ਲਿਖ ਕੇ ਪਾੜੀਆਂ ਹਨ, ਪਰੰਤੂ ਸਤਵੀਂ ਵਾਰੀ ਲਿਖਣ 'ਤੇ ਵੀ ਉਹ ਕਹਾਣੀ ਪੇਸ਼ ਨਹੀਂ ਹੋ ਸਕੀ। ਕਹਾਣੀ ਵਿਚ ਫੈਂਟਸੀ ਸ਼ੈਲੀ ਜਾਂ ਵਿਧੀ ਦੀ ਵਰਤੋਂ ਕਰਨ ਬਾਰੇ ਮੈਂ ਕਦੇ ਨਹੀਂ ਸੀ ਸੋਚਿਆ, ਲੇਕਿਨ ਦਿੱਲੀ ਵਿਚ ਤਿੰਨ ਕੁ ਸਾਲ ਰਹਿ ਕੇ ਉਥੋਂ ਦੇ ਵਿਰਾਟ ਅਤੇ ਅਸੀਮ ਰੂਪ ਵਿਚ ਘਿਨੌਣੇ ਯਥਾਰਥ ਨੂੰ ਕਹਾਣੀ ਵਿਚ ਸਮੇਟਣ ਲਈ ਮੈਨੂੰ ਇਹ ਵਿਧੀ ਆਪਣੇ ਅੰਦਰੋਂ ਹੀ ਲੱਭੀ। ਯਥਾਰਥਵਾਦੀ ਵਿਧੀ ਜਿਸ ਨੂੰ ਮੈਂ ਸਾਲਾਂ ਤੋਂ ਇਸਤੇਮਾਲ ਕੀਤਾ ਸੀ, ਏਸ ਯਥਾਰਥ ਨੂੰ ਸਮਝਣ ਲਈ ਬਿਲਕੁਲ ਅਸਫਲ ਸਾਬਤ ਹੋਈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਵਸਤੂ ਹੀ ਕਹਾਣੀ ਦੇ ਰੂਪ ਦਾ ਨਿਰਣਾ ਕਰਦਾ ਹੈ, ਪਰੰਤੂ ਸਿਰਫ ਨਿਰਣਾ ਹੀ ਕਰਦਾ ਹੈ, ਰੂਪ ਨੂੰ ਘੜਦਾ ਨਹੀਂ। ਨਿਰਣਾ ਕੀਤੇ ਜਾਣ ਤੋਂ ਪਿੱਛੋਂ ਰੂਪ ਵਸਤੂ ਨੂੰ ਕਾਂਟ-ਛਾਂਟ ਕੇ ਆਪਣੇ ਮੇਚ ਦਾ ਬਣਾਉਂਦਾ ਹੈ। ਰੂਪ ਅਤੇ ਰੂਪਾਕਾਰ ਦੀਆਂ ਆਪਣੀਆਂ ਮੰਗਾਂ ਹਨ। ਇਸ ਲਈ ਵਸਤੂ ਨੂੰ ਉਸ ਉੱਪਰ ਠੋਸਿਆ ਨਹੀਂ ਜਾ ਸਕਦਾ। ਜੇਕਰ ਮਾਰਕਸਵਾਦੀ ਚਿੰਤਨ ਦੇ ਅਨੁਸਾਰ ਅਸੀਂ ਵਸਤੂ ਨੂੰ ਸਭ ਕੁਝ ਸਮਝਦੇ ਰਹਾਂਗੇ ਤਾਂ ਕਹਾਣੀ, ਕਹਾਣੀ ਬਣਨ ਦੀ ਥਾਂ ਤੱਥਾਂ, ਘਟਨਾਵਾਂ ਆਦਿ ਦਾ ਕੇਵਲ ਬਿਓਰਾ ਬਣ ਕੇ ਰਹਿ ਜਾਵੇਗੀ, ਉਹ ਕਲਾ ਨਹੀਂ ਬਣੇਗੀ। ਕਲਾ ਬਣਨ ਲਈ ਵਸਤੂ ਨੂੰ ਆਪਣਾ ਆਪ ਮਿਟਾ ਕੇ ਕੇਵਲ ਰੂਪ ਬਣਨਾ ਹੋਵੇਗਾ।

ਵਰਿਆਮ ਸੰਧੂ ਦੀ 'ਚੌਥੀ ਕੂਟ', 'ਭੱਜੀਆਂ ਬਾਹੀਂ' ਅਤੇ 'ਹੁਣ ਮੈਂ ਠੀਕ ਠਾਕ ਹਾਂ' ਜਾਂ ਫਿਰ ਮੋਹਨ ਭੰਡਾਰੀ ਦੀ ਕਹਾਣੀ 'ਉਰਫ' ਆਦਿ ਕੋਈ ਮਹੀਨੇ-ਹਫਤੇ ਵਿਚ ਲਿਖੀਆਂ ਕਹਾਣੀਆਂ ਨਹੀਂ ਹਨ। ਬੇਸ਼ੱਕ ਇਹ ਚਾਰੇ ਕਹਾਣੀਆਂ ਯਥਾਰਥਵਾਦੀ ਵਿਧੀ ਨੂੰ ਅਪਣਾਉਂਦੀਆਂ ਹਨ, ਪਰੰਤੂ ਇਹਨਾਂ ਦਾ ਵਸਤੂ ਸਵੈ ਨੂੰ ਖਾਰਜ ਕਰ ਕੇ ਰੂਪ ਵਿਚ ਪਰਿਵਰਤਿਤ ਹੋ ਜਾਂਦਾ ਹੈ। ਦੂਜੀ ਗੱਲ, ਇਹਨਾਂ ਕਹਾਣੀਆਂ ਦੇ ਪਾਤਰਾਂ, ਘਟਨਾਵਾਂ ਅਤੇ ਵਰਤਾਰਿਆਂ ਦੇ ਚਿਹਰੇ ਪ੍ਰਤੱਖ ਹਨ। ਇਸ ਲਈ ਯਥਾਰਥਵਾਦੀ ਸ਼ੈਲੀ ਇਹਨਾਂ ਨੂੰ ਪੇਸ਼ ਕਰਨ ਵਿਚ ਸਫਲ ਹੋ ਜਾਂਦੀ ਹੈ। ਪਰੰਤੂ ਜਦੋਂ ਵਿਅਕਤੀ, ਵਰਤਾਰੇ ਅਤੇ ਘਟਨਾਵਾਂ ਦੀ ਬਜਾਏ ਪੂਰੇ ਸਮਾਜ ਦਾ ਨਿਘਾਰ ਹੀ ਸਪੱਸ਼ਟ ਹੋਵੇ ਤਾਂ ਉਹਦੇ ਲਈ ਕਿਸੇ ਨਵੀਂ ਸ਼ੈਲੀ ਨੂੰ ਈਜਾਦ ਕਰਨਾ ਪਵੇਗਾ। ਇਸੇ ਹੀ ਸੰਦਰਭ ਵਿਚ ਮੈਂ ਆਪਣੀਆਂ ਤਿੰਨ ਕਹਾਣੀਆਂ : 'ਬਜ਼ੁਰਗ ਬਾਬਾ ਤੇ ਭੀੜ', 'ਗੰਦਾ ਨਾਲਾ ਤੇ ਸੂਰ' ਅਤੇ 'ਚੂਹੇ ਤੇ ਕੁੜਿੱਕੀਆਂ' ਨੂੰ ਵਿਚਾਰ ਸਕਦਾ ਹਾਂ।

ਇਸ ਸੰਖੇਪ ਬਹਿਸ ਤੋਂ ਪਿੱਛੋਂ ਅਸੀਂ ਅਮਨ ਪਾਲ ਸਾਰਾ ਦੀਆਂ ਕਹਾਣੀਆਂ ਵੱਲ ਆਉਂਦੇ ਹਾਂ। 'ਸਰਦ ਰਿਸ਼ਤੇ' ਸੰਗ੍ਰਹਿ ਦੀਆਂ ਦਸਾਂ ਹੀ ਕਹਾਣੀਆਂ ਲਈ ਸਰਦ ਰਿਸ਼ਤੇ ਬੜਾ ਢੁਕਵਾਂ ਨਾਂ ਹੈ। ਅਸਲ ਵਿਚ ਇਹਨਾਂ ਵਿਚੋਂ ਹਰੇਕ ਕਹਾਣੀ ਠੰਢੇ ਅਤੇ ਯਖ ਹੋ ਚੁੱਕੇ ਮਨੁੱਖੀ ਰਿਸ਼ਤਿਆਂ ਨੂੰ ਹੀ ਪੇਸ਼ ਕਰਦੀ ਹੈ। ਜੇ 'ਮਾਰਗਰੀਤਾ' ਕਹਾਣੀ ਵਿਚ ਕੈਰਨ ਆਪਣੀ ਮਾਂ ਨੂੰ ਪਾਰਟੀ 'ਤੇ ਜਾਣ ਤੋਂ ਪਹਿਲਾਂ ਇਹ ਦੱਸਣ ਆਉਂਦੀ ਹੈਕਿ ਹਸਪਤਾਲ ਵਿਚ ਡੈਡੀ ਮਰ ਗਿਆ ਹੈ ਤਾ ਲਾਟਰੀ ਕਹਾਣੀ ਦੇ ਕਿਰਦਾਰ ਨੂੰ ਆਪਣੇ ਪਿਓ ਦੇ ਮਰ ਜਾਣ ਦਾ ਕੋਈ ਦੁੱਖ ਨਹੀਂ। ਪਿਓ ਸਭ ਕੁਝ ਮੁੰਡੇ ਦੇ ਨਾਉਂ ਲਿਖ ਕੇ ਮਰ ਗਿਆ ਹੈ, ਪਰ ਮੁੰਡੇ ਲਈ ਇਹ ਅਚਾਨਕ ਨਿਕਲੀ ਲਾਟਰੀ ਹੈ ਜਿਸ ਦੀ

ਉਹਨੂੰ ਕੋਈ ਉਮੀਦ ਨਹੀਂ ਸੀ। 'ਰੁਲਦਾ ਬਚਪਨ' ਪੱਛਮ ਦੀ ਜ਼ਿੰਦਗੀ ਵਿਚਲੇ ਸਰਦ ਰਿਸ਼ਤਿਆਂ ਨੂੰ ਇਕ ਬੱਚੇ ਦੇ ਮਾਧਿਅਮ ਰਾਹੀਂ ਪੇਸ਼ ਕਰਦੀ ਹੈ। 'ਸਰਦ ਰਿਸ਼ਤੇ' ਏਸ਼ੀਅਨ ਬੁਢਾਪੇ ਦੀ ਖੁਆਰੀ ਦੀ ਕਹਾਣੀ ਹੈ, 'ਮਤਰੇਈ ਮਾਂ ਸਕੇ ਪੁੱਤਰ' ਨਸਲਵਾਦ ਨੂੰ ਪੇਸ਼ ਕਰਦੀ ਹੈ, 'ਹਿਪੋਕ੍ਰਿਟ' ਜੀਵ-ਹੱਤਿਆ ਅਤੇ ਮੁਰਗੇ ਦੇ ਮਾਧਿਅਮ ਰਾਹੀਂ ਪੱਛਮੀ ਜ਼ਿੰਦਗੀ ਦੀ ਬਨਾਵਟ ਦੀ ਪੇਸ਼ਕਾਰੀ ਕਰਦੀ ਹੈ, 'ਪੰਜ ਕਲਿਆਣੀ' ਵਿਚ ਯੂਰਪ ਵਿਚ ਜੰਮੀ-ਪਲੀ ਏਸ਼ੀਅਨ ਪੀੜ੍ਹੀ ਅਤੇ ਉਹਨਾਂ ਦੇ ਮਾਪਿਆਂ ਵਿਚਕਾਰ ਵਧਦੇ ਤਣਾਉ ਨੂੰ ਪੇਸ਼ ਕਰਦੀ ਹੈ। ਕਹਾਣੀ 'ਢਿੱਡ ਦੀ ਭੁੱਖ' ਰੋਟੀ ਦੀ ਖਾਤਰ ਵਿਕ ਰਹੇ ਔਰਤ ਦੇ ਮਾਸ ਦੀ ਕਥਾ ਕਹਿੰਦੀ ਹੈ ਜਦੋਂ ਕਿ 'ਵਿਕਟਰ' ਕਹਾਣੀ ਵਿਚ ਇਕ ਜਾਨਵਰ (ਕੁੱਤੀ-ਜੈਕੀ) ਮਨੁੱਖ ਨਾਲੋਂ ਕਿਤੇ ਵਧੇਰੇ ਵਫ਼ਾਦਾਰ ਅਤੇ ਮਾਨਵੀ ਸਾਬਤ ਹੁੰਦਾ ਹੈ।

'ਸਰਦ ਰਿਸ਼ਤੇ' ਆਪਣੇ ਆਪ ਵਿਚ ਹੀ ਕਿਸੇ ਸਮਾਜ ਦਾ ਨੈਗੇਟਿਵ ਪੱਖ ਹੈ। ਸਾਡਾ ਸਰੋਕਾਰ ਸਰਦ ਰਿਸ਼ਤਿਆਂ ਦੀ ਕਰੂਰ ਪੇਸ਼ਕਾਰੀ ਨਾਲ ਹੀ ਸੰਬੰਧਤ ਹੈ ਇਸ ਦੇ ਸਿਆਸੀ ਹੱਲ ਲੱਭਣ ਨਾਲ ਨਹੀਂ। ਸਰਦ ਰਿਸ਼ਤਿਆਂ ਦਾ ਇਤਿਹਾਸ, ਇਹਨਾਂ ਦੇ ਕਾਰਣਿਕ ਸੰਬੰਧ, ਇਹਨਾਂ ਦੀ ਸਮਾਜਿਕਤਾ ਅਤੇ ਸਭਿਆਚਾਰਕਤਾ—ਇਹਨਾਂ ਸਾਰੇ ਪੱਖਾਂ ਵੱਲ ਤਾਰਕਿਕ ਪਹੁੰਚ ਵਿਚੋਂ ਹੀ ਕਹਾਣੀ ਦਾ ਜਨਮ ਹੋਣਾ ਹੈ। ਅਤੇ ਕਹਾਣੀਆਂ ਦੇ ਪਾਠ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਲੇਖਕ ਕੋਲ ਵਸਤੂ ਦਾ ਨੇੜਲਾ ਅਨੁਭਵ ਹੈ। ਉਹ ਸਮਾਜ ਦੇ ਯਥਾਰਥ ਨੂੰ ਬਾਖੂਬੀ ਜਾਣਦਾ ਹੈ ਤੇ ਸਮਝਦਾ ਹੈ। ਉਹ ਕੈਨੇਡਾ ਦੇ ਸਮਾਜ ਵਿਚ ਫੈਲ ਰਹੀ ਭ੍ਰਿਸ਼ਟਤਾ, ਬੌਧਿਕ ਗਰੀਬੀ, ਖੀਣ ਹੋ ਰਹੇ ਮਨੁੱਖੀ ਸੰਬੰਧਾਂ, ਪੈਸੇ ਦੀ ਸਰਦਾਰੀ, ਗਰਜ਼ ਦੇ ਰਿਸ਼ਤਿਆਂ, ਨਸਲਵਾਦ, ਝੂਠੀ ਚੇਤਨਾ (ਮਿ: ਬਰਾੜ—ਮਤਰੇਈ ਮਾਂ ਸਕੇ ਪੁੱਤਰ), ਜਿਸਮ-ਫਰੋਸ਼ੀ ਆਦਿ ਵੱਖ-ਵੱਖ ਸਮੱਸਿਆਵਾਂ ਨੂੰ ਡੂੰਘੀ ਤਰ੍ਹਾਂ ਸਮਝਦਾ ਅਤੇ ਵੇਖਦਾ ਹੈ। ਇਸ ਵਸਤੂ-ਚੇਤਨਾ ਦੇ ਕਲਾਰੂਪ ਵਿਚ ਰੂਪਾਂਤਰਣ ਲਈ ਉਹਦੇ ਕੋਲ ਕੁਝ ਜੁਗਤਾਂ ਹਨ ਜਿਵੇਂ ਬੱਸ ਡਰਾਇਵਰੀ, ਮਿੰਨੀਕੈਬ, ਸ਼ਰਾਬਖਾਨਾ, ਪੱਬ, ਹੋਟਲ ਅਤੇ ਸੈਰ ਆਦਿ। ਪਾਤਰਾਂ ਨੂੰ ਇਕ ਥਾਂ ਲਿਆਉਣ ਦੀਆਂ ਇਹਨਾਂ ਜੁਗਤਾਂ ਨਾਲ ਉਹ ਸੰਵਾਦ ਸ਼ੈਲੀ ਅਪਣਾਉਂਦਾ ਹੋਇਆ ਪਹਿਲਾਂ ਪਾਤਰਾਂ ਵੱਲ ਅਤੇ ਫਿਰ ਸਥਿਤੀਆਂ ਵੱਲ ਅਤੇ ਅੰਤ ਵਿਚ ਸਥਿਤੀ-ਚੇਤਨਾ ਵੱਲ ਅਹੁਲਦਾ ਹੈ। ਇਉਂ ਅਮਨ ਪਾਲ ਸਾਰਾ ਦੀ ਕਹਾਣੀ ਉਸਰਦੀ ਹੈ ਅਤੇ ਪਾਠਕ ਨੂੰ ਯਥਾਰਥ ਦੇ ਮੂਹਰੇ ਕਰ ਕੇ ਆਪ ਵਿਚੋਂ ਨਿਕਲ ਜਾਂਦੀ ਹੈ। ਪਾਠਕ ਪਾਤਰਾਂ, ਸਥਿਤੀਆਂ, ਸਮੱਸਿਆਵਾਂ, ਘਟਨਾਵਾਂ ਬਾਰੇ ਤਾਂ ਸੋਚਦਾ ਹੈ ਪਰੰਤੂ ਕਹਾਣੀਕਾਰ ਦੀ ਕਲਾ ਦਾ ਲੋਹਾ ਨਹੀਂ ਮੰਨਦਾ।

ਆਉ ਇਕ ਵਾਰੀ ਫਿਰ ਰੂਪ-ਸਿਰਜਣ ਦੇ ਸਵਾਲ ਵੱਲ ਸਫ਼ਰ ਕਰੀਏ। ਕੋਈ ਵਸਤੂ, ਵਸਤੂ-ਯਥਾਰਥ, ਸਥਿਤੀਆਂ, ਘਟਨਾਵਾਂ, ਪਾਤਰ ਆਪਣੇ ਆਪ ਵਿਚ ਕਲਾ ਨਹੀਂ ਹਨ। ਇਹ ਸਭ ਕੁਝ ਇਕ ਖਲਾਰਾ ਹੈ : ਸਾਂਸਕ੍ਰਿਤਕ ਜਾਂ ਪ੍ਰਕ੍ਰਿਤਕ। ਸੱਭਿਆਚਾਰ ਜਾਂ ਸੰਸਕ੍ਰਿਤੀ ਦੀ ਉਸਾਰੀ ਸਾਡਾ ਪ੍ਰਕ੍ਰਿਤੀ ਉੱਤੇ ਕਾਬੂ ਹੈ ਅਤੇ ਅਜੋਕੇ ਸਭਿਅਕ ਸਮਾਜ ਕੁਦਰਤ ਉੱਤੇ ਸਾਡੀਆਂ ਜਿੱਤਾਂ ਦੀ ਕਹਾਣੀ ਕਹਿੰਦੇ ਹਨ। ਸੰਸਕ੍ਰਿਤੀ ਵੀ ਰੂਪ ਹੀ ਹੈ ਜਿਹੜਾ ਵੱਖ-ਵੱਖ ਜੁਗਤਾਂ ਰਾਹੀਂ ਆਪਣਾ ਆਪ ਦ੍ਰਿਸ਼ਟਮਾਨ ਕਰਦਾ ਹੈ। ਸੰਸਕ੍ਰਿਤੀ ਵਿਚ ਆਏ ਨਿਘਾਰ ਸਥਿਤੀਆਂ, ਘਟਨਾਵਾਂ ਰਾਹੀਂ



ਪੇਸ਼ ਹੁੰਦੇ ਹਨ, ਪਰੰਤੂ ਇਹ ਲਲਿਤ-ਕਲਾ ਨਹੀਂ ਹਨ। ਕਲਾਕਾਰੀ, ਰੂਪ-ਸਿਰਜਣ ਦਾ ਨਾਮ ਹੈ। ਰੂਪ ਦੀ ਸਿਰਜਣਾ ਅਰਥਾਂ ਦੀ ਸਿਰਜਣਾ ਵੀ ਹੈ ਕਿਉਂਕਿ ਸਾਹਿਤ-ਕਲਾ ਚਿਹਨਕਾਰੀ ਹੈ ਤੇ ਚਿਹਨ ਲਾਜ਼ਮੀ ਤੌਰ 'ਤੇ ਵਿਚਾਰਧਾਰਕ ਹੁੰਦਾ ਹੈ। ਰੂਪ-ਸਿਰਜਣ ਦੀ ਕਲਾ ਵਿਚ ਕਲਾ ਨੂੰ ਭਾਸ਼ਾ ਤੋਂ ਪਾਰ ਜਾਣਾ ਪੈਂਦਾ ਹੈ। ਭਾਸ਼ਾ ਤੱਕ ਸੀਮਤ ਚਿਹਨਕਾਰੀ ਅਰਥਾਂ ਦੀ ਸਿਰਜਣਾ ਨਹੀਂ ਕਰ ਸਕਦੀ। ਭਾਸ਼ਾ ਦੇ ਅਰਥ ਸੀਮਤ ਹੁੰਦੇ ਹਨ। ਉਹ ਕੇਵਲ ਵਸਤੂ ਤੱਕ ਜਾਂਦੇ ਹਨ ਵਸਤ ਦੇ ਵਸਤੂਪੁਣੇ ਤੱਕ ਨਹੀਂ। ਕਲਾ ਨੇ ਵਸਤੂਪੁਣੇ ਤੱਕ ਪਹੁੰਚਣਾ ਹੁੰਦਾ ਹੈ। ਏਸ ਪ੍ਰਕਿਰਿਆ ਵਿਚ ਸਫਲ ਹੋਣ ਲਈ ਯੋਗ ਮੈਟਾਫਰ ਦੀ ਤਲਾਸ਼ ਬਹੁਤ ਜ਼ਰੂਰੀ ਹੈ। ਵਸਤਾਂ ਨੂੰ ਵਸਤਾਂ ਬਣਾ ਕੇ, ਵਰਤਾਰਿਆਂ ਨੂੰ ਕੇਵਲ ਵਰਤਾਰਿਆਂ ਵਾਂਗ ਪੇਸ਼ ਕਰਨ ਦਾ ਨਾਮ ਕਲਾ ਨਹੀਂ ਹੈ। ਕਲਾ ਦਾ ਕੰਮ ਇਹਨਾਂ ਤੋਂ ਪਾਰ ਲੰਘਣਾ ਹੈ। ਭਾਸ਼ਾ ਨੂੰ ਮਾਧਿਅਮ ਵਜੋਂ ਵਰਤ ਕੇ ਉਹਨੂੰ ਨਵੇਂ ਅਰਥ ਦੇਣਾ ਕਲਾ ਹੈ। ਇਹੀ ਉਹ ਮਕਾਮ ਹੈ ਜਿੱਥੇ ਪਾਠਕ ਅਸ਼ ਅਸ਼ ਕਰਦਾ ਹੈ, ਕਲਾਕਾਰ ਦੀ ਕਲਾ ਦਾ ਲੋਹਾ ਮੰਨਦਾ ਹੈ।

ਹਰੇਕ ਕਲਾ-ਕਿਰਤ ਰੂਪ ਹੈ, ਹਰੇਕ ਕਲਾਕਾਰ ਰੂਪ ਦਾ ਸਿਰਜਕ ਹੈ। ਕਾਰਜਸ਼ੀਲ ਵਸਤੂ ਸਦਾ ਹੀ ਰੂਪ ਵਿਚ ਢਲਦੀ ਹੈ। ਇਹ ਜਟਿਲ ਪ੍ਰਕਾਰ ਦਾ ਰੂਪਾਂਤਰਣ ਹੈ ਜਿਸ ਲਈ ਅਨੇਕਾਂ ਕਲਾਤਮਕ ਜੁਗਤਾਂ ਦੀ ਤਲਾਸ਼ ਸਦਾ ਬਣੀ ਰਹਿੰਦੀ ਹੈ। ਕਹਾਣੀ ਵਿਚ ਕੀ ਕਹਿਣਾ ਹੈ ਏਡਾ ਜ਼ਰੂਰੀ ਨਹੀਂ ਜੇਡਾ ਕਿਵੇਂ ਕਹਿਣਾ ਹੈ ਕਿਉਂਕਿ ਇਹ, ਕਿਵੇਂ ਦਾ ਸਵਾਲ" ਹੀ ਰੂਪ ਹੈ। ਆਮ ਕਹਾਣੀ ਅਤੇ ਵਧੀਆ ਕਹਾਣੀ ਵਿਚ ਇਹੋ ਫਰਕ ਹੈ। ਪਾਠਕ ਵਸਤਾਂ ਤੇ ਵਰਤਾਰਿਆਂ ਨਾਲ ਪਛਾਣ ਕਾਇਮ ਕਰਨ ਲਈ ਕਹਾਣੀ ਨਹੀਂ ਪੜ ਰਿਹਾ, ਉਹ ਕਲਾ/ਸਾਹਿਤ ਦਾ ਪਾਠਕ ਹੈ, ਉਹ ਭਾਸ਼ਾ ਨੂੰ ਨਵੇਂ ਅਰਥਾਂ ਵਿਚ ਗ੍ਰਹਿਣ ਕਰਨਾ ਚਾਹੁੰਦਾ ਹੈ। ਭਾਸ਼ਾ ਦੇ ਅਰਥ ਤਾਂ ਉਹਨੂੰ ਆਉਂਦੇ ਹਨ। ਏਨੇ ਕੁ ਹੀ ਅਰਥ ਉਹਦੇ ਗਿਆਨ ਨੂੰ ਵਿਸਥਾਰਦੇ ਨਹੀਂ। ਅਸਲ ਵਿਚ ਉਹ ਗਿਆਨ ਦੇ ਵਿਸਥਾਰ ਲਈ ਕਹਾਣੀ ਨਹੀਂ ਪੜ੍ਹਦਾ ਬਲਕਿ ਆਪਣੇ ਸੁਹਜਾਤਮਕ ਅਨੰਦ ਜਾਂ ਅਨੁਭਵ ਵਿਚ ਵਾਧਾ ਕਰਨ ਦੇ ਖਿਆਲ ਨਾਲ ਪੜ੍ਹਦਾ ਹੈ। ਅਮਨ ਪਾਲ ਸਾਰਾ ਦੀਆਂ ਕਹਾਣੀਆਂ ਪਾਠਕ ਨੂੰ ਪਾਤਰਾਂ, ਸਥਿਤੀਆਂ, ਸੰਕਟਾਂ ਅਤੇ ਵਰਤਾਰਿਆ ਦਾ ਗਿਆਨ ਦੇਂਦੀਆਂ ਹਨ, ਉਹ ਨਵੀਂ ਭਾਸ਼ਾ ਨਹੀਂ ਸਿਰਜਦੀਆਂ। ਉਹ ਵਸਤੂਆਂ ਤੱਕ ਸੀਮਤ ਹੋ ਜਾਂਦੀਆਂ ਹਨ, ਉਹਨਾਂ ਦੇ ਚਿਹਨ ਚਿਹਨਤਾਂ ਤੱਕ ਜਾ ਕੇ ਵਾਪਸ ਆ ਜਾਂਦੇ ਹਨ, ਉਹ ਚਿਹਨ ਚਿਹਨਕਾਰੀ ਦੇ ਅਮਲ ਵਿਚ ਨਹੀਂ ਪੈਂਦੇ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਮਾਰਕਸਵਾਦੀ ਸੁਹਜ-ਸ਼ਾਸਤਰ ਨੇ ਉਹਨੂੰ ਵਸਤੂ ਅਤੇ ਸਿਰਫ ਵਸਤੂ ਦੀ ਪ੍ਰਮੁੱਖਤਾ ਦੀ ਜਾਣਕਾਰੀ ਹੀ ਦਿੱਤੀ ਹੈ। ਮਾਰਕਸਵਾਦੀ ਸੁਹਜ-ਸ਼ਾਸਤਰ ਰੂਪ-ਸਿਰਜਣ ਦੇ ਜਟਿਲ ਅਮਲ ਨੂੰ ਅਜੇ ਤੱਕ ਭਾਸ਼ਾ-ਸਿਰਜਣ ਦੇ ਅਰਥਾਂ ਵਿਚ ਗ੍ਰਹਿਣ ਹੀ ਨਹੀਂ ਕਰ ਸਕਿਆ, ਵਿਸ਼ੇਸ਼ ਕਰਕੇ ਪੰਜਾਬੀ ਵਿਚ। ਫਰੈਂਚ ਭਾਸ਼ਾ ਵਿਚ ਕਿਸੇ ਹੱਦ ਤੱਕ ਇਹ ਕੰਮ ਹੋਇਆ ਹੈ। ਭਾਰਤ ਵਿਚ ਹਰਜੀਤ ਸਿੰਘ ਗਿੱਲ ਨੇ ਇਹ ਕੰਮ ਕੀਤਾ ਹੈ, ਪਰੰਤੂ ਅੰਗਰੇਜ਼ੀ ਵਿਚ।

ਸਾਡਾ ਬਰਤਾਨਵੀ ਪੰਜਾਬੀ ਕਹਾਣੀਕਾਰ ਵੀ ਥੱਕਿਆ ਹੋਇਆ ਲਗਦਾ ਹੈ। ਉਹਨੇ ਇਕੋ ਹੀ ਕਹਾਣੀ ਨੂੰ ਵਾਰ-ਵਾਰ ਲਿਖਿਆ ਹੈ। ਆਪਣੇ ਹੀ ਸਿਰਜੇ ਹੋਏ ਰੂਪ ਨੂੰ ਮੁੜ ਪੜ੍ਹਦਿਆਂ

(ਬਾਕੀ ਸਫ਼ਾ 62 ਤੇ)

**ਪੁਸਤਕ ਪੜਚੋਲ**

## ਓਨਮ—ਭੂਤਕਾਲੀ ਚੇਤਨਾ ਦਾ ਸੰਚਾਰ

ਕਾਵਿਕ ਥੀਮ ਵਜੋਂ, ਪੰਜਾਬ ਸੰਕਟ ਦੇ ਆਪਣੀ ਸਿਰਜਣਾਤਮਕ ਸੰਭਾਵਨਾ ਕਾਫ਼ੀ ਹੱਦ ਤੱਕ ਹੰਢਾ ਲੈਣ ਉਪ੍ਰੰਤ, ਵਰਤਮਾਨ ਪੰਜਾਬੀ ਕਵਿਤਾ ਕਿਸੇ ਢੁਕਵੇਂ ਥੀਮ ਦੀ ਤਲਾਸ਼ ਕਰ ਰਹੀ ਹੈ। ਜਿੱਥੇ ਇਕ ਪਾਸੇ ਪ੍ਰਗਤੀਸ਼ੀਲ ਚਿੰਤਨ ਦੇ ਵਾਹਕ ਕਵੀ ਸਮੇਂ ਦੀ ਗਤੀਸ਼ੀਲਤਾ ਤੇ ਕਾਵਿ-ਮੁਹਾਵਰੇ ਵਿਚ ਨਵਾਂ ਸੰਤੁਲਨ ਲੱਭਣ ਦਾ ਯਤਨ ਕਰ ਰਹੇ ਹਨ, ਉੱਥੇ ਦੂਸਰੇ ਪਾਸੇ ਇਹ ਤਲਾਸ਼ ਕਦੇ 'ਦੇਹੀ' ਦੇ ਕਾਮੁਕ ਮੰਡਲਾਂ 'ਚ ਵਿਚਰਦੀ ਨਜਰ ਆਉਂਦੀ ਹੈ ਤੇ ਕਦੇ ਮਾਨਵੀ ਕਦਰਾਂ-ਕੀਮਤਾਂ ਦੇ ਨਿਸ਼ੇਧ ਨੂੰ ਵਡਿਆਉਣ ਦਾ ਯਤਨ ਕਰਦੀ ਹੈ। ਨੌਜਵਾਨ ਸ਼ਾਇਰ ਪਰਮਜੀਤ ਸੋਹਲ ਦੀ ਕਾਵਿ-ਪੁਸਤਕ 'ਓਨਮ' ਵੀ ਇਸੇ ਤਲਾਸ਼ ਦਾ ਹੀ ਇਕ ਹੋਰ ਪਾਸਾਰ ਪੇਸ਼ ਕਰਦੀ ਹੈ।

'ਓਨਮ' ਮਾਨਵ ਮਨ ਵਿਚ ਵਿਚਰ ਰਹੀਆਂ ਦੋ ਸ਼ਕਤੀਆਂ ਵਿਚਲੇ ਤਣਾਉ ਦੀ ਕਵਿਤਾ ਹੈ। ਸੋਹਲ ਇਸ ਤਣਾਉ ਨੂੰ 'ਕਾਲੀ' ਤੇ 'ਮਹਿਖਾਸੁਰ' ਦਰਮਿਆਨ ਯੁੱਧ ਵਜੋਂ ਚਿਤਰਦਾ ਹੈ। 'ਕਾਲੀ' ਸੋਹਲ ਲਈ ਬ੍ਰਹਿਮੰਡੀ ਚੇਤਨਾ, 'ਸਤੋਗੁਣੀ ਪ੍ਰਕਾਸ਼' ਦਾ ਚਿੰਨ੍ਹ ਹੈ ਜਦਕਿ ਮਹਿਖਾਸੁਰ 'ਪ੍ਰਬਲ ਇੰਦਰੀਆਂ', 'ਵਿਕਾਰ' ਤੇ 'ਮਾਇਆ ਵਾਦੀ ਖਿਆਲਾਂ' ਦਾ ਪ੍ਰਗਟਾਉ ਹੈ। 'ਓਨਮ' ਦਰਅਸਲ ਮਹਿਖਾਸੁਰ ਦੇ ਖਿਲਾਫ਼ ਕਾਲੀ ਦੇ ਹੱਕ ਵਿਚ ਨਾਹਰਾ ਹੈ ਜਿਸ ਰਾਹੀਂ ਸੋਹਲ ਸਥੂਲ ਨੂੰ ਤੱਜ ਕੇ ਅਸਥੂਲ ਨੂੰ ਕਲਾਵੇ ਵਿਚ ਭਰਨ ਦਾ ਯਤਨ ਕਰਦਾ ਹੈ। ਇਹ ਕਵਿਤਾ ਸਭਨਾਂ ਮਾਨਵੀ ਸਮਾਜੀ ਸਰੋਕਾਰਾਂ ਨੂੰ ਤਿਲਾਂਜਲੀ ਦੇ ਕੇ 'ਰਹੱਸਵਾਦੀਆਂ 'ਚ ਖੋ ਜਾਣ ਦੀ ਕਵਿਤਾ ਹੈ।

'ਓਨਮ' ਵਿਚ ਪਰਮਜੀਤ ਸੋਹਲ ਨੇ ਆਦਿ ਯੁੱਗੀ ਤੇ ਮੱਧ ਯੁੱਗੀ ਚੇਤਨਾ ਦਾ ਅਜੀਬ ਜਿਹਾ ਮਿਸ਼ਰਣ ਪੇਸ਼ ਕੀਤਾ ਹੈ। ਕਵੀ, ਭਗਵਤੀ, ਅਗਨੀ, ਮਹਾਂਦੇਵ, ਵਰੁਣਦੇਵ, ਕ੍ਰਿਸ਼ਨ, ਸੂਰਜ ਆਦਿ ਦੇਵੀ-ਦੇਵਤਿਆਂ ਦੀ ਅਰਾਧਨਾ ਕਰਦਾ 'ਦੁਨੀਆਂ ਭਰ ਦੇ ਵਿਚਾਰਾਂ ਦੀ ਆਹੂਤੀ' ਦਿੰਦਾ 'ਆਦਿਯੋਗੀ ਸ਼ੰਕਰ ਨੂੰ ਪ੍ਰਾਪਤ ਹੋਣ ਦਾ ਵਰ' ਵੀ ਮੰਗਦਾ ਹੈ ਤੇ 'ਸੁਰਤ ਨੂੰ ਲਿਵਲੀਨ ਕਰਕੇ ਸ਼ਬਦ ਅੰਦਰ' ਦਸਮ ਦੁਆਰ ਰਾਹੀਂ 'ਅਗੰਮੀ ਧੁਨਾ' ਸੁਣਦਾ 'ਬ੍ਰਹਮ ਦੇ ਨਿਰਾਕਾਰ ਸਰੂਪ ਨੂੰ ਜਾਨਣ ਲਈ ਡੰਡਾਉਤ ਬੰਦਨਾ' ਵੀ ਕਰਦਾ ਹੈ। ਇਸ ਤਰ੍ਹਾਂ ਉਹ ਆਪਣੀ ਕਵਿਤਾ ਦੇ ਅਧਿਆਤਮਕ ਭਾਵ ਬੋਧ ਦੀ ਅੰਤਰੀਵੀ ਏਕਤਾ ਖੁਦ ਹੀ ਪੰਡਿਤ ਕਰ ਦਿੰਦਾ ਹੈ। ਮਾਨਵੀ ਚੇਤਨਾ ਉਤਪਾਦਕ ਸ਼ਕਤੀਆਂ ਤੇ ਆਰਥਿਕ ਪ੍ਰਬੰਧ ਦੇ ਹੀ ਅਨੁਸਾਰੀ ਹੁੰਦੀ ਹੈ। ਆਦਿ ਯੁੱਗ ਦੇ ਸੀਮਤ ਸਾਧਨਾਂ ਨੇ ਜਿੱਥੇ ਮਾਨਵ ਨੂੰ ਕੁਦਰਤੀ ਸ਼ਕਤੀਆਂ ਨੂੰ ਦੇਵੀ-ਦੇਵਤਿਆਂ ਵਜੋਂ ਅਰਾਧਣ ਲਈ ਮਜ਼ਬੂਰ ਕੀਤਾ, ਉੱਥੇ ਮੱਧ ਯੁੱਗ ਵਿਚ ਇਹਨਾਂ ਸ਼ਕਤੀਆਂ ਉੱਪਰ ਕਿਸੇ ਹੱਦ ਤੱਕ ਕਾਬੂ ਪਾ ਲੈਣ ਪਿੱਛੋਂ ਵਡੇਰੇ ਬ੍ਰਹਿਮੰਡ ਸੰਬੰਧੀ ਗਿਆਨ ਦੀ ਅਣਹੋਂਦ ਨੇ ਇਕ ਨਿਰਾਕਾਰ ਪਰ ਬ੍ਰਹਿਮੰਡੀ ਰੱਬ ਨੂੰ ਹੋਂਦ ਵਿਚ ਲਿਆਂਦਾ। ਆਧੁਨਿਕ ਯੁੱਗ ਵਿਚ ਤਰਕ ਤੇ ਵਿਗਿਆਨ ਨੇ ਸਰਵ-ਵਿਆਪਕ ਰੱਬ 'ਉੱਪਰ ਵੀ ਅੰਤਿਮ ਤੇ ਫੈਸਲਾਕੁੰਨ ਜਿੱਤ ਪ੍ਰਾਪਤ ਚਰ ਲਈ ਹੈ। ਪ੍ਰੰਤੂ ਸੋਹਲ ਆਪਣੇ ਅਧਿਆਤਿਮਵਾਦੀ-ਰਹੱਸਵਾਦੀ ਦ੍ਰਿਸ਼ਟੀਕੋਣ ਦੇ ਸੁਭਾਅ ਅਨੁਸਾਰ ਹੀ ਤਰਕ ਨੂੰ ਬਿਲਕੁਲ ਅੱਖੋਂ-ਪਰੋਖੇ ਕਰਦਾ ਹੈ ਤੇ ਇਸੇ ਕਾਰਨ ਹੀ ਉਸਦੀ ਰਚਨਾ ਵਿਚ ਅੰਤਰ-ਵਿਰੋਧ ਪੈਦਾ ਹੋ ਜਾਂਦੇ ਹਨ।



ਜਿਵੇਂ, ਸੋਹਲ ਅਗਨੀ ਨੂੰ ਸਭ ਕੁਝ ਭੇਟ ਕਰਕੇ ਵੇਖਣਾ ਚਾਹੁੰਦਾ ਹੈ—

ਨਿਰਭਾਵ ਜਿਹਾ ਉਹ ਸਥਾਨ
ਜਿੱਥੇ ਨਾ ਮੇਰਾ ਵਜੂਦ ਹੈ
ਨਾ ਮੇਰੀ ਕਾਇਨਾਤ ਦਾ ਕੋਈ ਵੇਰਵਾ

ਕਾਇਨਾਤ ਦੇ ਸਭ ਵੇਰਵਿਆਂ ਤੋਂ ਮੁਕਤੀ ਪਾਉਣ ਦਾ ਸਾਧਨ ਅਗਨੀ ਵੀ ਕਾਇਨਾਤ ਦਾ ਹੀ ਇਕ ਵੇਰਵਾ ਹੈ।

ਉਂਜ ਪੂੰਜੀਵਾਦੀ ਸਮਾਜ ਵਿਚ ਵੀ, ਸਮਾਜਿਕ-ਆਰਥਿਕ ਪ੍ਰਬੰਧ ਵਲੋਂ ਮੋਹ ਭੰਗ ਹੋਣ ਕਾਰਨ, ਕਿਸੇ ਭਵਿੱਖ ਮੁੱਖੀ ਦਰਸ਼ਨ ਤੇ ਇਤਿਹਾਸਕ ਦ੍ਰਿਸ਼ਟੀਕੋਣ ਦੀ ਅਣਹੋਣ ਵਿਚ ਬਹੁਤ ਸਾਰੀ ਅਧਿਆਤਮਕ ਕਵਿਤਾ ਪੈਦਾ ਹੁੰਦੀ ਹੈ। ਈਲੀਅਟ ਦੀ ਵੇਸਟਲੈਂਟ ਇਸ ਦੀ ਖੂਬਸੂਰਤ ਉਦਾਹਰਣ ਹੈ ਪ੍ਰੰਤੂ ਸੋਹਲ ਦੀ ਕਵਿਤਾ ਵਿਚਲਾ ਅਧਿਆਤਮਵਾਦ ਮਕਾਨਕੀ ਹੈ। ਇਹ ਅਧਿਆਤਮਵਾਦ ਖੰਡਿਤ ਹੋ ਰਹੀਆਂ ਮਾਨਵੀ ਕਦਰਾਂ ਕੀਮਤਾਂ ਪ੍ਰਤੀ ਚਿੰਤਾ ਵਿਚੋਂ ਨਹੀਂ ਸਗੋਂ ਸਭ ਮਾਨਵੀ ਸਰੋਕਾਰਾਂ ਨੂੰ ਮਾਇਆ ਵਜੋਂ ਚਿਤਵਣ ਵਿਚੋਂ ਉਪਜਦਾ ਹੈ। ਕਿਸੇ ਸਜੀਵ ਮਾਨਵੀ ਦ੍ਰਿਸ਼ਟੀਕੋਣ ਦੀ ਅਣਹੋਂਦ ਕਾਰਨ ਹੀ 'ਓਨਮ' ਵਿਚਲੀਆਂ ਸਭ ਮਿੱਥਾਂ ਤੇ ਪ੍ਰਤੀਕ ਆਪਣੇ ਪਰੰਪਰਾਗਤ ਤੇ ਸਤਹੀ ਅਰਥਾਂ ਦਾ ਹੀ ਸੰਚਾਰ ਕਰਦੇ ਹਨ। ਸੋਹਲ ਮਿੱਥਾਂ ਦੇ ਅੰਤਰੀਵ ਭਾਵ ਨੂੰ ਸਮਝਣ ਵਿਚ ਅਸਮਰਥ ਨਜ਼ਰ ਆਉਂਦਾ ਦੇ। ਉਸ ਲਈ 'ਮੋਰ ਪੰਖ' ਜੀਵਨ ਦੇ ਵਿਭਿੰਨ ਰੰਗਾਂ ਦਾ, ਪ੍ਰਤੀਕ ਨਹੀਂ, ਸਿਰਫ ਕ੍ਰਿਸ਼ਨ ਦੀ ਇਕ ਪਹਿਚਾਣ ਹੈ। ਇਸੇ ਤਰ੍ਹਾਂ 'ਕਰਣ' ਦੇ ਚਰਿੱਤਰ ਵਿਚਲੇ ਸਭਨਾ ਮਾਨਵੀ ਤੱਤਾਂ ਤੋਂ ਅਣਜਾਣ ਨਜ਼ਰ ਆਉਂਦਾ ਉਹ ਉਸ ਨੂੰ ਸਿਰਫ 'ਮਨ ਦੇ ਦੁਰਯੋਧਨ ਦਾ ਸਾਥੀ' ਸਮਝ 'ਸੰਮੋਹਨੀ ਉਪਦੇਸ਼' ਦਿੰਦਾ ਹੈ—

ਹੇ ਕਰਣ
ਨਾ ਉਭਰ ਵਾਰ ਵਾਰ
ਬਿਲਕੁਲ ਸ਼ਾਂਤ ਹੋ ਜਾ
ਤੇ ਮੌਤ ਦੀ ਗੋਦ 'ਚ ਸੌਂ ਜਾ

ਪੁਸਤਕ ਦੇ ਦੂਸਰੇ ਭਾਗ ਵਿਚ ਸੋਹਲ ਨੇ ਕੁਦਰਤ ਪ੍ਰਤੀ ਆਪਣੇ ਮੋਹ ਨੂੰ ਕੁਝ ਖੂਬਸੂਰਤ ਕਵਿਤਾਵਾਂ ਰਾਹੀਂ ਪ੍ਰਗਟਾਇਆ ਹੈ। ਉਂਜ ਏਥੇ ਵੀ ਉਹ ਬਹੁਤ ਸਾਰੀ ਕੁਦਰਤਵਾਦੀ ਕਵਿਤਾ ਵਾਂਗ ਭਾਜਵਾਦੀ ਹੀ ਹੈ—

ਮੈਂ ਭੁੱਲ ਜਾਂਦਾ ਹਾਂ ਆਪਣੇ ਫ਼ਿਕਰ
ਤੇ ਭਰਦਾਂ ਹਾਂ ਰੂਹ ਅੰਦਰ ਕਾਇਨਾਤ ਨੂੰ

'ਮੰਗਲਾਚਾਰ' ਵਿਚ ਗੁਰੂ ਨਾਨਕ ਰਚਿਤ, 'ਆਰਤੀ', 'ਗੋਪੀਆਂ' ਵਿਚ ਧਨੀ ਰਾਮ ਚਾਤ੍ਰਿਕ ਦੀ 'ਰਾਧਾ ਸੰਦੇਸ', 'ਜੇ ਤੂੰ ਜਾਣਾ ਲੋਚਦਾ ਚਲ ਰਾਝਣ ਦੀ ਝੋਕ' ਵਿਚ ਬੁੱਲ੍ਹੇ ਸ਼ਾਹ ਦੀਆਂ ਗੂੰਜ ਰਹੀਆਂ ਪ੍ਰਤੀਧੁਨੀਆਂ, 'ਓਨਮ' ਦੇ ਬਾਕੀ ਪਾਠ ਵਾਂਗ ਇਹ ਤੱਥ ਹੀ ਪੁਨਰ ਸਥਾਪਿਤ ਕਰਦੀਆਂ ਹਨ ਕਿ ਵਰਤਮਾਨ ਪੰਜਾਬੀ ਕਵਿਤਾ ਦੀ ਥੀਮਕ ਤਲਾਸ਼ ਦੀ ਮੰਜ਼ਿਲ ਅਧਿਆਤਮਵਾਦ-ਰਹੱਸਵਾਦ ਹਰਗਿਜ਼ ਨਹੀਂ ਹੋ ਸਕਦੀ।

—ਹਰਵਿੰਦਰ ਭੰਡਾਲ
111, ਮਾਡਲ ਟਾਊਨ
ਕਪੂਰਥਲਾ।

## ਸੰਖੇਪ ਜਾਣ-ਪਛਾਣ

### ਪਿਛਲੇ ਸਾਲ ਦੀਆਂ ਕਾਵਿਪੁਸਤਕਾਂ

(ਪਿਛਲੇ ਸਾਲ 1995 ਸਾਨੂੰ ਬਹੁਤ ਸਾਰੇ ਸ਼ਾਇਰਾਂ ਦੀਆਂ ਪੁਸਤਕਾਂ ਪ੍ਰਾਪਤ ਹੋਈਆਂ ਸਨ, ਜਿਹਨਾਂ ਬਾਰੇ, ਵਕਤ ਦੀ ਘਾਟ ਤੇ ਸਫਿਆਂ ਦੀ ਤੰਗੀ ਕਾਰਨ ਅਸੀਂ ਸਿਰਫ ਸੰਖੇਪ ਟਿੱਪਣੀ ਹੀ ਕਰ ਰਹੇ ਹਾਂ। ਸ਼ਾਇਰ ਦੋਸਤ ਮੁਆਫ ਕਰਨ। ਚੁੱਪ ਰਹਿਣ ਨਾਲੋਂ ਤਾ ਇਹ ਤਰੀਕਾ ਨਿਸ਼ਚੇ ਹੀ ਉਹਨਾਂ ਨੂੰ ਚੰਗੇਰਾ ਲੱਗੇਗਾ।)

—ਸੰਪਾਦਕ

(1) 'ਆਗਿਆਤ ਹਾਸ਼ੀਆ' ਪੱਤਰਕਾਰ ਤੇ ਨੌਜਵਾਨ ਸ਼ਾਇਰ ਸੁਖਵਿੰਦਰ ਦਾ ਪਹਿਲਾ ਕਾਵਿ-ਸੰਗ੍ਰਹਿ ਹੈ ਉਹ ਲਿਖਦਾ ਹੈ, 'ਮੈਂ ਅਕਸਰ ਜਦ ਵੀ ਆਪਣੇ ਅੰਤਰੀ ਵਦੇ ਹਾਸ਼ੀਏ ਵੱਲ ਅਹੁਲਦਾ ਹਾਂ ਤਾਂ ਮੇਰੀ ਕਵਿਤਾ ਮੈਨੂੰ ਰੱਬੀ ਦਰਸ਼ਨ ਦੇ ਬੋਧ ਵੱਲ ਲੈ ਤੁਰਦੀ ਹੈ।' ਪਰ ਉਸ ਦੀ ਕਵਿਤਾ ਇਸ ਦੇ ਉਲਟ ਪਿੰਡ ਵਸਦੇ ਪਿਆਰ, ਕਰਦੇ, ਉਦਾਸ ਹੁੰਦੇ, ਪਿੰਡੋਂ ਬਾਹਰ ਸ਼ਹਿਰ 'ਚ ਰੁਜ਼ਗਾਰ ਲੱਭਦੇ ਨੌਜਵਾਨ ਦੀਆਂ ਨਾਕਾਮੀਆਂ ਦੀ ਗੱਲ ਕਰਦਾ ਹੈ ਪਹਿਲੇ ਸੰਗ੍ਰਹਿ ਵਿਚ ਹੀ ਸੁਖਵਿੰਦਰ ਨਵੇਕਲੇ ਨਕਸ਼ ਉਲੀਕਣ ਦੇ ਆਹਰ ਵਿਚ ਹੈ। ਉਸ ਦੀ ਰਚਨਾ ਵਿਚ ਪਿੰਡ ਤੋਂ ਤੁਰ ਕੇ ਪੰਜਾਬ ਦੇ ਦਰਦ ਦੇ ਦਰਸ਼ਣ ਹੁੰਦੇ ਹਨ। ਕਈ ਕਵਿਤਾਵਾਂ ਵਿਚ ਉਹ ਕਵਿਤਾ ਨੂੰ ਪ੍ਰੀਭਾਸ਼ਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਮੈਨੂੰ ਆਸ ਤੇ ਵਿਸ਼ਵਾਸ ਵੀ ਹੈ ਕਿ ਉਸ ਦੇ ਅੱਗੇ ਵਧਦੇ ਪੈਰ, ਅਗਲੇਰੀਆਂ ਰਚਨਾਵਾਂ ਵਿਚ ਵੱਡੀਆਂ ਜ਼ੁੰਮੇਵਾਰੀਆਂ ਨਿਭਾਉਣ ਦੇ ਸਮਰੱਥ ਹੋ ਜਾਣਗੇ। ਉਹ ਸਾਡਾ ਹੋਣਹਾਰ ਸ਼ਾਇਰ ਹੈ ਤੇ ਵੱਖਰੀਆਂ ਰੇਖਾਵਾਂ ਉਘਾੜਨ ਲਈ ਤੀਬਰ। ਉਸ ਦਾ ਸੂਖ਼ਮ ਵਿਅੰਗ ਵੀ ਧਿਆਨ ਖਿਚਦਾ ਹੈ।

ਹੁਣ ਖਾਲਸਾ ਸਰਬੱਤ ਦੇ ਭਲੇ ਲਈ ਨਹੀਂ
ਸਗੋਂ ਆਪਣੇ ਭਲੇ ਬਾਰੇ ਜ਼ਿਆਦਾ ਚਿੰਤਾਤੁਰ ਹੈ
ਸੱਚ ਹੈ—ਉਹ ਨੇ ਸਰਬੱਤ ਦੇ ਭਲੇ 'ਚੋਂ ਖੱਟਿਆ ਵੀ ਕੀ ਹੈ ?

ਇਸ ਪਰਾਗੇ ਦਾ ਦੂਜਾ ਕਵੀ ਹੈ ਹਰੀ ਸਿੰਘ ਮੋਹੀ। ਮੁਖਾਲਿਫ ਹਵਾ ਉਸ ਦਾ ਦੂਸਰਾ ਕਾਵਿ-ਸੰਗ੍ਰਹਿ ਹੈ, ਗੀਤਾਂ. ਗ਼ਜ਼ਲਾਂ ਤੇ ਕਵਿਤਾਵਾਂ ਦਾ। ਪਹਿਲੇ ਸੰਗ੍ਰਹਿ ਨਾਲ ਉਸ ਨੇ ਆਪਣੀ ਗ਼ਜ਼ਲ ਦੀਆਂ ਕਾਵਿ-ਖੂਬੀਆਂ ਸਦਕਾ ਆਪਣਾ ਲੋਹਾ ਮੰਗਵਾ ਲਿਆ ਸੀ। ਇਸ ਸੰਗ੍ਰਹਿ ਵਿਚ ਵੀ ਗੀਤਾਂ/ਨਜ਼ਮਾਂ ਦੇ ਟਾਕਰੇ ਤੇ ਗ਼ਜ਼ਲਾਂ ਦਾ ਰੰਗ ਕਿਤੇ ਗੂਹੜਾ ਤੇ ਨਿਵੇਕਲਾ ਹੈ। ਉਸ ਦੇ ਸ਼ਿਅਰਾਂ ਵਿਚ ਉਸਤਾਦਾਂ ਵਰਗੀ ਪਕਿਆਈ ਤੇ ਖੂਬ ਸੂਰਤੀ ਹੈ ਗੀਤਾਂ ਵਿਚ ਜਿਹੜੀ ਕੋਮਲਤਾ ਸ਼ਬਦਾਂ ਦੀ ਸਾਦਗੀ ਤੇ ਮੁਹਾਵਰੇ ਦੀ ਠੁਕ ਚਾਹੀਦੀ ਹੈ, ਉਸ ਲਈ ਹਾਲੀ ਹੋਰ ਅਭਿਆਸ ਦੀ ਲੋੜ ਹੈ। ਨਜ਼ਮਾਂ ਵਿਚੋਂ 'ਕੁੱਤੇ ਨਹੀਂ ਭੌਂਕਦੇ', 'ਰਾਜੇ ਨੂੰ ਕੀ' ਆਦਿ ਇੱਕਾ-ਦੁਕਾ ਕਵਿਤਾਵਾਂ ਹੀ ਵਧੀਆ ਹਨ। ਬਾਕੀਆਂ ਵਿਚ ਹਾਲੀ ਗ਼ਜ਼ਲ ਜੇਹੀ ਪਕਿਆਈ ਨਹੀਂ ਆਈ। ਅਸਲ ਵਿਚ ਮੇਰੀ ਰਾਏ ਹੈ ਕਿ ਮੋਹੀ ਦਾ ਮਨਪਸੰਦ ਖੇਤਰ ਗ਼ਜ਼ਲ ਹੀ ਹੈ। ਉਸ ਦੇ ਸ਼ਿਅਰਾਂ ਵਿਚਲੇ ਗੁਣ ਤੇ ਵਜ਼ਨ ਦਾ ਠੁੱਕ ਸਲਾਹੁਣ ਯੋਗ ਹਨ। ਉਰਦੂ ਦੇ ਵਿਰਲੇ ਟਾਵੇਂ ਸ਼ਬਦ ਰੜਕਦੇ ਹਨ, ਕਿਤੇ-ਕਿਤੇ



ਜ਼ਿਆਦਾ ਹੀ, ਜਿਵੇਂ—

ਸਰਾਪਾ ਪਿਘਲਿਆ ਸਾਂ, ਨੂਰ ਦਾ ਐਸਾ ਤਲਿਸਮ ਸੀ
ਜਦੋਂ ਬਾਹਮ ਰਵਾਕਤ ਹੋਈ ਸੀ. ਚਿਰ ਹੋ ਗਿਆ 'ਮਾਹੀ'

ਮੋਹੀ ਪੰਜਾਬੀ ਜ਼ੁਬਾਨ ਦੀ ਸਾਦਗੀ ਤੇ ਜੜਤ ਨਾਲ ਵਧੀਆਂ ਸ਼ਿਅਰ ਕਹਿ ਰਿਹਾ ਹੈ।

ਹੈ ਜਿਸ ਸ਼ਾਖ਼ ਦੇ ਆਸਰੇ ਮੌਜ ਮਾਣੀ
ਵਜ਼ਨ ਓਸ ਉੱਤੇ ਨ ਦੇਵੇ ਜ਼ਿਆਦਾ
ਜਿੱਤ ਜਾਵਾਂ ਤਾਂ ਉਦਾਸੀ ਨਾਲ ਭਰ ਜਾਂਦਾ ਹੈ ਮਨ
ਮਸਤ ਹੋ ਮਸਤੀ ਲੁੱਟਾਵਾਂ, ਜਦ ਹਰਾਂ ਮੈਂ ਦੋਸਤੋ।

ਮੁਖਾਲਿਫ ਹਵਾ ਹੀ ਉਚੇਰੀਆਂ ਉਡਾਣਾਂ ਲਈ ਕਾਰਨ ਤੇ ਪ੍ਰੇਰਨਾ ਬਣਦੀ ਹੈ ਵਿਰੋਧ 'ਚੋਂ ਹੀ ਵਿਕਾਸ ਦੇ, ਨਵੀਆਂ ਉਡਾਰੀਆਂ ਦੇ ਬਹਾਨੇ ਬਣਦੇ ਹਨ। ਮੋਹੀ ਦੇ ਸ਼ਿਅਰਾਂ ਵਿਚਲੀ ਸੁੰਦਰਤਾ ਤੇ ਪਕਿਆਈ ਨੂੰ ਜੀ ਆਇਆਂ।

(3) ਇਸ ਲੜੀ ਦੀ ਤੀਸਰੀ ਪੁਸਤਕ ਉਜਾਗਰ ਸਿੰਘ ਕੰਵਲ ਦਾ ਸੱਜਰਾ ਸੰਗ੍ਰਹਿ 'ਰੱਤ ਵਿਯੋਗਣ ਹੋਈ' ਹੈ। ਕੰਵਲ ਨੇ ਜਾ ਗੀਤ ਲਿਖੇ ਨੇ ਜਾਂ ਗ਼ਜ਼ਲ। ਉਸ ਨੂੰ ਗ਼ਜ਼ਲ-ਸ਼ਾਸਤਰ ਦਾ ਲੋੜੀਂਦਾ ਗਿਆਨ ਹੈ ਤੇ ਵਜ਼ਨ ਤੇ ਪੂਰਾ ਕਾਬੂ ਵੀ। ਉਸ ਦੇ ਸ਼ਿਅਰ ਕਿਤੇ ਵੀ ਝੋਲ ਨਹੀਂ ਖਾਂਦੇ। ਇੰਝ ਹੀ ਉਸ ਦੇ ਗੀਤ ਵੀ ਆਪਣੀ ਕੋਮਲਤਾ ਤੇ ਸੂਖ਼ਮਤਾ ਸਮੇਤ ਹਾਜ਼ਰ ਨੇ। ਅਜੋਕੇ ਅਕਵਿਤਾ ਦੇ ਯੁੱਗ ਵਿਚ ਪ੍ਰਗੀਤਕ ਰਚਨਾ, ਪਾਠਕ-ਵਰਗ ਨਾਲ ਜੁੜਨ ਲਈ ਸਾਰਥਕ ਯਤਨ ਹੈ, ਪਰ ਮੈਨੂੰ ਇੰਝ ਲਗਣ ਹੈ ਜਿਵੇਂ ਕੰਵਲ ਸਮੇਂ ਦੇ ਗੰਭੀਰ ਪਸ਼ਨਾ, ਚਿੰਤਾਵਾਂ, ਵਿਰੋਧਤਾਈਆਂ ਨੂੰ ਘੱਟ ਸੰਬੰਧਨ ਹੁੰਦਾ ਹੈ। ਸ਼ਾਇਦ ਏਸੇ ਕਾਰਨ ਹੀ ਉਸ ਦੇ ਗੀਤ ਤੇ ਗ਼ਜ਼ਲਾਂ ਨਿੱਜੀ ਦੁੱਖ-ਦਰਦ ਦੇ ਘੇਰੇ 'ਚੋਂ ਬਾਹਰ ਨਹੀਂ ਨਿਕਲਦੇ। ਕੰਵਲ ਵਿਚ ਸਿਰਜਣ-ਸਮਰੱਥਾ ਤਾਂ ਹੈ, ਪਰ ਉਹ ਨਵੇਂ ਔਝੜ ਰਾਹਾਂ ਤੇ ਤੁਰਨ ਤੋਂ ਝਿਜਕਦਾ, ਪੁਰਾਣੇ, ਸੌਖੇ, ਵੇਖੇ ਜਾਂਦੇ ਗਾਡੀ-ਰਾਹਾਂ ਤੇ ਹੀ ਤੁਰਿਆ ਜਾ ਰਿਹਾ ਹੈ। ਔਰ ਭੀ ਦੁੱਖ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ।

( ) ਮਾਨਵ-ਵਾਦੀ ਰਚਨਾ ਮੰਚ, ਕਪੂਰਥਲਾ ਨੇ ਪ੍ਰਸਿੱਧ ਪੰਜਾਬੀ ਲੋਕ-ਕਵੀ ਗੁਰਦਾਸ ਰਾਮ ਆਲਮ ਦੇ ਚਾਰ-ਕਾਵਿ-ਸੰਗ੍ਰਹਿਆਂ ਨੂੰ (ਜੇ ਮੈਂ ਮਰ ਗਿਆ, ਅੱਲੇ ਫੱਟ, ਉਡਦੀਆਂ ਧੂੜਾਂ, ਆਪਣਾ ਆਪ) ਇਕੱਠੇ ਕਰਕੇ ਛਾਪਣ ਦਾ ਪ੍ਰਸੰਸਾ-ਮਈ ਕੰਮ ਕੀਤਾ ਹੈ। ਪੁਸਤਕਾਂ ਦਾ ਛਪਣ ਸਾਲ, ਪਹਿਲੀਆਂ ਭੂਮਿਕਾਵਾ ਵੀ ਨਾਲ ਹੀ ਛਾਪਣ ਦੀ ਲੋੜ ਸੀ। ਲਗਦਾ ਹੈ ਕਿ ਪੁਸਤਕ ਕੁਝ ਕਾਹਲੀ ਵਿਚ ਛਾਪੀ ਗਈ ਹੈ। ਛਪਾਈ ਦੀਆਂ ਬਹੁਤ ਗਲਤੀਆਂ ਹਨ। ਫੇਰ ਵੀ ਇਹ ਉਦਮ ਚੰਗਾ ਹੈ। ਆਲਮ ਦੇ ਲਿਖਤੀ ਵਿਰਸੇ ਨੂੰ ਸਾਂਭਣ ਦਾ ਯਤਨ ਕਰਦਿਆ ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਉਹ ਕਵੀ ਜਾਤ ਦੇ ਬੰਧਨਾਂ ਤੇ ਸੰਸਕਾਰਾਂ ਤੋਂ ਉੱਪਰ ਉੱਠ ਕੇ ਜਮਾਤੀ ਦ੍ਰਿਸ਼ਟੀ ਕੋਣ ਅਪਣਾ ਚੁੱਕਾ ਸੀ। ਉਸ ਦੀ ਆਵਾਜ਼, ਉਸ ਦੀ ਸ਼ਾਇਰੀ ਸਾਰੇ ਹੀ ਪੀੜਤ ਵਰਗਾਂ, ਸਮਾਜਕ-ਬੇਇਨਸਾਫੀਆਂ ਦੇ ਵਿਰੁੱਧ ਖੁੱਲ ਕੇ ਬੋਲਦੀ ਸੀ ਤੇ ਪ੍ਰਸੰਸਾ ਖੱਟਦੀ ਸੀ। ਉਸਦੇ ਵਿਸ਼ੇ ਬੋਲੀ, ਛੰਦ, ਅਲੰਕਾਰ ਸਾਰੇ ਹੀ ਜਨ-ਜੀਵਨ ਵਿਚ ਲਏ ਜਾਂਦੇ ਸਨ।

ਕੀ ਲਿਖਦਾ ਕਿਸ ਲਈ ਲਿਖਦਾ ਏਂ
ਇਸ ਗੱਲ ਨੂੰ ਗਹੁ ਨਾਲ ਸੋਚ ਜ਼ਰਾ।
ਤੇਰੀ ਲਿਖਤ ਸਹਾਇਤਾ ਕਰਦੀ ਏ
ਜਾਂ ਲਿੱਸੇ ਜਾਂ ਜਰਵਾਣੇ ਦੀ

(5) 'ਅਲਵਿਦਾ ਤੋਂ ਪਹਿਲਾਂ' ਖ਼ੁਸ਼ਵੰਤ ਕੰਵਲ ਦਾ ਸੱਜਰਾ ਕਾਵਿ-ਸੰਗ੍ਰਹਿ ਹੈ। ਪੁਸਤਕ ਦੇ ਪਹਿਲੇ ਭਾਗ ਵਿਚ ਨਜ਼ਮਾਂ ਤੇ ਗੀਤ ਹਨ। ਤੇ ਦੂਸਰੇ ਭਾਗ ਵਿਚ ਗ਼ਜ਼ਲਾਂ। ਖ਼ੁਸ਼ਵੰਤ ਦਾ ਅਸਲ ਸ਼ਾਇਰਾਨਾਂ ਰੰਗ ਗ਼ਜ਼ਲ ਵਿਚ ਹੀ ਉਘੜਦਾ ਹੈ। ਉਂਝ ਗ਼ਜ਼ਲ ਵਿਚ ਹੀ ਉਹ ਅਜੀਬ ਤੇ ਹਾਸੋ-ਹੀਣੇ ਕਾਫੀਏ ਜੋੜਦਾ ਹੈ ਤੇ ਰਵਾਇਤੀ ਗੱਲਾਂ ਵੀ ਬਥੇਰੀਆਂ ਕਰਦਾ ਹੈ, ਪਰ ਕੁਲ ਮਿਲਾਕੇ ਕੁਝ ਚੰਗੀਆਂ ਗ਼ਜ਼ਲਾਂ ਉਸ ਦੀ ਪ੍ਰਾਪਤੀ ਹਨ। ਪੁਸਤਕ ਦੇ ਤੀਸਰੇ ਭਾਗ ਵਿਚ 29 ਸਫੇ ਆਲੋਚਨਾਤਮਿਕ/ਪ੍ਰਸੰਸਾ ਮਈ ਲੇਖ/ਜਾਂ ਰੀਵੀਊ ਹਨ, ਪਹਿਲੀਆਂ ਪੁਸਤਕਾਂ ਬਾਰੇ ਇਹ ਛਾਪਣ ਦੀ ਕੋਈ ਲੋੜ ਹੀ ਨਹੀਂ ਹੈ। ਪਾਠਕ ਨੂੰ ਇਹਨਾਂ ਲੇਖਾਂ ਨਾਲ ਕੀ ਵਾਸਤਾ? ਖ਼ੁਸ਼ਵੰਤ ਨੂੰ ਹੁਣ ਇਹ ਫੈਸਲਾ ਹੀ ਕਰ ਲੈਣਾ ਚਾਹੀਦਾ ਹੈ ਕਿ ਗ਼ਜ਼ਲ ਤੇ ਕੇਵਲ ਗ਼ਜ਼ਲ ਹੀ ਉਸ ਦਾ ਖੇਤਰ ਹੈ।

(ਹ. ਸ. ਹ.)

---

(ਸਫ਼ਾ 57 ਦੀ ਬਾਕੀ)

ਉਹਨੂੰ ਲਗਦਾ ਹੈ ਕਿ ਇਹ ਇਕ ਬੇਹਾ ਜਿਹਾ ਰੂਪ ਹੈ ਅਤੇ ਉਹ ਮਾਯੂਸ ਹੋਣ ਲਗਦਾ ਹੈ। ਬਦਲਿਆ ਹੋਇਆ ਯਥਾਰਥ (ਵਸਤੂ) ਤਾਂ ਸ਼ਾਇਦ ਉਹਦੇ ਕੋਲ ਹੈ, ਪਰੰਤੂ ਨਵਾਂ ਰੂਪ ਜਾਂ ਕਲਾਤਮਕਤਾ ਨਹੀਂ ਹੈ। ਬਰਤਾਨਵੀ ਪੰਜਾਬੀ ਕਹਾਣੀਕਾਰ ਨੂੰ ਵੀ ਇਸ ਰੂਪਾਕਾਰ ਦੇ ਨਵੇਂ ਰੂਪ ਦੀ ਤਲਾਸ਼ ਕਰਨੀ ਪਵੇਗੀ। ਉਹਨੂੰ ਨਵੀਆਂ ਜੁਗਤਾਂ ਅਤੇ ਨਵੀਂ ਭਾਸ਼ਾ ਸਿਰਜਣੀ ਪਵੇਗੀ। ਜੇ ਉਹ ਨਹੀਂ ਸਿਰਜ ਸਕਦਾ ਤਾਂ ਉਹ ਹੋਰ ਮਾਯੂਸ ਹੋਵੇਗਾ।

ਆਪਣੇ ਪਹਿਲੇ ਕਹਾਣੀ-ਸੰਗ੍ਰਹਿ ਵਿਚ ਅਮਨ ਪਾਲ ਸਾਰਾ ਆਪਣੀ ਮੁੱਢਲੀ ਪਛਾਣ ਬਣਾਉਂਦਾ ਹੈ। ਇਹ ਪਛਾਣ ਇਹਨਾਂ ਅਰਥਾਂ ਵਿਚ ਹੈ ਕਿ ਉਹ ਕੈਨੇਡਾ ਦੇ ਵਸਤੂ-ਯਥਾਰਥ ਨੂੰ ਸਮਝਦਾ ਹੈ। ਪਰੰਤੂ ਉਹਨੂੰ ਕਲਾਤਮਕ ਪੇਸ਼ਕਾਰੀ ਦੇਣ ਦੇ ਅਰਥਾਂ ਵਿਚ ਉਹ ਰੂਪ-ਸਿਰਜਣ ਦੇ ਜਟਿਲ ਅਮਲ ਤੋਂ ਕਾਫੀ ਉਰਾਂ ਹੈ। ਉਹ ਇਕੱਲਾ ਹੀ ਨਹੀਂ ਹੈ ਬਲਕਿ ਪੰਜਾਬ ਵਿਚ ਵੀ ਅਤੇ ਇੰਗਲੈਂਡ ਵਿਚ ਵੀ ਬਹੁਤ ਲੇਖਕ ਉਹਦੇ ਵਾਂਗ ਹੀ ਹਨ। ਉਹ ਤਾਂ ਇਕ ਰੰਗਕਰਮੀ ਵੀ ਹੈ, ਇਸ ਲਈ ਰੰਗਮੰਚ ਲਈ ਵਰਤੀਆਂ ਜਾਂਦੀਆਂ ਅਨੇਕਾਂ ਹੀ ਜੁਗਤਾਂ ਵੀ ਉਹਦੀ ਸਹਾਇਤਾ ਕਰ ਸਕਦੀਆਂ ਹਨ। ਬ੍ਰੈਖ਼ਤ ਵਰਗੇ ਨਾਟਕਕਾਰਾਂ ਨੇ ਬੇਗਾਨਗੀ (Estrangement) ਦੀ ਵਿਧੀ ਨਾਲ ਕੀ-ਕੀ ਕਮਾਲ ਕੀਤੇ ਹਨ, ਮੈਨੂੰ ਉਮੀਦ ਹੀ ਨਹੀਂ ਯਕੀਨ ਹੈ ਕਿ ਉਹ ਆਪਣੀਆਂ ਅਗਲੀਆਂ ਕਹਾਣੀਆਂ ਵਿਚ ਰੂਪ-ਸਿਰਜਣ ਦੇ ਅਮਲ ਨੂੰ ਨਵੀਆਂ ਲੀਹਾਂ ਤੇ ਤੋਰੇਗਾ।

ਡਾ ਸਵਰਨ ਚੰਦਨ—ਹੇਜ਼, ਯੂ. ਕੇ.





## ਮਸੂਦ ਖੱਦਰ-ਪੋਸ਼

—ਮਹਿਮੂਦ ਸ਼ਾਨ ਗੁੱਲ

ਭਾਰਤੀ ਰੇਡੀਓ ਨੇ ਸਤਿਕਾਰ ਵਜੋਂ, ਇਸ ਭਾਰਤੀ ਸਿਵਲ ਅਧਿਕਾਰੀ ਦੇ ਬਾਰੇ ਵਿਚ ਮਸੂਦ ਖੱਦਰ-ਪੋਸ਼ ਦੇ ਜੀਵਨ ਤੇ ਉਸ ਦੀਆਂ ਪ੍ਰਾਪਤੀਆਂ ਬਾਰੇ, ਦਸ ਮਿੰਟ ਦਾ ਪ੍ਰੋਗਰਾਮ ਪੇਸ਼ ਕੀਤਾ ਤੇ ਅਖਬਾਰਾਂ ਨੇ ਸਰਕਾਰੀ ਅਫਸੋਸ ਦੇ ਸੁਨੇਹੇ 'ਤੇ ਲੇਖ ਉਸ ਦੀ ਯਾਦ ਵਿਚ ਪ੍ਰਸਾਰਤ ਕੀਤੇ। ਪਰ ਬਦਕਿਸਮਤੀ ਨਾਲ, ਜਿਵੇਂ ਕਿ ਆਸ ਵੀ ਸੀ, ਪਾਕਿਸਤਾਨ,, ਉਹ ਦੇਸ਼ ਜਿਸ ਨੂੰ ਉਸ ਆਪਣਾ ਆਪਾ ਸਮਰਪਿਤ ਕੀਤਾ ਸੀ, ਨੇ ਇਕ ਵੱਡੇ ਅਧਿਕਾਰੀ ਤੇ ਕਈਆਂ ਲਈ ਇਕ ਨਾਇਕ ਨੂੰ, ਪ੍ਰਵਾਨ ਕਰਨ ਤੇ ਸਤਿਕਾਰਨ ਤੋਂ ਅਣਗੌਲਿਆ ਕਰ ਦਿੱਤਾ।

ਅਣਵੰਡੇ ਭਾਰਤ ਦੀ 'ਭੀਲ' ਬਰਾਦਰੀ ਲਈ 'ਭਗਵਾਨ' ਕਿਹਾ ਜਾਂਦਾ ਮਸੂਦ, ਗ਼ਰੀਬਾਂ ਤੇ ਹੋਰ ਲਿਤਾੜੇ ਵਰਗਾਂ ਲਈ ਇਕ ਮਸੀਹਾ ਸੀ। ਨਾਲ ਹੀ ਉਹ ਇਕ ਦ੍ਰਿੜ੍ਹ ਦੇਸ਼-ਭਗਤ ਸੀ, ਜਿਸ ਨੇ ਵੰਡ ਵੇਲੇ ਪਾਕਿਸਤਾਨ ਦੀ ਚੋਣ ਕੀਤੀ।

ਮਸੂਦ, ਵਧੇਰੇ ਕਰਕੇ ਖੱਦਰ ਪੋਸ਼ ਵਜੋਂ ਜਾਣਿਆ ਜਾਂਦਾ ਸੀ, ਕਿਉਂਕਿ ਉਹ ਖੱਦਰ ਦੇ ਕੱਪੜੇ ਪਾਉਂਦਾ ਸੀ। ਉਹ ਲਾਹੌਰ ਦੇ ਗੁਮਟੀ ਬਾਜ਼ਾਰ ਵਿਚ 1916 ਨੂੰ ਜੰਮਿਆ ਸੀ। ਉਹ ਨੇਕੀ ਤੇ ਵਿਦਵਤਾ ਦੇ ਵਾਤਾਵਰਨ ਵਿਚ ਪਲਿਆ। ਉਸ ਦਾ ਪਿਤਾ ਇਕ ਪ੍ਰਸਿੱਧ 'ਹਕੀਮ' ਸੀ ਜਿਸ ਨੂੰ ਪਿਛੋਂ ਈਰਾਨ ਦਾ ਸਫੀਰ ਬਣਾ ਕੇ ਭੇਜਿਆ ਗਿਆ ਸੀ। ਮਸੂਦ ਇਕ ਲਾਇਕ ਵਿਦਿਆਰਥੀ ਸੀ ਤੇ ਜਦੋਂ ਉਸ ਇੰਡੀਅਨ ਸਿਵਿਲ ਸਰਵਿਸ ਦਾ ਇਮਤਿਹਾਨ ਦਿੱਤਾ ਤੇ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ। ਪਿੱਛੋਂ ਵਜ਼ੀਫੇ ਤੇ ਉਸ ਨੂੰ ਸੇਂਟ ਜਾਹਨਜ਼ ਕਾਲਜ ਅਕਸਫੋਰਡ ਭੇਜਿਆ ਗਿਆ।

ਆਕਸਫੋਰਡ ਤੋਂ ਵਾਪਸ ਪਰਤਣ ਤੇ ਮਸੂਦ ਦੀ ਪਹਿਲੀ ਨਿਯੁਕਤੀ, ਵੰਡ ਤੋਂ ਪਹਿਲਾਂ ਦੇ ਭਾਰਤ ਦੇ ਖੰਡੇਸ਼ ਦੇ ਪਛੜੇ ਇਲਾਕੇ ਵਿਚ ਹੋਈ। ਉਸ ਨੂੰ ਉੱਥੇ ਵਿਸ਼ੇਸ਼ ਤੌਰ ਤੇ 'ਭੀਲ' ਕਬੀਲੇ ਦੇ ਪੁਨਰ-ਵਾਸ ਲਈ ਭੇਜਿਆ ਗਿਆ ਸੀ, ਜਿਸ ਕਬੀਲੇ ਨੂੰ ਬਾਣੀਏਂ ਬੜੀ ਬੇਰਹਿਮੀ ਨਾਲ ਲੁੱਟਦੇ ਸੀ।

ਜੋ ਕੁਝ ਉਸ ਨੇ ਉੱਥੇ ਵੇਖਿਆ, ਉਸ ਤੋਂ ਉਹ ਬੜਾ ਪ੍ਰਭਾਵਤ ਹੋਇਆ ਤੇ ਉਸ ਦੀ ਇੱਛਾ ਸੀ ਕਿ ਭੀਲ ਬਾਣੀਆਂ ਦੇ ਜਾਲ ਚੋਂ ਬਚ ਨਿਕਲਣ। ਉਸ ਦੇ ਪਹੁੰਚਣ ਤੋਂ ਛੇਤੀ ਹੀ ਬਾਅਦ, ਮਸੂਦ ਨੇ ਭੀਲਾਂ ਵਿਚ ਨਵੀਂ ਚੇਤਨਾ, ਹੌਸਲਾ ਤੇ ਵਿਸ਼ਵਾਸ ਪੈਦਾ ਕਰ ਦਿੱਤਾ ਤੇ ਉਹ ਪਛੜਿਆ ਕਬੀਲਾ ਅੰਤ ਤੇ ਬਾਣੀਆਂ ਦੇ ਚੁੰਗਲ ਵਿਚੋਂ ਮੁਕਤ ਹੋਣ ਵਿਚ ਕਾਮਯਾਬ ਹੋ ਗਿਆ। ਉਹ ਏਨਾ ਹਰਮਨ ਪਿਆਰਾ ਹੋ ਗਿਆ ਕਿ ਉਸ ਨੂੰ "ਭੀਲ ਭਗਵਾਨ" ਕਿਹਾ ਜਾਣ ਲੱਗਾ। ਮਸੂਦ ਨੇ ਭੀਲਾਂ ਦੀ ਭਾਸ਼ਾ ਨੂੰ ਵੀ ਉੱਚਾ ਚੁੱਕਿਆ।

ਦੇਸ਼-ਵੰਡ ਤੋਂ ਪਿੱਛੋਂ ਉਸ ਨੂੰ ਜ਼ਿਲ੍ਹਾ ਕੁਲੈਕਟਰ ਵਜੋਂ ਨਵਾਬ ਸ਼ਾਹ, ਸਿੰਧ ਵਿਚ ਲਾਇਆ ਗਿਆ। ਇਹ ਇਕ ਹੋਰ ਜਗ੍ਹਾ ਸੀ ਜਿੱਥੇ ਹੇਠਲੀ ਸ਼੍ਰੇਣੀ ਨਾਲ ਗ਼ੈਰ-ਮਨੁੱਖੀ ਵਿਹਾਰ ਕੀਤਾ ਜਾਂਦਾ ਸੀ। ਏਥੇ ਉਹ ਬੇਜ਼ਮੀਨੇ ਕਿਸਾਨਾਂ ਦੀ ਭੈੜੀ ਹਾਲਤ ਤੋਂ ਬਹੁਤ ਪ੍ਰਭਾਵਤ ਹੋਇਆ, ਜਿਨ੍ਹਾਂ ਨੂੰ ਸਿੰਧੀ ਜਾਗੀਰਦਾਰਾਂ ਵੱਲੋਂ 'ਹਰੀਸ' ਕਿਹਾ ਜਾਂਦਾ ਸੀ ਤੇ ਉਸ ਨੇ ਏਥੇ ਆਪਣੀ 'ਹਾਰੀ ਰੀਪੋਰਟ' ਨਾਲੋਂ ਪਾਟਵੀਂ ਰਾਏ ਲਿਖੀ। ਸਰਕਾਰ ਨੇ ਇਹ ਰੀਪੋਰਟ ਦਬਾਉਣ ਦੀ ਕੋਸ਼ਿਸ਼ ਕੀਤੀ, ਪਰ

ਇਹ ਰੀਪੋਰਟ ਜਾਰੀ ਕਰਨੀ ਪਈ। ਇਸ ਰੀਪੋਰਟ ਵਿਚ, ਉਸ ਵਹਿਸ਼ੀ ਵਿਹਾਰ ਦਾ ਵਿਸ਼ਲੇਸ਼ਣ ਸੀ, ਜਿਹੜਾ 'ਹਾਰੀਸ' ਖੇਤ-ਮਜ਼ਦੂਰਾਂ ਨਾਲ ਕੀਤਾ ਜਾਂਦਾ ਸੀ। ਮਸੂਦ ਨੇ ਰਾਏ ਦਿੰਦਿਆਂ ਜਾਗੀਰਦਾਰੀ ਖਤਮ ਕਰਨ ਦਾ ਸੁਝਾਅ ਦਿੱਤਾ ਸੀ ਤੇ ਕਿਹਾ ਸੀ ਕਿ ਜ਼ਮੀਨ ਬੇਜ਼ਮੀਨੇ 'ਹਾਰੀਸਾਂ' ਵਿਚ ਵੰਡ ਦਿੱਤੀ ਜਾਵੇ। ਗ਼ਰੀਬਾਂ ਨਾਲ ਆਪਣੇ ਪਿਆਰ ਤੇ ਫਿਕਰ ਕਾਰਨ ਇਕ ਵਾਰ ਫੇਰ ਉਸ ਦਾ ਨਵਾਂ ਨਾਂ ਪੈ ਗਿਆ, "ਮਸੂਦ ਹਾਰੀ"।

ਪਰ ਉਸ ਦੀ ਵੱਖਰੀ ਰਾਏ ਵਾਲੀ ਰੀਪੋਰਟ ਨੇ ਮੁਸ਼ਕਲਾਂ ਪੈਦਾ ਕਰ ਦਿੱਤੀਆਂ ਤੇ ਮਸੂਦ ਨੂੰ ਨਵਾਬ ਸ਼ਾਹ ਤੋਂ ਬਦਲ ਕੇ, ਮੁਜ਼ੱਫਰਗੜ੍ਹ ਵਿਚ ਡੀ. ਸੀ. ਲਾ ਦਿੱਤਾ ਗਿਆ, ਏਥੇ ਵੀ ਉਹ ਅਧਿਕਾਰ-ਵਿਹੂਣੇ ਲੋਕਾਂ ਦੇ ਨਾਲ ਖਲੋਤਾ। ਉਹ ਏਨਾ ਹਰਮਨ ਪਿਆਰਾ ਹੋ ਗਿਆ ਕਿ ਲੋਕ ਉਸ ਬਾਰੇ ਕਹਾਣੀਆਂ ਲਿਖਣ ਲੱਗੇ। ਉਸ ਨੂੰ ਇਕ ਸਮਾਜ-ਸੁਧਾਰਕ ਤੇ ਬੀਰ-ਨਾਇਕ ਕਿਹਾ ਜਾਣ ਲੱਗ ਪਿਆ। ਹੇਠਲੀ ਸ਼੍ਰੇਣੀ ਮਸੂਦ ਦੇ ਬਹਾਦਰੀ-ਭਰੇ ਗੁਣਾਂ ਕਾਰਨ ਉਸ ਦੀ ਵੱਡੀ ਪ੍ਰਸ਼ੰਸਕ ਬਣ ਗਈ।

ਬਹੁਤੇ ਅਫਸਰ-ਸ਼ਾਹਾਂ ਦੇ ਉਲਟ ਮਸੂਦ ਸਾਦਾ ਇਨਸਾਨ ਸੀ। ਉਹ ਹੱਥ ਦਾ ਉਣਿਆ ਕੱਪੜਾ, ਖੱਦਰ ਪਾਉਂਦਾ ਸੀ ਤੇ ਸਾਧਾਰਨ ਲੋਕਾਂ ਵਿਚ ਵਿਚਰਦਾ ਤੇ ਉਹਨਾਂ ਦੀ ਜ਼ਿੰਦਗੀ ਦੇ ਮਸਲੇ ਬਹਿ ਕੇ ਵਿਚਾਰਦਾ ਸੀ। ਉਹ ਸਥਾਨਕ ਬੋਲੀ ਵਿਚ ਉਹਨਾਂ ਲੋਕਾਂ ਨਾਲ ਗੱਲਾਂ ਕਰਦਾ ਤੇ ਮੁਜ਼ੱਫਰਗੜ੍ਹ ਦੀਆਂ ਗਲੀਆਂ ਵਿਚ ਮੈਲੇ ਕੱਪੜੇ ਪਾਈ, ਆਮ ਗ਼ਰੀਬਾਂ ਵਾਂਗ ਘੁੰਮਦਾ ਸੀ, ਉਸ ਦੀ ਧੀ ਸ਼ਾਰੀਨ ਮਸੂਦ ਚੇਤੇ ਕਰਦੀ ਕਹਿੰਦੀ ਹੈ, "ਉਸ ਲਈ ਲੋਕਾਂ ਵਿਚ ਘੁਲ-ਮਿਲ ਜਾਣਾ ਸੌਖਾ ਸੀ।" ਉਸਦੀ ਧੀ ਹਮੇਸ਼ਾਂ ਸਰਕਾਰ ਦੀ ਆਮ ਬੱਸ ਵਿਚ ਸਕੂਲ ਜਾਂਦੀ ਸੀ। ਭਾਵੇਂ ਸਰਕਾਰੀ ਕਾਰ ਕੋਲ ਸੀ, ਪਰ ਮਸੂਦ ਕਦੇ ਵੀ ਘਰੇਲੂ ਕੰਮਾਂ ਲਈ ਸਰਕਾਰੀ ਚੀਜ਼ਾਂ ਦੀ ਵਰਤੋਂ ਨਹੀਂ ਸੀ ਕਰਦਾ।

ਉਹ ਮੌਕੇ ਤੇ ਹੀ, ਤੁਰੰਤ ਫੈਸਲੇ ਕਰਨ ਲਈ ਪ੍ਰਸਿੱਧ ਹੋ ਗਿਆ ਤੇ ਇੰਝ ਉਸ ਨੇ ਲਾਲ ਫੀਤਾ ਸ਼ਾਹੀ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰਦਿਆਂ ਤੁਰੰਤ ਇਨਸਾਫ ਦੇਣ ਦੀ ਰੀਤ ਚਲਾਈ। ਡਿਪਟੀ ਕਮਿਸ਼ਨਰ ਹੁੰਦਿਆਂ ਉਹ ਏਨਾ ਸਾਦਾ ਰਹਿੰਦਾ ਸੀ ਕਿ ਲੋਕਾਂ ਨੂੰ ਯਕੀਨ ਨਹੀਂ ਸੀ ਆਉਂਦਾ ਕਿ ਉਹ ਪਾਕਿਸਤਾਨ ਸਰਕਾਰ ਦਾ ਕੋਈ ਉਚ ਅਧਿਕਾਰੀ ਹੈ।

ਵਿਵਾਦੀ ਮਨੁੱਖ ਮਸੂਦ ਨੇ ਸਿੰਧ ਦੇ ਪਾਣੀਆਂ ਦੇ ਸਮਝੌਤੇ ਦੇ ਵਿਰੁੱਧ ਪੈਂਤੜਾ ਲੈ ਲਿਆ ਤੇ ਇਸ ਦੀ ਖੁੱਲ੍ਹੀ ਨੁਕਤਾਚੀਨੀ ਕੀਤੀ, ਭਾਵੇਂ ਕਿ ਉਸ ਦੇ ਮਿੱਤਰਾਂ ਹੋਰ ਉੱਚ-ਅਧਿਕਾਰੀਆਂ, ਕਰੱਤੁਲਾ ਸਹਾਬ, ਸੂਫ਼ੀ ਤੇ ਇਕਰਮ-ਉਲ-ਹੱਕ ਨੇ ਉਸ ਨੂੰ ਅਜੇਹਾ ਕਰਨ ਤੋਂ ਵਰਜਿਆ। ਆਪਣੇ ਅਹੁਦੇ ਨੂੰ ਖਤਰੇ ਵਿਚ ਪਾਕੇ ਵੀ ਉਸ ਨੇ ਜਨਰਲ ਅਯੂਬਖਾਨ ਨੂੰ ਇਕ ਸਖਤ ਚਿੱਠੀ ਲਿਖੀ ਤੇ ਇਸ ਸਮਝੌਤੇ ਤੇ ਦਸਤਖਤ ਕਰਨ ਦਾ ਵਿਰੋਧ ਕੀਤਾ ਤੇ ਇਸ ਲਈ ਅਕੱਟ ਦਲੀਲਾਂ ਵੀ ਦਿੱਤੀਆਂ। ਜਨਰਲ ਅਯੂਬ ਨੇ ਉਸ ਦੀ ਗੱਲ ਸੁਣੀ ਪਰ ਸਮਝੌਤੇ ਨੂੰ ਰੱਦ ਕਰਨ ਤੋਂ ਮਜ਼ਬੂਰੀ ਪ੍ਰਗਟਾਈ, ਕਿਉਂਕਿ ਇਸ ਦੀਆਂ ਕਾਫੀ ਦਸਤਾਵੇਜ਼ਾ ਪਹਿਲਾ ਹੀ ਪ੍ਰਵਾਨ ਕੀਤੀਆਂ ਜਾ ਚੁੱਕੀਆਂ ਸਨ।

ਇਸ ਸਮਾਜ-ਸੁਧਾਰਨ ਤੇ ਆਗੂ ਦੇ ਜੀਵਨ ਦੀ ਇਕ ਹੋਰ ਉੱਘੀ ਘਟਨਾ ਇਹ ਹੈ ਕਿ ਉਸ ਨੇ ਨਿਮਾਜ਼ ਉਰਦੂ ਵਿਚ ਪੜ੍ਹੀ ਤੇ ਕਿਹਾ, ਕਿ ਖੁਦਾ ਨਾਲ ਤੁਸੀਂ ਉਸ ਜ਼ੁਬਾਨ ਵਿਚ ਕਿਵੇਂ ਸੰਚਾਰ ਕਰ ਸਕਦੇ ਹੋ, ਜਿਸ ਨੂੰ ਤੁਸੀਂ ਸਮਝਦੇ ਹੀ ਨਹੀਂ।'

ਪਰ ਮੂਲਵਾਦੀ ਕਰੋਧ ਵਿਚ ਆ ਗਏ ਤੇ ਉਹਨਾਂ ਇਸ ਨਾ-ਮੁਆਫ ਕਰਨ ਯੋਗ ਗੁਨਾਹ ਦੀ



ਸਜ਼ਾ ਫ਼ਤਵੇ ਦੇ ਰੂਪ ਵਿਚ ਸੁਣਾਈ ਤੇ ਕਈ ਇਮਾਮਾਂ ਤੇ ਮੂਲਵਾਦੀਆਂ ਨੇ ਕਿਹਾ ਕਿ ਮਸੂਦ ਨੇ 'ਗੁਨਾਹੇ-ਨਾਬੀਰ, ਕੀਤਾ ਹੈ। ਹਾਲਾਤ ਦੀ ਗੰਭੀਰਤਾ ਨੂੰ ਵੇਖ ਕੇ, ਮਸੂਦ ਨੂੰ ਇਕ ਸਾਲ ਦੀ ਜਬਰੀ ਛੁੱਟੀ ਤੇ ਇੰਗਲੈਂਡ ਭੇਜ ਦਿੱਤਾ ਗਿਆ।

ਮਸੂਦ ਦਾ ਸਾਦਾ ਤੇ ਨਿਰਮਾਣ ਜੀਵਨ ਕਈ ਵਾਰ, ਸਾਡੇ ਰਾਜ ਕਰਦੇ ਵਰਗ ਦੇ 'ਕਾਲੇ ਹਾਕਮਾਂ' ਨੂੰ ਪਸੰਦ ਨਹੀਂ ਸੀ ਆਉਂਦਾ। ਆਪਣੇ ਸਾਥੀ ਉਚ-ਅਧਿਕਾਰੀਆਂ ਲਈ ਸੈਂਡਵਿਚ ਤੇ ਪੇਸਟਰੀਆਂ ਦਾ ਹੁਕਮ ਦੇਣ ਦੀ ਥਾਂ ਮਸੂਦ ਕੱਚੀਆਂ ਗਾਜਰਾਂ ਤੇ ਮੂਲੀਆਂ ਦਾ ਆਰਡਰ ਦੇ ਦਿੰਦਾ ਸੀ।

ਇਕ ਵੇਰ ਉਸ ਨੇ ਹਰੀ ਪਾਲਕ ਦਾ ਆਰਡਰ ਦੇ ਦਿੱਤਾ ਕਿਉਂਕਿ ਉਹ ਖ਼ੁਦ ਕੱਚੀਆਂ ਸਬਜ਼ੀਆਂ ਖਾਣ ਦਾ ਸ਼ੁਕੀਨ ਸੀ।

ਉਸ ਦੀ ਇਕ ਹੋਰ ਪ੍ਰਾਪਤੀ ਹੋਈ, ਜਦੋਂ ਮਾਲ ਦੇ ਮਹਿਕਮੇ ਦੇ ਬੋਰਡ ਦੇ ਮੈਂਬਰ ਵਜੋਂ ਕੰਮ ਕਰਦਾ ਸੀ। ਉਹ ਸਾਰੀ ਕਾਰਵਾਈ ਪੰਜਾਬੀ ਵਿਚ ਚਲਾਉਂਦਾ ਸੀ ਕਿਉਂਕਿ ਉਸ ਮਹਿਸੂਸ ਕੀਤਾ ਕਿ ਅਨਪੜ੍ਹ ਪੰਜਾਬੀ ਲੋਕ ਕੌਮੀ ਭਾਸ਼ਾ ਉਰਦੂ ਨੂੰ ਸਮਝ ਨਹੀਂ ਸੀ ਸਕਦੇ। ਉਸ ਨੂੰ ਪੰਜਾਬੀ ਨਾਲ ਡਾਢਾ ਪਿਆਰ ਸੀ, ਕਿਉਂਕਿ ਇਹ ਉਸ ਦੀ ਮਾਂ-ਬੋਲੀ ਸੀ ਤੇ ਇਕ ਵਾਰ ਉਸ ਨੇ ਪੰਜਾਬੀ ਨੂੰ ਸੂਬੇ ਦੀ ਦੂਸਰੀ ਭਾਸ਼ਾ ਐਲਾਨ ਕਰਨ ਦਾ ਵਿਚਾਰ ਪੇਸ਼ ਕੀਤਾ। ਉਸ ਨੇ ਪੰਜਾਬੀ ਨੂੰ ਸਿਖਿਆ ਦਾ ਮਾਧਿਅਮ ਬਣਾਏ ਜਾਣ ਦੀ ਲਹਿਰ ਚਲਾਈ।

ਜ਼ੈਡ. ਏ. ਭੁੱਟੋ ਦੇ ਸਮੇਂ ਉਸ ਨੂੰ ਪੰਜਾਬ ਦੀ ਸਭ ਤੋਂ ਵੱਡੀ ਪਦਵੀ ਦੀ ਪੇਸ਼ਕਸ਼ ਕੀਤੀ ਗਈ ਪਰ ਉਸ ਨਾਂਹ ਕਰ ਦਿੱਤੀ ਤੇ ਜ਼ਮੀਨੀ ਸੁਧਾਰਾਂ ਦੀ ਕਮੇਟੀ ਦਾ ਮੈਂਬਰ ਬਣਨਾ ਪ੍ਰਵਾਨ ਕੀਤਾ, ਪਰ ਇਹ ਪੇਸ਼ਕਸ਼ ਤੁਰੰਤ ਰੱਦ ਕਰ ਦਿਤੀ ਗਈ, ਕਿਉਂਕਿ ਜਾਗੀਰਦਾਰੀ ਦੇ ਵਿਰੁੱਧ ਉਸ ਦੇ ਪੈਂਤੜੇ ਦਾ ਸਭ ਨੂੰ ਚਾਨਣ ਸੀ।

ਮਸੂਦ ਨੇ ਪੂਰਬੀ ਪਾਕਿਸਤਾਨ ਨੂੰ ਵੱਖ ਕਰਨ ਦੀ ਆਲੋਚਨਾ ਕੀਤੀ ਤੇ ਬੰਗਾਲੀਆਂ ਤੇ ਉਰਦੂ ਠੋਸਣ ਦੀ ਨਿੰਦਿਆ ਕੀਤੀ। ਉਸ ਦੋ ਪੁਸਤਕਾਂ ਲਿਖੀਆਂ, ਜਿਨ੍ਹਾਂ 'ਚ ਇਕ ਪੰਜਾਬੀ ਦੀ ਸੀ ਤੇ ਨਾਂ ਸੀ 'ਵਿਚਲੀ ਗੱਲ।'

1972 ਵਿਚ ਰੀਟਾਇਰ ਹੋਣ ਤੋਂ ਬਾਅਦ ਸਭਿਆਚਾਰਕ ਵਿਰਸੇ ਦੀ ਸੰਭਾਲ ਤੇ ਪੰਜਾਬੀ ਬੋਲੀ ਦੇ ਵਿਕਾਸ ਲਈ ਲੜਾਈ ਜਾਰੀ ਰੱਖੀ। ਉਹ ਆਪਣੀਆਂ ਬੱਚੀਆਂ ਨੂੰ ਧਾਰਮਿਕ ਸਿਖਿਆ ਪੰਜਾਬੀ ਵਿਚ ਹੀ ਦਿੰਦੇ ਸਨ।

ਪੰਜਾਬੀ ਬੋਲੀ ਕਈ ਉਸ ਦਾ ਪਿਆਰ ਏਨਾ ਪ੍ਰਬਲ ਸੀ ਕਿ ਉਸ ਨੇ ਇਸ ਭਾਸ਼ਾ ਦੇ ਵਿਕਾਸ ਲਈ ਜਥੇਬੰਦੀਆਂ ਬਣਾਈਆਂ। ਉਸ ਨੇ ਇਕੋ ਸੋਚ ਵਾਲੇ ਮਿੱਤਰਾਂ ਨੂੰ 'ਪੰਜਾਬ ਫੋਰਸ' 'ਗਰੁੱਪ 83' ਤੇ 'ਤਹਿਰੀਕ ਖ਼ੁਸ਼ਹਾਲ' ਵਿਚ ਇਕੱਠੇ ਕੀਤਾ।

ਮਸੂਦ ਖੱਦਰਪੋਸ਼, ਉਰਦੂ 'ਭੀਲ ਭਗਵਾਨ, ਉਰਫ਼ 'ਮਸੂਰ ਹਾਰੀ' ਨੂੰ ਗੁਜ਼ਰਿਆਂ 10 ਵਰ੍ਹੇ ਹੋ ਚੁੱਕੇ ਨੇ। ਪਿੱਛੋਂ ਆਈ ਕਿਸੇ ਸਰਕਾਰ ਨੇ ਉਸ ਦਾ ਮਾਣ ਕਰਨ ਬਾਰੇ ਨਹੀਂ ਬੋਲਿਆ। ਆਪਣੇ ਆਖਰੀ ਦਿਨੀਂ ਜਦੋਂ ਉਸ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਤਾਂ ਜਨੇਜੋ ਸਰਕਾਰ ਨੇ ਉਸਦਾ ਖਰਚਾ ਦੇਣ ਜਾਂ ਦਵਾਈਆਂ ਆਦਿ ਦੇ ਬਿਲ ਦਾ ਭੁਗਤਾਣ ਕਰਨ ਦੀ ਚਿੰਤਾ ਵੀ ਨਾ ਕੀਤੀ।

ਉਹ ਮਰ ਗਿਆ, ਜਿਵੇਂ ਕਿ ਉਸ ਨੇ ਜ਼ਿੰਦਗੀ ਜੀਵੀ ਸੀ।

ਰੁੱਖੀ ਸੁੱਖੀ ਖਾ ਕੇ ਠੰਢਾ ਪਾਣੀ ਪੀ,
ਵੇਖ ਪਰਾਈ ਚੋਪੜੀ, ਨਾ ਤਰਸਾਵੀਂ ਜੀ।

## ਨਵਾਂ ਕਵੀ—ਅਖ਼ਲਾਕ ਆਤਿਫ਼

ਜਨਮ-ਤਾਰੀਖ਼—ਅਗਸਤ 1958, ਵਜ਼ੀਰਾਬਾਦ, ਜ਼ਿਲਾ ਗੁਜਰਾਂਵਾਲਾ, ਕੰਮ-ਧੰਦਾ—ਕਮਰਸ਼ੀਅਲ ਆਰਟਿਸਟ, ਘਰ ਦਾ ਪਤਾ—ਗਲੀ ਨੰ: 6, ਨਿਊ ਕੋਟ ਫਰੀਦ, ਸਰਗੋਧਾ (ਪਾਕਿਸਤਾਨ), ਮੈਂਬਰ ਪਾਕਿਸਤਾਨ ਰਾਈਟਰਜ਼ ਗਿਲਡ, ਉਰਦੂ ਰਚਨਾਵਾਂ, ਕੁਰਬਾ ਕੁਰਬਾ ਖ਼ੁਸ਼ਬੂ (ਨਾਅਤਾਂ ਦਾ ਸੰਗ੍ਰਹਿ), ਪੰਜਾਬੀ—ਸਾਵੀਆਂ ਵੰਗਾਂ (1994)

### ਚਾਰ ਗ਼ਜ਼ਲਾਂ

(1)

ਧਰਤੀ ਉੱਤੇ ਬੰਦੇ ਫੁੱਲ ਨੇ, ਅੰਬਰ ਉੱਤੇ ਤਾਰੇ ਫੁੱਲ।
ਪਿਆਰ ਦੀਆਂ ਨਜ਼ਰਾਂ ਨਾਲ ਵੇਖੋ, ਨਜ਼ਰੀਂ ਆਸਨ ਸਾਰੇ ਫੁੱਲ।

ਨਾਹੀ ਭਰਵਾਂ ਜੋਬਨ ਆਇਆ ਏ, ਨਾਹੀ ਰੱਜਵੀਂ ਖ਼ੁਸ਼ਬੂ ਏ,
ਸਾਡਿਆਂ ਬਾਗਾਂ ਵਿਚ ਖਿੜੇ ਨੇ, ਕਿੰਨੇ ਕਰਮਾਂ-ਮਾਰੇ ਫੁੱਲ।

ਕੀਕਣ ਮੈਂ ਦਿਲ ਨੂੰ ਸਮਝਾਵਾਂ, ਲੋਕਾਂ ਨੂੰ ਕੀ ਦੱਸਾਂ ਮੈਂ,
ਤੇਰੇ ਮੂੰਹੋਂ ਝੜਦੇ ਸੱਜਣਾਂ, ਅਕਸਰ ਬੇਇਤਬਾਰੇ ਫੁੱਲ।

ਮੇਰਾ ਕੀ ਏ, ਦੁੱਖਾਂ ਵਿਚ ਵੀ, ਮੈਂ ਤੇ ਜੀਵਨ ਕੱਟਲਾਂਗਾ,
ਤੈਨੂੰ ਸੁੱਖ ਦੀਆਂ ਸੇਜਾਂ ਉੱਤੇ, ਦੇਂਦੇ ਰਹਿਣ ਹੁਲਾਰੇ ਫੁੱਲ।

ਭਾਵੇਂ ਮੁੜ-ਮੁੜ ਆਣ ਬਹਾਰਾਂ, ਭਾਵੇਂ ਲੱਖਾਂ ਫੁੱਲ ਖਿੜਨ,
ਫਿਰ ਕਦੇ ਨਹੀਂ ਆਤਿਫ਼ ਖਿੜਨੇ, ਉਹਦੇ ਵਰਗੇ ਪਿਆਰੇ ਫੁੱਲ।

(2)

ਜਿਹਦੇ ਪਾਰੋਂ ਜੱਗ ਤੇ ਸਾਡਾ ਬਖ਼ਤ ਉਚੇਰਾ ਹੋਣਾ ਸੀ।
ਵਾਹ ਤਕਦੀਰੇ! ਤੂੰ ਵੀ ਸਾਥੋਂ, ਓਹੋ ਬੰਦਾ ਖੋਹਣਾ ਸੀ।

ਸ਼ਕਲੋਂ ਵੀ ਉਹ ਘੱਟ ਤੇ ਨਈਂ ਸੀ. ਸੂਰਜ ਚੰਨ ਸਿਤਾਰਿਆਂ ਤੋਂ,
ਸੋਚਾਂ, ਅਮਲਾਂ ਪਾਰੋਂ ਵੀ ਉਹ, ਸੋਹਣਾ ਤੇ ਮਨਮੋਹਣਾ ਸੀ।

ਇਨਸਾਫ਼ਾਂ ਦੇ ਨਾਂ ਤੇ ਜਿਹੜਾ, ਅੰਨ੍ਹਿਆਂ ਚੰਨ ਚੜ੍ਹਾਇਆ ਏ,
ਦੱਸੋ! ਬੇ-ਇਨਸਾਫ਼ੀ ਵਿਚ ਵੀ, ਏਸ ਤੋਂ ਵੱਧ ਕੀ ਹੋਣਾ ਸੀ?

ਜੀਵਨ ਦਾ ਵੱਲ ਦੱਸਿਆ ਏ ਮੈਨੂੰ, ਉਸ ਜੀ ਦਾਰ ਦੇ ਜੀਵਨ ਨੇ,
ਔਖੇ ਵੇਲੇ ਦਾ ਹਰ ਪੱਥਰ, ਜੀਹਦੇ ਲਈ ਖਡੌਣਾ ਸੀ।

ਸਾਡੀ ਥੋੜ-ਦਿਲੀ ਦਾ ਵੀ ਏ, ਹਿੱਸਾ ਉਹਦੇ ਵੱਢਣ ਵਿਚ,
ਜਿਹੜੇ ਰੁੱਖ ਨੇ ਆਤਿਫ਼ ਸਾਨੂੰ ਧੁੱਪੋਂ ਬਹੁਤ ਲੁਕੋਣਾ ਸੀ।



(3)

ਭਟਕਦੇ ਰਹੇ ਨੇ ਵੰਨ-ਸਵੰਨੀਆਂ ਰਾਹਾਂ ਉੱਤੇ।
ਹੋਰ ਕੀ ਲਿਖਣਾ ਏ,' ਜੱਗ ਨੇ ਸਾਡੀਆਂ ਕਬਰਾਂ ਉੱਤੇ।

ਸਾਡੇ ਕਾਲੇ ਲਹੂ ਦੇ ਛਿੱਟੇ, ਖਿਲਰੇ ਹੋਏ ਨੇ,
ਮਾਜ਼ੀ, ਹਾਲ ਤੇ ਮੁਸਤਕਬਿਲ ਦਿਆਂ ਰਾਹਾਂ ਉੱਤੇ।

ਮੀਹਾਂ ਦੇ ਵਿਚ ਖੁਰਦੇ ਧੁੱਪੇ ਉੱਡ ਵੈਂਦੇ ਨੇ,
ਮਾਣ ਕਦੇ ਨਾ ਕਰਨਾ, ਕੱਚਿਆਂ ਰੰਗਾਂ ਉੱਤੇ।

ਉਸਤਾਦਾਂ ਨੇ ਆਪਣੀਆਂ ਸੱਧਰਾਂ ਨਾਲ ਪੜ੍ਹਾਇਆ,
ਲਿਖਣ ਪੜ੍ਹਾਕੂ, ਆਪਣੀਆਂ ਸੱਧਰਾਂ ਪਰਚਿਆਂ ਉੱਤੇ।

ਹੱਕੀ ਸੱਚੀ ਗੱਲ ਹਮੇਸ਼ਾਂ ਕਰਦਿਆਂ ਰਹਿਣਾ,
ਯਾ ਫਿਰ ਮਾਣ ਨਾ ਕਰਨਾ ਆਪਣਿਆਂ ਵੱਡਿਆਂ ਉੱਤੇ।

ਬੁੱਲ੍ਹਾਂ ਉੱਤੇ ਜੰਦਰੇ ਲਾਵਣ ਆਲੇ ਆਤਿਫ਼!
ਕੀਕਣ ਪਹਿਰੇਦਾਰ ਬਿਠਾਸਨ ਸੋਚਾਂ ਉੱਤੇ!

(4)

ਭਾਵੇਂ ਦੂਰ-ਦੁਰੇਡੇ ਵੱਸੇ, ਭਾਵੇ ਹੋਵੇ ਸੰਗ,
ਜਿਹਨੇ ਦਿਲ ਦੀ ਜਾਣੀ ਹੋਵੇ, ਉਹਦੀਆਂ ਖੈਰਾਂ ਮੰਗ।

ਹਿੱਕ ਅਣ-ਪੁੱਜੀ ਸੱਧਰ ਦਿਲ ਨੂੰ, ਚੁੱਭਦੀ ਰਹਿੰਦੀ ਇੰਜ,
ਜੀਕਣ ਕਿਸੇ ਗ਼ਰੀਬ ਕੁੜੀ ਦੀ ਬਾਂਹ ਵਿਚ ਟੁੱਟੀ ਵੰਗ।

ਕਿੱਥੇ ਗਈ ਉਹ ਸਾਂਝ ਮੁਹੱਬਤ, ਕਿੱਥੇ ਗਏ ਉਹ ਲੋਕ,
ਪੁੱਛਦਾ ਏ ਅੱਜ ਸਾਡੇ ਕੋਲੋਂ ਲਹੂ ਵਿਚ ਡੁੱਬਿਆ ਝੰਗ।

ਇਸ ਧਰਤੀ ਤੇ ਦੀਨ ਦਾ ਟੋਰਾ, ਤਦੋਂ ਮੁਕੰਮਲ ਹੋਸੀ,
ਜਿਸ ਦਿਹੋਂ ਏਥੋਂ ਮੁੱਕ ਜਾਵਣਗੇ, ਭੁੱਖ, ਤਰੇਹ ਤੇ ਨੰਗ।

ਸੋਚਾਂ ਦੇ ਵਿਚ ਛਿੜੀ ਹੋਈ ਏ ਕਈ ਸਦੀਆਂ ਤੋਂ ਜੋ,
ਹੋਠਾਂ ਉੱਤੇ ਜੰਦਰੇ ਲਾਇਆਂ ਮੁੱਕਣੀ ਨਈਂ ਉਹ ਜੰਗ।

ਉਹਦੀ ਫੋਟੋ ਲੈਣ ਦਾ ਤੈਨੂੰ ਆਤਿਫ਼ ਕਿੰਨਾ ਸ਼ੌਕ,
ਉਹਨੇ ਤੈਥੋਂ ਆਪਣੇ ਖ਼ਤ ਵੀ, ਵਾਪਸ ਲਏ ਨੇ ਮੰਗ।

## ਗ਼ਜ਼ਲ

—ਆਬਿਲ ਨੁਬੇਲ ਸ਼ਾਦ

ਢੋਇਆ ਅਜੇ ਤੱਕ ਬੂਹਾ ਨਹੀਂ,
ਭਾਵੇਂ ਮੁੜ ਕੇ ਕੋਈ ਆਇਆ ਨਹੀਂ।

ਤੇਰੀਆਂ ਯਾਦਾਂ ਵੀ ਭਾਰ ਜਾਪਣ,
ਤੈਨੂੰ ਭੁੱਲਣਾ ਵੀ ਸੌਖਾ ਨਹੀਂ।

ਆਸੇ ਪਾਸੇ ਨੇ ਲੱਖਾਂ ਸੂਰਜ,
ਦੂਰ ਕਿਧਰੇ ਵੀ ਸਾਇਆ ਨਹੀਂ।

ਤੇਰੀ ਸਹੁੰ ਏ ਤੇਰੇ ਮਗਰੋਂ,
ਤੇਰੇ ਵਰਗਾ ਕੋਈ ਮਿਲਿਆ ਨਹੀਂ।

ਕਿੰਨੇ ਵਰ੍ਹਿਆਂ ਤੋਂ ਜੀ ਰਿਹਾ ਵਾਂ,
ਹਯਾਤੀ ਦਾ ਪੰਧ ਮੁੱਕਿਆ ਨਹੀਂ।

ਜੀਹਦੀ ਉਲਫਤ 'ਤੇ ਮਾਣ ਸੀ,
ਅੱਜ ਮੁੜ ਕੇ ਉਹਨੇ ਤੱਕਿਆ ਨਹੀਂ।

ਕਹੀਂ ਜਾ ਸੱਜਣ ਏ, ਅਪਣੇ ਦੁੱਖੜੇ,
'ਸ਼ਾਦ' ਤੈਨੂੰ ਵੀ ਦੱਸਦਾ ਨਹੀਂ।

(ਪੰਜਾਬੀ ਅਦਬ, ਲਾਹੌਰ)

## ਲੜਾਈ

—ਹਰਜੀਤ ਅਟਵਾਲ

ਤੁਸੀਂ ਇਹ ਕਿਵੇਂ ਕਹਿ ਗਏ ?
ਅਸੀਂ ਮੈਦਾਨ ਕਿਉਂ ਛੱਡਾਂਗੇ !
ਹਾਰੇ ਨਹੀਂ ਹਾਂ,
ਇਧਰ ਉਧਰ ਹੋਏ ਕੁਝ ਮੋਰਚੇ
ਯੁੱਧ ਦਾ ਫੈਸਲਾ ਨਹੀਂ ਹੁੰਦੇ,
ਸਾਡੀ ਲੜਾਈ ਤਾਂ ਜਾਰੀ ਹੈ
ਨਿਰੰਤਰ
ਖੋਰੂ ਪਾਉਂਦੇ ਦਰਿਆ ਵਾਂਗ
ਤੁਹਾਡੇ ਜਿਹੇ ਪੱਥਰਾਂ ਦੀ
ਰੜਕ—ਵਿਰੁੱਧ
ਲੜਾਈ ਤਾਂ ਜਾਰੀ ਹੈ।

(ਸਾਊਥਹਾਲ. ਯੂ. ਕੇ.)





## ਤਿੰਨ ਨਜ਼ਮਾਂ

—ਸਿਮਰਜੀਤ ਸਿੰਮੀ

### (1)

### ਮੈਂ ਗ਼ੈਰਹਾਜ਼ਰ ਨਹੀਂ

ਭਾਵੇਂ ਮੈਂ ਤੇਰੀਆਂ
ਸੁਨੱਖੀਆਂ ਮਹਿਫਲਾਂ 'ਚੋਂ
ਗੈਰਹਾਜ਼ਰ ਹਾਂ
ਪਰ ਮੈਂ ਤੇਰੀਆਂ—
ਦੋਜ਼ਖ਼ੀ ਰਾਤਾਂ
ਕੰਡਿਆਂ ਭਰੇ ਪੈਂਡੇ
ਸਿਖਰ ਦੁਪਹਿਰੇ ਥਲਾਂ 'ਚ
ਹੱਕਾਂ ਦੀ ਲੜਾਈ ਲਈ
ਜੂਝਦੇ ਪਲਾਂ 'ਚ
ਤੇਰੇ ਤੋਂ ਗੈਰਹਾਜ਼ਰ ਨਹੀਂ।
ਜਦ ਤੂੰ ਜਾਵੇਂਗਾ
ਜ਼ਿੰਦਗੀ ਦੀ ਚਣੌਤੀ ਨੂੰ ਸਵੀਕਾਰਨ
ਮੌਤ ਨੂੰ ਵੰਗਾਰਨ
ਉਦੋਂ ਮੈਂ ਤੇਰੇ ਨਾਲ ਹੋਵਾਂਗੀ !!

### (2)

### 'ਬਗਾਵਤ'

ਹਰੇਕ ਵਾਰੀ ਈ
ਇੰਝ ਹੋਇਆ
ਆਪਣੇ ਜਾਇਜ਼ ਹੱਕਾਂ ਲਈ
ਜੂਝਣਾ ਪਿਆ
ਜੂਝਦਿਆਂ—ਜੂਝਦਿਆਂ
ਬਗ਼ਾਵਤ ਕਰਨੀ ਪਈ

ਬਗਾਵਤ ਕੀਤੀ ਤਾਂ
ਬਾਗੀ ਅਖਵਾਉਣਾ ਪਿਆ ।
ਜੋ ਹੋਇਆ ਈ ਬਾਗ਼ੀ
ਉਹਦੇ ਲਈ
ਸਮਾਜ ਦੀਆਂ ਕਸਮਾਂ
ਬੰਧਨਾਂ ਦਾ
ਕੀ ਮਕਸਦ ?
ਉਹਨੇ ਤਾਂ—
ਜੀਵਨ 'ਚੋਂ ਗੁਜ਼ਰ 'ਜਾਣਾ ਏਂ
ਬਗਾਵਤ ਦੇ
ਪੈਂਡਿਆਂ 'ਚ ਗੁਜ਼ਰਦਿਆਂ

**(3)**

## ਹਰਗਿਜ਼ ਨਹੀਂ

ਜ਼ਿੰਦਗੀ !
ਮੈਂ ਤੈਨੂੰ ਜਿਉਣਾ ਏਂ
ਭਾਵੇਂ ਚੰਦ ਪਲ ਹੀ ਸਹੀ ।
ਤੂੰ ਏਹ ਭੁੱਲ ਜਾਵੀਂ
ਕਿ ਮੈਂ ਤੈਨੂੰ ਨੀਲਾਮ ਕਰ ਦਿਆਂਗੀ
ਕਿਸੇ ਵੀ ਪੜਾਅ 'ਤੇ
ਸਾਜ਼ਿਸ਼ੀ ਮੌਸਮਾਂ 'ਚ
ਬੇਵਕਤੇ ਹਾਲਾਤੀਂ
ਇਹ ਹਰਗਿਜ਼ ਨਹੀਂ ਹੋਣਾ
ਮੈਂ ਤਾਂ ਤੈਨੂੰ ਜਿਉਣਾ ਏਂ ।

ਪਿੰਡ+ਡਾਕ:—ਭਾਗੀਕੇ
ਤਹਿ:—ਮੋਗਾ
ਜ਼ਿਲ੍ਹਾ—ਫਰੀਦਕੋਟ, (142039)



## ○ ਖਿਆਲ ਆਪੋ-ਆਪਣਾ

★ ਚਿਰਾਗ਼ ਤੁਹਾਡੀ ਮੇਹਰਬਾਨੀ ਨਾਲ ਪਹੁੰਚ ਜਾਂਦਾ ਹੈ, ਮੈਂ ਹੀ ਗੁਨਾਹਗਾਰ ਹਾਂ ਕਿ ਅੱਜ ਤੱਕ ਕਲਮੀ ਸਾਥ ਨਹੀਂ ਦੇ ਸਕਿਆ । ਮੈਨੂੰ ਜ਼ਰੂਰ ਆਪਣਾ ਪਰਚਾ ਸਮਝ ਕੇ ਕੁਝ ਨਾ ਕੁਝ ਭੇਜਣਾ ਚਾਹੀਦਾ ਸੀ ।

ਇਸ ਵਾਰ ਸਾਹਿਤ-ਸਾਹਿਤਕਾਰਾਂ ਬਾਰੇ ਜੋ ਵਿਚਾਰ ਤੁਸਾਂ ਪੇਸ਼ ਕੀਤੇ ਹਨ, ਉਹ ਮੰਗ ਕਰਦੇ ਹਨ ਕਿ ਦੂਜੇ ਕਲਮਕਾਰ ਵੀ ਆਪਣੇ ਪ੍ਰਭਾਵ ਪੇਸ਼ ਕਰਨ । ਇਸ ਨਾਲ ਰੌਚਕਤਾ ਅਤੇ ਈਮਾਨਦਾਰ ਰਚਨਾਤਮਕ ਸੂਝ ਪੈਦਾ ਹੁੰਦੀ ਹੈ । ਜੇ ਗੱਲ ਤੁਰੀ ਤਾਂ ਅਗਲੇ ਅੰਕ ਲਈ ਮੈਂ ਜ਼ਰੂਰ ਇਹੋ ਜਿਹਾ ਲਿਖਾਂਗਾ । ਹੁਣ ਵਾਸਤੇ ਤਾਂ ਦੇਰ ਹੋ ਗਈ ਏ ।

ਮੁਸ਼ਤਾਕ ਸਿੰਘ (ਯੂ. ਕੇ.)

ਖ਼ਤ ਮਿਲਿਆ, (ਮੇਰਾ ਖਤ ਵੀ ਮਿਲ ਗਿਆ ਹੋਵੇਗਾ)
ਤੇਰੇ ਹੁਕਮ ਅਨੁਸਾਰ ਫ਼ਿਲਹਾਲ ਅੱਠ ਗ਼ਜ਼ਲਾਂ ਹਾਜ਼ਿਰ ਹਨ ।
ਕਾਵਿ-ਸ਼ਾਸ਼ਤਰ ਬਾਰੇ ਕਦੇ ਫੇਰ ਲਿਖਾਂਗਾ, ਬੜਾ ਹੀ ਰੁੱਝਿਆ ਹੋਇਆ ਹਾਂ ।
ਤੇਰੀ ਵਧਾਈ ਵੀ ਪੁਰਸਕਾਰ ਵਰਗੀ ਹੀ ਹੈ ।

ਤੇਰਾ, ਜਗਤਾਰ (ਜਲੰਧਰ)

'ਚਿਰਾਗ਼' ਵਿਚ ਛਪੀਆਂ ਮੇਰੀਆਂ ਗ਼ਜ਼ਲਾਂ ਕਾਰਨ ਮੈਨੂੰ ਕਈ ਸੰਜੀਦਾ ਪਾਠਕਾਂ ਦਾ ਪਿਆਰ ਅਤੇ ਹੌਸਲਾ ਮਿਲਿਆ ਹੈ । ਸਿਆਣੇ ਪਾਠਕਾਂ ਦੀ ਹੌਸਲਾ ਅਫਜ਼ਾਈ ਨਾਲ ਹੋਰ ਵਧੀਆ ਲਿਖਣ ਨੂੰ ਦਿਲ ਕਰਦਾ ਹੈ । ਮੈਨੂੰ ਖੁਸ਼ੀ ਹੈ ਕਿ 'ਚਿਰਾਗ਼' 'ਚੋਂ ਇਕ ਗ਼ਜ਼ਲ ਲੈ ਕੇ ਲੋਕ-ਲਹਿਰ ਨੇ ਛਾਪੀ ਹੈ । ਪਹਿਲਾਂ ਵੀ ਆਰਸੀ 'ਚੋਂ ਮੇਰੀ ਇਕ ਗ਼ਜ਼ਲ ਲੈ ਕੇ ਲੋਕ-ਲਹਿਰ ਨੇ ਛਾਪੀ ਸੀ ।

ਤੁਸੀਂ ਪੂਰੀ ਸਾਫ਼ਗੋਈ ਅਤੇ ਈਮਾਨਦਾਰੀ ਨਾਲ ਨਵੇਂ ਸ਼ਾਇਰਾਂ ਨੂੰ ਨਿਵਾਜਦੇ ਹੋ । ਨਹੀਂ ਤਾਂ ਅੱਜ-ਕੱਲ੍ਹ ਖਿੱਚਣ ਦਾ ਜ਼ਮਾਨਾ ਹੈ । ਮੰਡੀ-ਆਰਥਿਕਤਾ ਦੀ ਇਸ਼ਤਿਹਾਰਬਾਜ਼ੀ ਨੇ ਸਾਹਿਤ ਨੂੰ ਵੀ ਆਪਣੇ ਕਲਾਵੇ 'ਚ ਲੈ ਲਿਆ ਹੈ । ਧੜੇ ਪਾਲੇ ਜਾਂਦੇ ਹਨ । 'ਤੂੰ ਮੈਨੂੰ ਸਨਮਾਨਿਤ ਕਰ ਮੈਂ ਤੈਨੂੰ ਕਰਾਂਗਾ । ਘਟੀਆ ਮਾਲ, ਲਿਹਾਜੂ ਆਲੋਚਕਾਂ ਦੀ ਕ੍ਰਿਪਾ ਨਾਲ ਮਹਿੰਗੇ ਮੁੱਲ ਮਿਲ ਰਿਹਾ ਹੈ । ਕਿੱਧਰ ਨੂੰ ਜਾ ਰਹੇ ਹਾਂ ਅਸੀਂ ਲੋਕ ? ਇਸ ਰੁਝਾਨ ਨੂੰ ਠੱਲ ਵੀ ਪਊ ਕਦੇ ? ਇਹਦੇ ਬਾਰੇ ਜਾਗਰੂਪ ਹੋ ਕੇ ਜਤਨ ਕਰਨ ਦੀ ਲੋੜ ਹੈ ।

ਤੁਹਾਡਾ ਸਾਥੀ
ਜਸਵਿੰਦਰ
ਥਰਮਲ ਪਲਾਟ ਰੋਪੜ

'ਚਿਰਾਗ਼' ਬਾਰੇ ਮੈਂ ਬਸ ਇੰਨਾ ਹੀ ਕਹਾਂਗਾ ਕਿ ਬੜੇ ਸੰਭਾਲ ਕੇ ਰੱਖੀਦੇ ਨੇ ਸਾਰੇ ਪਰਚੇ। ਸਾਡੇ ਸਾਰੇ ਸਾਹਿਤਕ ਮਿੱਤਰਾਂ ਦੀਆਂ ਬੈਠਕਾਂ ਵਿਚ ਚਿਰਾਗ਼ ਬਾਰੇ ਅਕਸਰ ਚਰਚਾ ਹੁੰਦੀ ਰਹਿੰਦੀ ਹੈ। ਪੰਜਾਬੀ ਦੇ ਤ੍ਰੈਮਾਸਕ ਪਰਚਿਆਂ ਵਿਚ ਚਿਰਾਗ਼ ਦੀ ਆਪਣੀ ਵਿਲੱਖਣਤਾ ਹੈ, ਆਪਣੀ ਸੋਚ ਹੈ, ਆਪਣਾ ਮਿਆਰ ਹੈ। ਆਮ ਪਰਚਿਆਂ ਨਾਲੋਂ ਇਕ ਵੱਖਰਾ ਜਿਹਾ ਸੁਆਦ ਆਉਂਦਾ ਹੈ ਚਿਰਾਗ਼ ਨੂੰ ਪੜ੍ਹ ਕੇ। ਇਹ ਵਿਲੱਖਣਤਾ ਸ਼ਾਇਦ ਤੁਹਾਡੀ ਸਾਹਿਤਕ ਕ੍ਰਿਤਾਂ ਪ੍ਰਤੀ ਚੋਣ ਤੇ ਨਿਰਭਰ ਹੈ।

ਦਰਸ਼ਨ ਬ੍ਰੱਟਰ (ਨਾਭਾ)

★ ਚਿਰਾਗ਼ ਅੰਕ ਨੰ: 4 ਕੁਝ ਦਿਨ ਹੋਏ ਮਿਲ ਗਿਆ। ਇਸ ਪਰਚੇ 'ਚ ਤੁਸਾਂ ਸੰਤੋਖ ਸਿੰਘ ਸੰਤੋਖ ਦਾ ਉਹਦੇ ਸ਼ਬਦਾਂ 'ਚ ਭੇਜਿਆ ਹੋਇਆ 'ਲੇਖ' ਰਿਪੋਰਤਾਜ ਦੇ ਕਾਲਮ ਹੇਠ 'ਸਿਕੰਦਰ ਦੀਆਂ ਖੱਚਰਾਂ' ਛਾਪਿਆ ਹੈ। ਇਸ 'ਲੇਖ' ਜਾਂ 'ਰਿਪੋਰਤਾਜ' ਬਾਰੇ ਸਾਡੇ ਕਿੰਤੂ ਹਨ।

ਸਭ ਤੋਂ ਪਹਿਲੀ ਗੱਲ ਸਾਡੀ ਸਮਝ ਅਨੁਸਾਰ ਲੇਖ ਉਹ ਹੁੰਦਾ ਹੈ ਜਿਸ ਵਿਚ ਤੁਸਾਂ ਆਪਣੇ ਜ਼ਾਤੀ ਵਿਚਾਰ ਦੇ ਕੇ ਟੂਕਾਂ ਤੇ ਹਵਾਲਿਆਂ ਨਾਲ ਆਪਣੀਆਂ ਵਿਚਾਰਾਂ ਨੂੰ ਯਥਾਰਥ ਸਿੱਧ ਕੀਤਾ ਹੋਵੇ, ਅਤੇ ਰਿਪੋਰਤਾਜ ਉਹ ਹੈ ਜਿਸ ਵਿਚ ਆਪਣੇ ਨਿੱਜੀ ਵਿਚਾਰ ਦਸਿਆਂ ਬਗੈਰ ਘਟਨਾ ਨੂੰ ਆਪਣੇ ਸ਼ਬਦਾਂ ਦਾ ਰੂਪ ਦਿੱਤਾ ਹੋਵੇ। ਇਸ ਧਾਰਣਾ ਅਨੁਸਾਰ ਇਹ ਲਿਖਤ ਨਾ ਤਾਂ ਰਿਪੋਰਤਾਜ ਹੈ ਅਤੇ ਨਾ ਹੀ ਲੇਖ।

ਸਾਨੂੰ ਸੰਤੋਖ ਸਿੰਘ ਸੰਤੋਖ ਨਾਲ ਕੋਈ ਲਗਾਓ ਜਾਂ ਦ੍ਵੈਤ ਨਹੀਂ ਹੈ। ਅਸੀਂ ਉਹਨਾਂ ਨੂੰ ਇਕ ਸਾਹਿਤਕ ਹਸਤਾਖਰ ਹੋਣ ਕਰਕੇ ਹੀ ਜਾਣਦੇ ਹਾਂ। ਪੰਜਾਬੀ ਦੇ ਕੁਝ ਕੁ ਲਿਖਾਰੀਆਂ ਨੇ ਆਪਣਿਆਂ ਸੋਸ਼ਲ ਘੇਰਿਆਂ ਦੀ ਕਿਲ੍ਹੇਬੰਦੀ ਕਰਕੇ ਆਪਣੀਆਂ-ਆਪਣੀਆਂ ਬਾਦਸ਼ਾਹਤਾਂ (Kingdoms) ਕਾਇਮ ਕੀਤੀਆਂ ਹੋਈਆਂ ਹਨ। ਏਹੀ ਬਾਦਸ਼ਾਹੀਆਂ ਅਗੇਰੇ ਛੋਟੀਆਂ-ਛੋਟੀਆਂ ਗੁੱਟਬੰਦੀਆਂ ਨੂੰ ਜਨਮ ਦੇ ਰਹੀਆਂ ਹਨ। ਫਿਰ ਇਹੀ ਗੁੱਟਬੰਦੀਆਂ ਪੰਜਾਬੀ ਸਾਹਿਤ ਦੇ ਭਵਿੱਖ ਨੂੰ 'ਉਜ੍ਵਲ' ਕਰ ਰਹੀਆਂ ਹਨ।

ਅਮਰਜੀਤ, ਸਾਹਿਤ ਵਿਚਾਰਮੰਚ
ਵਿਨੀਪੈਗ ਕੈਨੇਡਾ

ਚਿਰਾਗ਼ ਅੰਕ 3 ਵਿਚ ਇਹ ਪੜ੍ਹ ਕੇ ਬਹੁਤ ਖ਼ੁਸ਼ੀ ਹੋਈ ਕਿ ਅਗਲਾ ਅੰਕ ਪਾਕਿਸਤਾਨੀ ਪੰਜਾਬੀ ਵਿਸ਼ੇਸ਼ ਅੰਕ ਹੋਏਗਾ। ਇਹ ਸੇਵਾ ਵੀ ਤੁਹਾਡੇ ਹਿੱਸੇ ਹੀ ਆਈ ਹੈ ਕਿ ਤੁਸੀਂ ਇਸ ਪਾਸੇ ਧਿਆਨ ਦਿੱਤਾ। ਮੇਰੀ ਰਾਏ ਸਿਰਫ਼ ਏਨੀ ਹੈ ਕਿ ਇਹ ਅੰਕ ਪਾਕਿਸਤਾਨ ਵਿਚਲੇ ਅਜੋਕੇ ਪੰਜਾਬੀ ਅਦਬ ਦਾ ਇਕ ਸਰਵੇਖਣ ਪੇਸ਼ ਕਰੇ। ਇਹਦੇ ਵਿਚ ਕਵਿਤਾਵਾਂ ਬੇਸ਼ਕ ਘੱਟ ਦਿਉ। ਉਧਰਲੇ ਪੰਜਾਬ ਦੀ ਕਹਾਣੀ, ਤਨਕੀਦ ਤੇ ਕਥਾ ਸਾਹਿਤ ਦੇ ਹੋਰ ਰੂਪਾਂ ਨੂੰ ਪਹਿਲ ਮਿਲਣੀ ਚਾਹੀਦੀ ਹੈ। ਹਰ ਲੇਖਕ ਬਾਬਤ ਹਰ ਰਚਨਾ ਦੇ ਨਾਲ ਪਹਿਲੋਂ ਉਹ ਦਾ ਤੁਆਰਫ਼ ਜ਼ਰੂਰ ਹੋਵੇ। ਇਹ ਅੰਕ ਬੇਸ਼ਕ ਸ਼ਫ਼ੇ ਵੱਧ ਜਾਣ ਤੇ ਉੱਨੀ ਕੀਮਤ ਵਧਾ ਕੇ ਇਕ ਮਿਸਾਲੀ ਅੰਕ ਹੋਣਾ ਚਾਹੀਦਾ ਹੈ ਜੋ ਕਿ ਸਾਂਭਣ ਯੋਗ ਵੀ ਹੋਵੇ।

ਜੋਗਿੰਦਰ ਪਾਲ ਮਾਨ
ਪਿੰਡ ਤੇ ਡਾਕ-ਘਰ ਸਮਰਾਏ (ਜਲੰਧਰ)



★ ਪਾਕਿਸਤਾਨ, ਪੰਜਾਬੀ ਸਾਹਿਤ ਬਾਰੇ ਹਰ ਅੰਕ 'ਚ ਕੁਝ ਪੰਨੇ 'ਚਿਰਾਗ਼' ਦੀ ਵਿਸ਼ੇਸ਼ ਪਹਿਚਾਣ ਹਨ। ਇਸ ਵਿਸ਼ੇਸ਼ ਪਹਿਚਾਣ ਨੂੰ ਬਣਾਈ ਰੱਖਣਾ।

ਬਲਬੀਰ ਪ੍ਰਵਾਨਾ
ਨਵਾ ਜ਼ਮਾਨਾ, ਜਲੰਧਰ

★ ਅਤਰਜੀਤ ਦੀ ਕਹਾਣੀ ਨੂੰਹਾਂ ਕਾਫ਼ੀ ਪਸੰਦ ਆਈ ਹੈ। ਸ਼ੁਰੂ ਵਿਚ ਭਾਵੇਂ ਜ਼ਰਾ ਧੀਮੀ ਹੈ, ਪਰ ਕਲਾਈਮੈਕਸ ਪਹੁੰਚਣ ਤੱਕ ਰਵਾਂ ਰਵੀਂ ਤੁਰਦੀ, ਨੱਚਦੀ ਤੇ ਕਲਾਤਮਿਕ ਤਰੀਕੇ ਨਾਲ ਪੂਰੀ ਗੱਲ ਕਹਿਕੇ ਡੰਗ ਮਾਰ ਜਾਂਦੀ ਹੈ।

ਡਾ: ਕਰਮਜੀਤ ਹੋਰਾਂ ਦਾ ਲੇਖ ਅੱਛਾ ਲੱਗਿਆ ਹੈ। ਪੰਜਾਬੀ ਵਿਚ ਰਜਨੀਸ਼ ਬਾਰੇ Objectively ਲਿਖਿਆ ਗਿਆ ਘੱਟ ਵੱਧ ਹੀ ਮਿਲਦਾ ਹੈ। ਕੁਝ ਅਗਾਂਹ ਵਧੂ ਲੇਖਕ ਤੇ ਚਿੰਤਕ ਵੀ ਰਜਨੀਸ਼ ਪ੍ਰਤੀ ਉਲਾਰ ਹੋ ਜਾਂਦੇ ਹਨ ਤੇ ਕਿਤੇ-ਕਿਤੇ ਸ਼ਰਧਾ ਮਈ approach ਦਾ ਪ੍ਰਭਾਵ ਦਿੰਦੇ ਹਨ। ਇਹ ਕੋਈ ਸਿਹਤਮੰਦ ਵਰਤਾਰਾ ਨਹੀਂ। ਰਜਨੀਸ਼ ਦੀਆਂ ਟੂਕਾਂ/ਵਾਕਾਂ ਆਦਿ ਨੂੰ ਕਈ ਵਾਰੀ out of centext ਵਰਤਿਆ ਜਾਂਦਾ ਵੀ ਦੇਖਣ/ਸੁਣਨ ਨੂੰ ਮਿਲਦਾ ਹੈ।

ਅਮਨ ਪਾਲ ਸਾਰਾ
ਕੈਨੇਡਾ।

## ਪੱਤਰ

### ਵਾਹਘੇ ਪਾਰ ਤੋਂ ਪੰਜ ਪੱਤਰ

**(1)**

—ਇਕ ਨਵੰਬਰ 1995

ਸਤਿਕਾਰਯੋਗ ਹੁੰਚਲ ਜੀ,

ਕਾਫੀ ਚਿਰ ਬਾਅਦ ਤੁਹਾਡੀ ਚਿੱਠੀ ਮਿਲੀ। ਮੈਂ ਤੁਹਾਨੂੰ 3 ਚਿੱਠੀਆਂ ਲਿਖੀਆਂ ਸਨ, ਜਿਨ੍ਹਾਂ ਵਿਚ ਕਾਫੀ ਸਾਰੀਆਂ ਤਸਵੀਰਾਂ ਵੀ ਭੇਜੀਆਂ ਸਨ, ਪਰ ਤੁਹਾਡੇ ਵਲੋਂ ਕੋਈ ਉੱਤਰ ਨਾ ਮਿਲਣ ਉੱਤੇ ਮੈਂ ਸਮਝਿਆ ਸਾਂ ਕਿ ਮੇਰੇ ਪੱਤਰ ਤੁਹਾਡੇ ਤੱਕ ਪੁੱਜ ਹੀ ਨਹੀਂ ਰਹੇ। 'ਚਿਰਾਗ' ਦੇ ਪਾਕਿਸਤਾਨੀ ਪੰਜਾਬੀ ਸਾਹਿਤ ਅੰਕ ਲਈ ਇਥੇ ਦੇ ਲੇਖਕਾਂ ਦੀਆਂ ਲਿਖਤਾਂ ਇਕੱਠੀਆਂ ਕੀਤੀਆਂ ਸਨ, ਪਰ ਇਹੋ ਸਮਝ ਕੇ ਨਹੀਂ ਭੇਜੀਆਂ ਕਿ ਤੁਹਾਨੂੰ ਨਹੀਂ ਮਿਲਣਗੀਆਂ।

ਸਾਲਨਾਮਾ "ਸਾਹਿਤ" 500 ਤੋਂ ਵੱਧ ਪੰਨਿਆਂ ਦਾ "ਨਕੂਸ਼" ਵਰਗਾ ਹੀ ਰਸਾਲਾ ਹੋਵੇਗਾ ਪਰ ਮੁਕੰਮਲ ਤੌਰ ਤੇ ਪੰਜਾਬੀ ਵਿਚ ਵੀ ਹੋਵੇਗਾ। ਪਹਿਲਾ ਪਰਚਾ ਫ਼ਰਵਰੀ 96 ਤੱਕ ਛਪ ਜਾਏਗਾ। ਇਹਦੇ ਵਿਚ ਦੁਨੀਆਂ ਦੇ ਸਭਨਾਂ ਦੇਸ਼ਾਂ ਵਿਚ ਰਹਿ ਰਹੇ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦੀ ਚੋਣ ਛਪ ਰਹੀ ਏ। ਇਸ ਤੋਂ ਵੱਖ ਦੂਜੀਆਂ ਭਾਸ਼ਾਵਾਂ ਵਿਚ ਰਚੇ ਗਏ ਵਧੀਆ ਸਾਹਿਤ ਦੇ ਪੰਜਾਬੀ ਅਨੁਵਾਦ ਵੀ ਛਪ ਰਹੇ ਨੇ।

"ਪੰਜਾਬੀ ਟ੍ਰੀਬਿਊਨ" ਰਾਹੀਂ ਤੁਹਾਡੀ ਪਾਕਿਸਤਾਨ ਦੀ ਫੇਰੀ ਬਾਬਤ ਪੜ੍ਹਨ ਦਾ ਮੌਕਾ

ਮਿਲਿਆ। ਤੁਸਾ ਬਹੁਤ ਹੀ ਦਿਲਚਸਪ ਅੰਦਾਜ਼ ਨਾਲ ਪਾਕਿਸਤਾਨ ਵਿਚ ਗੁਜ਼ਾਰੇ 10 ਦਿਨਾਂ ਬਾਰੇ ਲਿਖਿਆ ਹੈ। ਤੁਸਾਂ ਇੱਥੇ ਦੇ ਸਾਰੇ ਲੇਖਕਾਂ ਦਾ ਬੜੇ ਸੋਹਣੇ ਸ਼ਬਦਾਂ ਵਿਚ ਜ਼ਿਕਰ ਕੀਤਾ ਹੈ। ਹੁਣ ਇਹ 'ਸਫ਼ਰਨਾਮਾ' ਤਸਵੀਰਾਂ ਸਮੇਤ ਸਮੁੱਚੇ ਤੌਰ ਤੇ 'ਸਾਹਿਤ' ਵਿਚ ਛਪ ਰਿਹਾ ਹੈ 'ਮੀਆਂ-ਮੀਰ' ਦੇ ਦਰਬਾਰ ਵੱਲ ਜਾਣ ਤੋਂ ਪਹਿਲਾਂ ਅਨਾਰਕਲੀ ਬਾਜ਼ਾਰ ਕੋਲ ਇਕ ਨੌਜਵਾਨ ਲੇਖਕ ਤੇ ਕਿਤਾਬ ਲੜੀ 'ਕੂਕ' ਦਾ ਸੰਪਾਦਕ ਆਸ਼ਕ ਅਲੀ ਫੈਸਲ ਵੀ ਸਾਨੂੰ ਮਿਲਿਆ ਸੀ। ...ਉਹ ਪਿੱਛੋਂ ਮੇਜਰ ਇਸਹਾਕ ਦੇ ਪਿੰਡ, ਤਹਿਸੀਲ ਜੜ੍ਹਾਂਵਾਲਾ ਦਾ ਰਹਿਣ ਵਾਲਾ ਹੈ। ਤੁਹਾਡੇ ਸਫ਼ਰਨਾਮੇਂ ਵਿਚ ਪੜ੍ਹ ਕੇ ਤੁਹਾਡੇ ਪਿਛਲੇ ਪਿੰਡ ਨੂੰ ਲੱਭਣ ਚਲਾ ਗਿਆ ਤੇ ਫਿਰ ਵਾਪਸ ਆ ਕੇ ਉਹਦੇ ਬਾਰੇ ਦੱਸਦਾ ਰਿਹਾ।

ਸ਼ਾਲ੍ਹਾ ਸੁਖੀ ਵੱਸੋ। ਪੰਜਾਬ ਅਤੇ ਪੰਜਾਬੀ ਦੀ ਚੰਗੀ ਭਲਕ ਦੇ ਸੁਪਨੇ ਵੇਖਣ ਵਾਲਾ,

ਤੁਹਾਡਾ, ਇਲਿਆਸ ਘੁੰਮਣ

(2)

—ਰਹੀਮ ਯਾਰ ਖ਼ਾਨ
28-11-95

ਅਦਬੀ ਸੱਜਣ ! ਹਰਭਜਨ ਸਿੰਘ ਹੁੰਦਲ ਜੀ,
ਸਲਾਮ ਤੇ ਪਿਆਰ ਪਰਾਗੇ,

ਮਹੀਨਾਵਾਰ 'ਰਵੇਲ' ਲਾਹੌਰ (ਪਾਕਿਸਤਾਨ) ਜੂਨ, 1995 ਵਿਚ ਤੁਹਾਡੀ ਕਿਤਾਬ 'ਜੰਗਨਾਮਾ ਪੰਜਾਬ' ਤੇ ਤੱਬਸਰਾ ਪੜ੍ਹਿਆ। ਤੁਹਾਡੇ ਨਾਲ ਇਹ ਮੁਲਾਕਾਤ ਕਾਗਜ਼ੀ ਏ, ਪਰ ਮੈਂ ਇਹਨੂੰ ਸਿਰਫ਼ ਕਾਗਜ਼ੀ ਤਸੱਵਰ ਨਹੀਂ ਕਰਦਾ, ਪੰਜਾਬੀ ਜ਼ੁਬਾਨ ਦਾ ਹਰ ਸੇਵਕ ਸਾਨੂੰ ਸਾਡਾ ਕੁਝ ਲੱਗਦਾ ਜਾਪਦਾ ਏ। ਅਦਬੀ ਰਿਸ਼ਤਿਆਂ ਦਾ ਆਪਣਾ ਇਕ ਵੱਖਰਾ ਵਜੂਦ ਏ ਤੇ ਫੇਰ ਜਦੋਂ ਤਾਰੀਖ਼ ਗਵਾਹ ਬਣ ਕੇ ਸਾਨੂੰ ਸਾਡਾ ਤੁਹਾਡਾ ਇਕੋ ਜਿਹਾ ਪਸ-ਮੰਜ਼ਰ ਵਿਖਾਉਂਦੀ ਏ ਤੇ ਫੇਰ ਇਹ ਰਿਸ਼ਤੇ ਹੋਰ ਪੀਡੇ ਹੋ ਜਾਂਦੇ ਨੇ।

ਤੱਬਸਰੇ ਰਾਹੀਂ ਤੁਹਾਡੇ ਇਕ ਬੰਦ ਨੂੰ ਪੜ੍ਹਿਆ। ਜ਼ੁਬਾਨ ਦੀ ਹਲਾਵਤ ਤੇ ਸੱਚ ਨੇ ਦਿਲ ਲੁੱਟ ਲਿਆ

ਬਹਿ ਕੇ ਪੁੱਛੀਏ ਸੂਫ਼ੀਆਂ ਬਾਬਿਆਂ ਨੂੰ
ਚੰਨ ਤਲੀ ਤੇ ਕਿਵੇਂ ਉਤਾਰਦੇ ਸੀ
ਵਾਰਸਸ਼ਾਹ ਮੀਆਂ ਧਰਤੀ ਮਹਿਕ ਉੱਠਦੀ
ਸੁਣਦੇ ਬੋਲ ਝਨਾਂ ਤੋਂ ਪਾਰ ਦੇ ਸੀ

ਇਕ ਤੇ ਇਹ ਸਾਰੀ ਨਜ਼ਮ ਘੱਲੋ, ਕਿਉਂਕਿ ਜੇ ਪੰਜਾਬ ਤੇ ਪੰਜਾਬੀਆਂ ਨੂੰ ਵੱਜੀਆਂ ਸੱਟਾਂ ਦੀ ਕਥਾ ਸੁਣਨ ਤੇ ਜੀ ਕਰਦਾ ਏ। ਇਹ ਪੂਰੀ ਕਿਤਾਬ ਵੀ ਜੇ ਘੱਲ ਛੱਡੋ ਸੂ ਤੇ ਮੈਂ ਛੁਡਵਾ ਲਵਾਂਗਾ।

ਪੰਜਾਬੀ ਅਦਬੀ ਬੈਠਿਕ ਦੇ ਸਾਰੇ ਪ੍ਰਧਾਨਾਂ ਦਾ ਸਲਾਮ ਕਬੂਲ। ਤੁਹਾਡੇ ਪ੍ਰੇਮ ਪੱਤਰ ਦਾ ਉਡੀਕਣਹਾਰ,

ਪ੍ਰੋ: ਅਹਿਮਦ ਅਲੀ ਗੁਰਾਇਆ,
ਪੰਜਾਬੀ ਅਦਬੀ ਬੇਠਕ



(3)

18-12-95

ਹਰਭਜਨ ਸਿੰਘ ਹੁੰਦਲ ਜੀ,

ਵੱਡਿਓ। ਢੇਰ-ਢੇਰ ਸਲਾਮਾਂ ਤੋਂ ਬਾਅਦ ਪਿਛੋਕੜ ਵਾਲੀਆਂ ਜਿੰਨੀਆਂ ਵੀ ਗੱਲਾਂ ਨੇ, ਉਹਨਾਂ ਦੀ ਮੁਆਫ਼ੀ ਮੰਗਦਾ ਹਾਂ। ਹੁੰਦਲ, ਮੁਢਲੀ ਗੱਲ ਇਹ ਵੇ ਕਿ ਮੈਂ ਤੁਹਾਡੀਆਂ ਮੁਹੱਬਤਾਂ ਦਾ ਮੁੱਲ ਨਹੀਂ ਦੇ ਸਕਦਾ। ਤੁਹਾਡੀਆਂ ਚਿੱਠੀਆਂ ਵੀ ਅੱਪੜੀਆਂ ਨੇ ਤੇ ਤੁਹਾਡੇ ਚਿਰਾਗ਼ ਦਾ ਚਾਨਣ "ਸ਼ੀਦ੍ਹੋ ਸਾਹ" (ਚਿਰਾਗ ਜੁਲਾਈ/ਸਤੰਬਰ 1995) ਨਜ਼ਮ 'ਚਿਰਾਗ਼' ਦੇ ਮੱਥੇ (ਜੜੀ) ਵੇਖੀ। ਢੇਰ ਚੰਗੀ ਲੱਗੀ। ਮੈਨੂੰ ਆਸ ਦੇ ਨਾਲ ਯਕੀਨ ਏ ਗੁਰੂ ਹੋਰਾਂ ਦੀ ਕਿਰਪਾ ਨਾਲ ਘਰ ਵਿਚ ਹਰ ਤਰ੍ਹਾਂ ਖ਼ੈਰ ਹੋਵੇਗੀ। ਬਾਗ਼ ਦੇ ਫੁੱਲ ਕਲੀਆਂ, ਬੂਟੇ ਤੇ ਰੁੱਖ ਹੱਸ ਵੱਸ ਤੇ ਝੂਮ ਝਾਮ ਰਹੇ ਹੋਣਗੇ।

ਹੁੰਦਲ ਜੀ ਤੁਹਾਡੇ ਗੋਚਰਾ ਇਕ ਹੋਰ ਕੰਮ—ਗੱਲ ਇਹ ਵੇ ਤਰੱਕੀ-ਪਸੰਦ ਤੇ ਆਵਾਮੀ ਸ਼ਾਇਰ ਹਬੀਬ ਜਾਲਿਬ ਹੋਰਾਂ ਲਈ ਹੁਣ ਜਿਹੜੇ ਸ਼ਾਇਰਾਂ ਨੇ ਨਜ਼ਮਾਂ ਲਿਖੀਆਂ ਨੇ, ਉਹਨਾਂ ਨੂੰ ਇਕੱਠਾ ਕਰਕੇ ਇਕ ਅਦਾਰਾ ਕਿਤਾਬ ਛਾਪ ਰਿਹਾ ਏ। ਤੁਹਾਡੇ ਪਾਸੇ ਧਿਆਨ ਮਾਰੋ। ਕਿਸੇ ਸ਼ਾਇਰ ਨੇ ਹਬੀਬ ਜਾਲਬ ਹੋਰਾਂ ਤੇ ਨਜ਼ਮ ਲਿਖੀ ਹੋਵੇ ਤੇ ਛੇਤੀ ਘੱਲ ਦਿਓ। ਨਹੀਂ ਤੇ ਤੁਸੀਂ ਇਕ ਦੋ ਨਜ਼ਮਾਂ ਘੱਲ ਦਿਉ। ਇਹ ਕਿਤਾਬ ਜਨਵਰੀ ਦੇ ਪਹਿਲੇ ਹਫਤੇ ਛਾਪੇ ਚੜ੍ਹ ਜਾਵੇਗੀ। ਮੈਨੂੰ ਉਮੀਦ ਏ, ਤੁਸੀਂ ਜ਼ਰੂਰ ਕੁਝ ਘੱਲੋਗੇ। ਬਾਕੀ ਗੱਲਾਂ ਅਗਲੀ ਚਿੱਠੀ ਵਿਚ ਲਿਖਾਂਗਾ।

ਕੋਈ ਮੇਰੇ ਲਈ ਸੇਵਾ ਹੋਵੇ ਤੇ ਲਿਖੋ। ਮੈਂ ਅੰਬਾਲੇ ਆਇਆ ਸਾਂ। "ਲੱਖ ਕਰਨਾਲਵੀ" ਤੇ ਇਕ ਹੋਰ ਸੱਜਣ ਨਾਲ ਮੁਲਾਕਾਤ ਹੋਈ ਸੀ। ਮੈਨੂੰ ਉਮੀਦ ਸੀ ਤੁਹਾਡੇ ਨਾਲ ਵੀ ਮੁਲਾਕਾਤ ਹੋਵੇਗੀ, ਪਰ ਇਹ ਸੱਧਰ ਨਹੀਂ ਪੂਰੀ ਹੋਈ।

ਚੰਗਾ ਫੇਰ ਰੱਬ ਰਾਖਾ।

ਬਾਬਾ ਨਜਮੀ (ਕਰਾਚੀ)
ਪਾਕਿਸਤਾਨ

(4)

ਪਿਆਰੇ ਸੰਪਾਦਕ ਜੀ,

ਨਵਾਂ ਸਾਲ ਮੁਬਾਰਕ ਤੇ ਪਿਆਰ ਭਰੀ ਸਤਿ ਸ੍ਰੀ ਅਕਾਲ। ਇਸ ਖਤ ਤੋਂ ਪਹਿਲਾਂ ਆਪ ਜੀ ਨੂੰ ਇਕ ਖ਼ਤ ਤੇ ਇਕ ਕਿਤਾਬ ਮਿੰਨੀ ਨਜ਼ਮਾਂ ਦੀ ਘੱਲੀ ਸੀ। ਆਪ ਜੀ ਨੇ ਮਿੰਨੀ ਨਜ਼ਮਾਂ ਬਾਰੇ ਇਸ਼ਤਿਹਾਰ ਵੀ ਛਾਪਿਆ ਸੀ। ਪਰਚਾ ਤਾਂ ਆਪ ਜੀ ਨੇ ਨਹੀਂ ਘੱਲਿਆ ਸੀ, ਪਰ ਭਾਰਤ ਤੋਂ ਮਿੰਨੀ ਨਜ਼ਮਾਂ ਜ਼ਰੂਰ ਆ ਗਈਆਂ ਸਨ। ਵੀਰ ਜੀ ਹੁਣ ਮੈਂ ਲਹਿੰਦੇ ਪੰਜਾਬ ਦੀਆਂ ਮਿੰਨੀ ਕਹਾਣੀਆਂ ਦਾ ਪਰਾਗਾ ਛਾਪ ਰਿਹਾ ਹਾਂ। ਤੁਸੀਂ ਕਿਰਪਾ ਕਰਕੇ ਪਹਿਲਾਂ ਦੀ ਤਰ੍ਹਾਂ ਇਹ

ਇਸ਼ਤਿਹਾਰ ਵੀ ਛਾਪ ਦੇਣਾ। ਲਾਹੌਰ ਵਿਚ ਮੇਰੇ ਯੋਗ ਸੇਵਾ ਹੋਵੇ ਤਾਂ ਆਪਣਾ ਸਮਝ ਕੇ ਲਿਖਣਾ।

—ਤੁਹਾਡਾ ਭਰਾ
ਐਮ ਅਸ਼ਰਫ ਸੁਹੇਲ
ਪੋਸਟ ਬੌਕਸ ਨੰ: 8059
ਲਾਹੌਰ-9, ਪਾਕਿਸਤਾਨ

**(5)**

31-1-95
ਲਾਹੌਰ

ਸਤਿਕਾਰਯੋਗ ਹੁੰਦਲ ਜੀ,

ਤੁਹਾਡੀਆਂ ਚਿੱਠੀਆਂ, ਚਿਰਾਗ਼ ਅਤੇ ਪਾਬਲੋ ਨਰੂਦਾ—ਕੁਝ ਕਵਿਤਾਵਾਂ, ਨਾਂ ਦੀ ਪੁਸਤਕ ਮਿਲੀ, ਬਹੁਤ-ਬਹੁਤ ਸ਼ੁਕਰੀਆ......ਪਾਬਲੋ ਨੇਰੂਦਾ ਦੇ ਕਲਾਮ ਦਾ ਤੁਸਾਂ ਬਹੁਤ ਵਧੀਆ ਅਨੁਵਾਦ ਕੀਤਾ ਏ, ਪੜ੍ਹ ਕੇ ਸੁਆਦ ਆ ਗਿਆ। ਇਹਦੇ ਬਾਰੇ ਤਬਸਰਾ ਕਰਕੇ ਪਰਚਾ ਭੇਜਾਂਗਾ। 'ਚਿਰਾਗ਼' ਦੇ ਪਾਕਿਸਤਾਨੀ ਅੰਕ ਲਈ ਤੁਹਾਨੂੰ ਬਹੁਤ ਸਾਰਾ ਮਵਾਦ "ਸਾਹਿਤ" ਵਿਚੋਂ ਹੀ ਲੱਭ ਜਾਏਗਾ। 'ਸਾਹਿਤ' ਲਈ ਏਥੋਂ ਦੇ ਬਹੁਤ ਸਾਰੇ ਪ੍ਰਸਿੱਧ ਲੇਖਕਾਂ ਨੇ ਵਿਸ਼ੇਸ਼ ਤੌਰ ਤੇ ਲੇਖ ਲਿਖੇ ਨੇ ਜਿਵੇਂ ਕਿ ਅਫਜ਼ਲ ਅਹਿਸਨ ਰੰਧਾਵਾ, ਨੇ ਸੱਤ ਸਾਲ ਬਾਅਦ ਪਹਿਲੀ ਵਾਰ ਇਹਦੇ ਲਈ ਪੰਜਾਬੀ ਕਹਾਣੀ ਲਿਖੀ ਏ। ਇਹਦੇ ਤੋਂ ਵੱਖ ਮਨਸ਼ਾ ਯਾਦ, ਰਿਫਅਤ, ਅਫਜ਼ਲ ਤੌਸੀਫ, ਮੁਨੀਰ ਨਿਆਜ਼ੀ ਤੇ ਅਨੇਕਾਂ ਹੋਰ ਵੱਡੇ ਲੇਖਕਾਂ ਨੇ ਇਹਦੇ ਲਈ ਆਪਣੀਆਂ ਵਧੀਆ-ਵਧੀਆ ਰਚਨਾਵਾਂ ਪੇਸ਼ ਕੀਤੀਆਂ ਨੇ। ਫਰਵਰੀ ਵਿਚ ਜਾਂ ਮਾਰਚ ਦੇ ਸ਼ੁਰੂ ਵਿਚ ਇਹ ਸਾਹਿਤਕ ਗ੍ਰੰਥ ਛਪ ਜਾਵੇਗਾ।

ਮੈਂ ਆਪਣੇ ਮਿੱਤਰ ਆਸ਼ਿਕ ਅਲੀ ਫ਼ੈਸਲ ਨੂੰ ਚੱਕ ਨੰਬਰ 64, ਰੱਖ ਬਰਾਂਚ, ਬੰਡਾਲਾ ਭੇਜਿਆ ਸੀ, ਉਹ ਬੜੀ ਰੌਚਕ ਜਾਣਕਾਰੀ ਲੈ ਕੇ ਆਇਆ ਏ, ਅਸਲ ਵਿਚ ਖੈਰੂ ਮੋਚੀ ਦਾ ਸਾਲਾ ਮੇਅਰਾਜ ਦੀਨ ਉਹਨੂੰ ਮਿਲ ਗਿਆ। ਇਹ ਲੋਕ ਤੁਹਾਨੂੰ ਤੇ ਤੁਹਾਡੇ ਪੂਰੇ ਪਰਿਵਾਰ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਨੇ। ਉਹਨਾਂ ਨੂੰ ਇਸ ਗੱਲ ਦਾ ਬੇਹੱਦ ਅਫਸੋਸ ਹੋਇਆ ਕਿ ਠਾਕਰ ਸਿੰਘ ਦਾ ਭਤੀਜਾ ਅਤੇ ਜਥੇਦਾਰ ਦੀਦਾਰ ਸਿੰਘ ਜੀ ਦਾ ਸਪੁੱਤਰ ਇਥੋਂ ਆ ਕੇ ਚਲਾ ਗਿਆ ਤੇ ਅਸੀਂ ਉਹਨੂੰ ਮਿਲ ਵੀ ਨਾ ਸਕੇ। ਠਾਕਰ ਸਿੰਘ (ਚਾਚਾ ਠਾਕਰ—ਘਸਮੈਲੇ ਚਿਹਰੇ 'ਚੋਂ) ਜੀ ਦੇ ਕਤਲ ਦਾ ਸੁਣ ਕੇ ਤਾਂ ਉਹਨਾਂ ਦਾ ਰੋਣਾ ਰੁਕਦਾ ਨਹੀਂ ਸੀ। ਮੈਨੂੰ ਸਮਝ ਨਹੀਂ ਆਉਂਦੀ ਕਿ ਜਦ ਸਾਡੇ ਲੋਕ ਇੰਝ ਇਕ ਦੂਜੇ ਨਾਲ ਪਿਆਰ ਕਰਦੇ ਸਨ ਤੇ ਉਹਨਾਂ ਵਿਚ ਨਫਰਤ ਦਾ ਬੀ ਕਿਸ ਨੇ ਬੋਇਆ? ਕਿਉਂ ਉਹਨਾਂ ਨੂੰ ਇਕ ਦੂਜੇ ਤੋਂ ਦੂਰ ਕੀਤਾ ਗਿਆ?

ਨਾਲ ਕੁਝ ਤਸਵੀਰਾਂ ਵੀ ਭੇਜ ਰਿਹਾਂ, ਇਹ ਵੀ ਆਸ਼ਕ ਅਲੀ ਫ਼ੈਸਲ ਨੇ ਤੁਹਾਡੇ ਪਿੰਡ ਜਾ ਕੇ ਖਿੱਚੀਆਂ ਸਨ। ਵੱਖਰੇ ਕਾਗਜ਼ ਉੱਤੇ ਪ੍ਰਾਪਤ ਕੀਤੀ ਜਾਣਕਾਰੀ ਦੇ ਰਿਹਾਂ। ਜੇ ਕੁਝ ਹੋਰ ਪੁੱਛਣਾ ਹੋਵੇ ਤਾਂ ਲਿਖ ਭੇਜਣਾ।

ਤੁਹਾਡਾ, ਇਲਿਆਸ ਘੁੰਮਣ
ਲਾਹੌਰ, ਪਾਕਿਸਤਾਨ





## ਲੁੱਕ 'ਚ ਫਸੇ ਪੈਰ

ਮੁਖਤਿਆਰ ਸਿੰਘ

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਦੇ ਨਾਲ ਹੀ 1970 ਵਿਚ ਮੈਂ ਏਥੇ ਆ ਕੇ ਕਲਰਕ ਭਰਤੀ ਹੋ ਗਿਆ। ਬਹੁਤ ਚਾਅ ਸੀ, ਕਿ ਚਲੋ ਖੇਤੀ ਦੇ ਸਖ਼ਤ ਕੰਮ ਤੋਂ ਬਚੇ। ਮੌਜਾਂ ਕਰਾਂਗੇ। ਕੁਝ ਚਿਰ ਮੌਜਾਂ ਕੀਤੀਆਂ ਵੀ। ਦੋ ਸੌ ਸੋਲਾਂ ਰੁਪਏ ਮਹੀਨੇ ਪਿੱਛੋਂ ਤਨਖਾਹ ਲੈ ਕੇ ਛਾਲਾਂ ਮਾਰਦੇ।

ਪਰ ਦੋ ਕੁ ਸਾਲ ਪਿੱਛੋਂ ਹੀ ਮਹਿਸੂਸ ਹੋਣ ਲੱਗਾ ਪਿਆ ਕਿ ਏਥੇ ਤਾਂ ਫਸ ਗਏ। ਨਾ ਰਹਿਣ ਜੋਗੇ, ਨਾ ਛੱਡਣ ਜੋਗੇ। ਜੇ ਛੱਡਦਾ ਤਾਂ ਪਿੰਡ ਖੇਤੀ ਦਾ ਕੰਮ ਔਖਾ ਲੱਗਦਾ। ਜੇ ਨਹੀਂ ਛੱਡਦਾ ਤਾਂ ਗੁਜ਼ਾਰਾ ਨਹੀਂ ਸੀ ਹੋ ਰਿਹਾ। ਮਹਿੰਗਾਈ ਛਾਲਾਂ ਮਾਰਨ ਲੱਗੀ। ਦਫਤਰ ਵਿਚ ਸਮੇਂ ਦੀ ਪਾਬੰਦੀ। ਸਮੇਂ ਸਿਰ ਆਉਣਾ, ਸਮੇਂ ਸਿਰ ਜਾਣਾ। ਜੇਲ੍ਹਖਾਨਾ ਜਾਪਣ ਲੱਗ ਪਿਆ। ਮੇਰੇ ਆਲੇ-ਦੁਆਲੇ ਦੇ ਮੁਲਾਜ਼ਮ ਵੀ ਮੈਨੂੰ ਮੇਰੇ ਵਰਗੇ ਹੀ ਜਾਪੇ। ਅਸੀਂ ਆਪਸ ਵਿਚ ਦੁੱਖ-ਸੁੱਖ ਸਾਂਝੇ ਕਰਦੇ।

ਮੈਂ ਏਸੇ ਦੁਬਿਧਾ ਵਿਚ ਫਸੇ ਹੋਏ ਕਲੱਰਕਾਂ, ਚਪੜਾਸੀਆਂ ਅਤੇ ਅਫਸਰਾਂ ਬਾਰੇ ਕਹਾਣੀ ਲਿਖਣੀ ਚਾਹੁੰਦਾ ਸੀ। ਪਰ ਕਹਾਣੀ ਲਿਖੀ ਨਹੀਂ ਸੀ ਜਾ ਰਹੀ। ਕਹਾਣੀ ਦਾ ਮੂੰਹ ਸਿਰ ਨਹੀਂ ਸੀ ਸੁਝ ਰਿਹਾ ਕਿ ਕਿਵੇਂ ਸ਼ੁਰੂ ਕਰਾਂ।

ਇਕ ਦਿਨ ਦਫਤਰ ਦੀ ਕੰਧ ਦੇ ਨਾਲ-ਨਾਲ ਲੱਗੀਆਂ ਕੋਲੀਆਂ (ਫੁੱਲਾਂ) ਵਿਚ ਇਕ ਕਤੂਰਾ ਪਿਆ ਚੀਕਾਂ ਮਾਰ ਰਿਹਾ ਸੀ। ਸਾਰੇ ਜਣੇ ਬੇਧਿਆਨੇ ਹੀ ਉਸ ਦੇ ਕੋਲੋਂ ਲੰਘੀ ਜਾ ਰਹੇ ਸਨ। ਗੇਟ ਕੋਲ ਖੜ੍ਹੇ ਪਹਿਰੇਦਾਰ ਨੂੰ ਪੁੱਛਿਆ ਕਿ ਕਤੂਰਾ ਕਿਉਂ ਚੀਕਾਂ ਮਾਰ ਰਿਹਾ ਹੈ। ਉਸ ਨੇ ਦੱਸਿਆ ਕਿ ਇਸ ਦੇ ਪੈਰਾਂ ਨੂੰ ਲੁੱਕ ਲੱਗੀ ਹੈ। ਇਹ ਤੁਰ ਨਹੀਂ ਸਕਦਾ। ਪਿਘਲੀ ਲੁੱਕ 'ਚ ਜਾ ਵੜਿਆ ਸੀ। ਹੁਣ ਪਿਆ ਚੀਕਾਂ ਮਾਰੀ ਜਾ ਰਿਹਾ ਹੈ। ਕਈਆਂ ਨੇ ਪਹਿਰੇਦਾਰ ਨੂੰ ਕਿਹਾ ਕਿ ਉਹ ਇਸ ਨੂੰ ਚੁੱਕ ਕੇ ਪਰੇ ਸੁੱਟ ਆਵੇ। ਪਰ ਉਸ ਨੇ ਹੱਥ ਨਹੀਂ ਲਾਇਆ। ਕੋਈ ਵੀ ਉਸ ਨੂੰ ਹੱਥ ਨਹੀਂ ਸੀ ਲਾ ਰਿਹਾ। ਦਫਤਰ ਦੇ ਅੰਦਰ ਬੈਠਿਆਂ ਕੰਮ ਕਰਦਿਆਂ ਵੀ ਕਤੂਰੇ ਦੀਆਂ ਚੀਕਾਂ ਦੀ ਆਵਾਜ਼ ਸੁਣ ਰਹੀ ਸੀ। ਸਾਰਿਆਂ ਦਾ ਧਿਆਨ ਉਸ ਦੀਆਂ ਚੀਕਾਂ ਵੱਲ ਵਾਰ-ਵਾਰ ਚਲਾ ਜਾਂਦਾ।

ਅਫਸਰਾਂ ਦੀਆਂ ਝਿੜਕਾਂ, ਕਿਸੇ ਕੋਲ ਦਫਤਰੀ ਕੰਮ ਘੱਟ, ਕਿਸੇ ਕੋਲ ਜ਼ਿਆਦਾ। ਜੇ ਮੁਲਾਜ਼ਮ ਆਪਸ ਵਿਚ ਗੱਲਾਂ ਕਰਦੇ ਤਾਂ ਅਫਸਰ ਚੁੱਪ ਰਹਿਣ ਲਈ ਤਾੜਨਾ ਦਿੰਦੇ। ਅਸੀਂ ਫਿਰ ਸਹਿਮ ਜਾਂਦੇ ਤੇ ਸੰਨਾਟੇ ਵਿਚ ਕਤੂਰੇ ਦੀਆਂ ਚੀਕਾਂ ਦੀ ਆਵਾਜ਼ ਜ਼ਿਆਦਾ ਭਿਆਨਕ ਹੋ ਕੇ ਸੁਣਦੀ।

ਸ਼ਾਮ ਤਕ ਕਿਸੇ ਨੇ ਵੀ ਉਸ ਕਤੂਰੇ ਨੂੰ ਨਹੀਂ ਸੀ ਚੁੱਕਿਆ। ਪਹਿਰੇਦਾਰ ਵੀ ਆਪਣੀ

ਡਿਊਟੀ ਖਤਮ ਕਰਕੇ ਜਾਂਦਾ ਹੋਇਆ ਕਹਿ ਗਿਆ ਸੀ, "ਪਿਆ ਰਹਿਣ ਦਿਓ ਸਾਲੇ ਨੂੰ ਆਪੇ ਦੂਜਾ ਪਹਿਰੇਦਾਰ ਆ ਕੇ ਚੁੱਕਦਾ ਫਿਰੂ।"

ਮੈਨੂੰ ਫਿਰ ਵੀ ਕਹਾਣੀ ਲਿਖਣ ਲਈ ਕੋਈ ਮੂੰਹ ਸਿਰ ਨਾ ਲੱਭਿਆ। ਦੋ ਤਿੰਨ ਸਾਲ ਪਿਛੋਂ ਆਪਣੇ ਨਾਲ ਦੇ ਸਾਥੀਆਂ ਦੀਆਂ ਆਪਸੀ ਗੱਲਾਂ ਬਾਤਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਚੋਣਵੀਆਂ ਗੱਲਾਂ ਇਕੱਠੀਆਂ ਕਰ ਲਈਆਂ, ਪਰ ਮੇਰੇ ਦਿਮਾਗ਼ ਚੋਂ ਉਸ ਕਤੂਰੇ ਦੀਆਂ ਚੀਕਾਂ ਨਹੀਂ ਸੀ ਨਿਕਲ ਰਹੀਆਂ। ਮੈਂ ਆਪਸੀ ਗੱਲਾਂ ਦੇ ਵਿਚਕਾਰ ਕਿਤੇ-ਕਿਤੇ ਕਤੂਰੇ ਦੀਆਂ ਚੀਕਾਂ ਪਾ ਦਿੱਤੀਆਂ। ਕਤੂਰੇ ਨੂੰ ਬਿੰਦੂ ਮੰਨ ਕੇ ਉਸ ਦੇ ਆਲੇ ਦੁਆਲੇ ਗੱਲਾਂ ਜੋੜ ਦਿੱਤੀਆਂ।

ਮੇਰੇ ਵਰਗੇ ਮੁਲਾਜ਼ਮ, ਦਫਤਰੀ ਮਹੌਲ ਤੋਂ ਅੱਕ ਕੇ ਛੱਡ ਜਾਣ ਦੀਆਂ ਗੱਲਾਂ ਕਰਦੇ। ਕੋਈ ਕਹਿੰਦਾ ਇਸ ਨਾਲੋਂ ਤਾਂ ਫਲ-ਫਰੂਟ ਦੀ ਰੇਹੜੀ ਲਾ ਲਓ, ਸਬਜ਼ੀ ਵੇਚ ਲਓ। ਪਿੰਡ ਜਾ ਕੇ ਚਬੱਚਿਆਂ 'ਚ ਛਾਲਾਂ ਮਾਰਾਂਗੇ। ਗੰਨੇ ਚੂਪਾਂਗੇ। ਖੇਤੀ ਕਰਾਂਗੇ। ਆਜ਼ਾਦੀ ਤਾਂ ਹੋਵੇਗੀ। ਜਿਥੇ ਮਰਜ਼ੀ ਜਾਵਾਂਗੇ। ਨਾ ਹੀ ਏਥੇ ਗੁਜ਼ਾਰਾ ਹੁੰਦਾ ਹੈ। ਪੰਜ ਤਰੀਕ ਤੋਂ ਪਿਛੋਂ ਉਨੱਤੀ ਤਰੀਕ ਵਰਗਾ ਮੂੰਹ ਹੋ ਜਾਂਦਾ ਹੈ। ਜੇ ਕੋਈ ਪੁਛਦਾ ਹੈ ਕਿ ਕੀ ਗੱਲ ਹੈ, ਤਾਂ ਅਗਲਾ ਕਹਿ ਤਾਂ ਦਿੰਦਾ ਹੈ ਕਿ ਚੰਗੇ, ਪਰ ਅੰਦਰੋਂ ਚੰਗਾ ਨਹੀਂ ਹੁੰਦਾ।

ਇਹੋ ਜਿਹੀਆਂ ਗੱਲਾਂ ਸਾਰੇ ਹੀ ਕਰੀ ਜਾਂਦੇ ਸੀ ਕਿ ਛੱਡ ਦਿਆਂਗੇ, ਕੋਈ ਹੋਰ ਕੰਮ ਕਰ ਲਵਾਂਗੇ, ਪਰ ਨੌਕਰੀ ਜਿਸ ਨੇ ਵੀ ਕਰ ਲਈ ਉਸ ਨੇ ਛੱਡੀ ਨਹੀਂ। ਜਿਵੇਂ ਕਤੂਰੇ ਦੇ ਪੈਰਾਂ ਨਾਲੋਂ ਲੁੱਕ ਨਹੀਂ ਸੀ ਲਹਿੰਦੀ। ਉਸੇ ਤਰ੍ਹਾਂ ਮੈਂ ਆਪਣੇ ਆਪ ਨੂੰ ਮਹਿਸੂਸ ਕੀਤਾ। ਉਸੇ ਤਰ੍ਹਾਂ ਆਪਣੇ ਨਾਲਦੇ ਸਾਥੀਆਂ ਨੂੰ। ਗੱਲ ਕੀ ਹਰ ਇਕ ਬੰਦਾ ਆਪਣੇ-ਆਪਣੇ ਕਾਰੋਬਾਰ ਵਿਚ ਫਸਿਆ ਹੋਇਆ ਹੈ ਜਿਸ ਨੂੰ ਉਹ ਛਡਦਾ ਨਹੀਂ। ਕਿਉਂਕਿ ਛੱਡਿਆਂ ਗੁਜ਼ਾਰਾ ਨਹੀਂ। ਉਂਞ ਆਰਥਿਕ ਤੌਰ ਤੇ ਹਰ ਕੋਈ ਸੰਤੁਸ਼ਟ ਵੀ ਨਹੀਂ। ਪਰ ਸਾਨੂੰ ਇਹ ਵੀ ਅਹਿਸਾਸ ਨਹੀਂ ਸੀ ਹੋ ਰਿਹਾ ਕਿ ਅਸੀਂ ਕਤੂਰੇ ਵਾਂਗ ਚੀਕਾਂ ਮਾਰ ਰਹੇ ਹਾਂ। ਅਸਲ ਵਿਚ ਅਸੀਂ ਕਤੂਰੇ ਹੀ ਹਾਂ ਜੋ ਕਰ ਕੁਝ ਨਹੀਂ ਸਕਦੇ, ਪਰ ਚੀਕਾਂ ਮਾਰੀ ਜਾ ਰਹੇ ਹਾਂ।

ਜਦੋਂ ਮੈਂ ਇਹ ਕਹਾਣੀ ਲਿਖ ਕੇ ਸਬਿੰਦਰਜੀਤ ਸਾਗਰ ਅਤੇ ਸ਼ਹਿਰਯਾਰ ਨੂੰ ਦਿਖਾਈ ਤਾਂ ਉਹ ਬਹੁਤ ਖੁਸ਼ ਹੋਏ। ਉਨ੍ਹਾਂ ਨੇ ਸੁਝਾਅ ਵੀ ਦਿੱਤੇ। ਕਈ ਹੋਰ ਮਿੱਤਰਾਂ ਨੂੰ ਪੜ੍ਹਾਈ। ਸਾਰੇ ਖੁਸ਼ ਹੁੰਦੇ ਗਏ। ਮੈਨੂੰ ਹੋਰ ਹੌਂਸਲਾ ਹੁੰਦਾ ਗਿਆ। ਮੈਂ ਫਿਰ ਇਹ ਕਹਾਣੀ 'ਦ੍ਰਿਸ਼ਟੀ' ਨੂੰ ਭੇਜ ਦਿੱਤੀ। ਉਸ ਵਲੋਂ ਵਾਪਸ ਆ ਗਈ। 'ਸਿਰਜਣਾ' ਨੂੰ ਭੇਜੀ। ਉਥੋਂ ਵੀ ਵਾਪਸ ਆ ਗਈ। ਮੈਂ ਚੁੱਕ ਕੇ 'ਨਾਗਮਣੀ' ਨੂੰ ਭੇਜ ਦਿੱਤੀ। ਮੁੜਦੀ ਡਾਕ 'ਚ ਉੱਤਰ ਆ ਗਿਆ ਕਿ ਕਹਾਣੀ ਚੰਗੀ ਹੈ। ਐਤਕੀਂ ਹੀ ਜੂਨ 1977 ਦੇ ਅੰਕ ਵਿਚ ਛਪ ਰਹੀ ਹੈ, ਕਿਤੇ ਹੋਰ ਨਾ ਭੇਜਣਾ। ਸ਼ਾਇਦ ਉਹਨਾਂ ਦੇ ਸਮਝ ਆ ਗਈ ਸੀ। ਮੈਂ ਅਜੇ ਤੱਕ ਵੀ ਨੌਕਰੀ ਛੱਡ ਨਹੀਂ ਸਕਿਆ। ਕਿਉਂਕਿ ਮੈਂ ਵੀ ਲੁੱਕ 'ਚ ਹੀ ਫੱਸਿਆ ਹੋਇਆਂ ਹਾਂ!

(ਡੀ-54, ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ)





## ਇਕ ਕਿਤਾਬ ਦਾ ਦੁਖਾਂਤ

—ਤਾਰਕ ਗੋਜਰ (ਪਾਕਿਸਤਾਨ)

ਮੇਰੇ ਸਾਹਮਣੇ 'ਕਵਿਤਾ ਦਾ ਅਵਤਾਰ' ਪਈ ਏ, ਕਈ ਮਹੀਨੇ ਪਹਿਲਾਂ ਜਦ ਇਹ ਕਿਤਾਬ ਮੈਨੂੰ ਮਿਲੀ ਤਾਂ ਇਹਦੀ ਬਾਹਰਲੀ ਹਾਲਤ ਵੇਖ ਕੇ ਮੈਂ ਐਵੇ ਨੁੱਕਰੇ ਲਾ ਕੇ ਰੱਖ ਦਿੱਤੀ, ਪਰ ਕੁਝ ਦਿਨਾਂ ਪਿੱਛੋਂ ਮੈਂ ਏਸ ਨੂੰ ਦੁਬਾਰਾ ਚੁੱਕ ਕੇ ਫਰੋਲਣਾ ਸ਼ੁਰੂ ਕੀਤਾ ਤਾਂ ਇੰਝ ਮਹਿਸੂਸ ਹੋਇਆ, ਜਿਵੇਂ 'ਕਵਿਤਾ ਦਾ ਅਵਤਾਰ' ਨਾਲ ਇਹ ਸਲੂਕ ਕਰਕੇ ਮੈਂ ਕੋਈ ਗੁਨਾਹ ਕਰਦਾ ਰਿਹਾ ਹੋਵਾਂ। 'ਕਵਿਤਾ ਦਾ ਅਵਤਾਰ' ਗਿਆਨੀ ਅਬਦੁਲ ਗਫੂਰ ਕੁਰੈਸ਼ੀ ਦੀ ਕਿਤਾਬ ਏ। ਇਹ ਪ੍ਰੋ: ਮੋਹਨ ਸਿੰਘ ਦੀ ਸ਼ਾਇਰੀ ਦੀ ਚੋਣ ਏਂ, ਬਕੋਲ ਗਿਆਨੀ ਜੀ;

"1970 ਦੇ ਦਹਾਕੇ ਵਿਚ ਬਲਰਾਜ ਸਾਹਨੀ ਪਾਕਿਸਤਾਨ ਆਇਆ ਤਾਂ ਉਹਨੇ ਦਸਿਆ ਭਈ ਮੋਹਨ ਸਿੰਘ ਨੂੰ ਏਸ ਗੱਲ ਦਾ ਹਿਰਖ ਏ ਪਈ ਪਾਕਿਸਤਾਨ ਵਿਚ ਉਹਨੂੰ ਕੋਈ ਜਾਨਣ ਵਾਲਾ ਨਹੀਂ, ਜਦ ਅੰਮ੍ਰਿਤਾ ਪ੍ਰੀਤਮ ਬਾਰੇ ਹਰ ਪੰਜਾਬੀ ਪਾਕਿਸਤਾਨੀ ਜਾਣੂ ਏ ਹਾਲਾਂਕਿ ਅੰਮ੍ਰਿਤਾ ਪ੍ਰੀਤਮ ਉਹਦੀ ਸ਼ਾਗਿਰਦ ਹੈ।'

ਗਿਆਨੀ ਜੀ ਉਦੋਂ ਪਿਸ਼ਾਵਰ ਵਿਚ ਸਨ। ਉਹਨਾਂ ਪ੍ਰੋ: ਮੋਹਨ ਸਿੰਘ ਨਾਲ ਆਪਣੇ ਦਿਲੀ ਲਗਾਓ ਨੂੰ ਮੁੱਖ ਰੱਖਦਿਆਂ ਹੋਇਆਂ ਉਹਦੇ ਬਾਰੇ ਕਿਤਾਬ ਲਿਖਣ ਤੇ ਛਪਵਾਣ ਦੀ ਖੇਚਲ ਸ਼ੁਰੂ ਕੀਤੀ, ਪਰ ਏਸ ਖੇਚਲ ਦੀ ਰਾਹ ਵਿਚ ਔਕੜਾਂ ਤੇ ਮੁਸ਼ਕਲਾਂ ਦੇ ਪਹਾੜ ਖਲੋਤੇ ਹਨ। ਜੰਗ ਦਾ ਜ਼ਮਾਨਾ ਸੀ। ਫੇਰ ਸਰਕਾਰੀ ਮੁਲਾਜ਼ਮ ਹੋਣ ਕਾਰਨ ਹੋਰ ਜ਼ਿਆਦਾ ਪਾਬੰਦੀਆਂ। ਪਹਿਲਾਂ ਇਜਾਜ਼ਤ ਲੈਣੀ ਪਈ। ਇਜਾਜ਼ਤ ਮਿਲ ਗਈ ਤਾਂ ਲਿਖਤ ਨੂੰ ਜਾਂਚਣ ਉੱਤੇ ਕਮੇਟੀ ਬਿਠਾ ਦਿੱਤੀ ਗਈ। ਇਕ ਲਫ਼ਜ਼ ਲਿਖਿਆ ਜਾਂਦਾ ਤਾਂ ਦੋਵੇਂ ਕੱਟਣ ਦਾ ਯਤਨ ਕੀਤਾ ਜਾਂਦਾ। ਮੋਹਨ ਸਿੰਘ ਦੀਆਂ ਉਹ ਨਜ਼ਮਾਂ ਜਿਹਨਾਂ ਵਿਚ ਵੰਡ ਜਾਂ ਮੰਦਰ ਮਸੀਤ ਦੀ ਗੱਲ ਕੀਤੀ ਗਈ ਸੀ, ਕਿਤਾਬ ਵਿਚੋਂ ਕੱਢ ਦਿਤੀਆਂ ਗਈਆਂ। ਦੂਜੇ ਲਫ਼ਜ਼ਾਂ ਵਿਚ ਕਿਤਾਬ ਵਿਚ ਸਿਰਫ ਉਹੋ ਸ਼ਿਅਰ ਰਹਿਣ ਦਿੱਤੇ ਗਏ ਜਿਹਨਾਂ ਤੋਂ ਇਸਲਾਮ ਤੇ ਨਜ਼ਰੀਆ ਪਾਕਿਸਤਾਨ ਨੂੰ ਕੋਈ ਖ਼ਤਰਾ ਨਹੀਂ ਸੀ। ਫੇਰ ਵੀ ਸਾਡੇ ਪੜ੍ਹਨ ਲਈ ਬਹੁਤ ਕੁਝ ਬਚ ਗਿਆ।

ਗਿਆਨੀ ਜੀ ਦੇ ਕਹਿਣ ਮੁਜਬ, ਪੋਠੋਹਾਰ ਦੇ ਏਸ ਪਿਆਰੇ ਤੇ ਅਲਬੇਲੇ ਸ਼ਾਇਰ ਨੇ ਮੈਨੂੰ ਆਖਿਆ ਸੀ, "ਕਿਤਾਬ ਛਪਣ ਮਗਰੋਂ ਪਿੰਡੀ ਦੇ ਓਸ ਘਰ ਵਿਚ ਦੇ ਆਵੀਂ, ਜਿਹੜਾ ਕਦੀ ਮੇਰਾ ਘਰ ਹੁੰਦਾ ਸੀ।" ਮੈਂ ਕਿਤਾਬ ਲੈ ਕੇ ਓਸ ਘਰ ਅਪੜਿਆ। ਘਰ ਦੇ ਨਵੇਂ ਮਾਲਕਾਂ ਨੂੰ ਦੱਸਿਆ ਕਿ ਪਈ ਇਹ ਓਸ ਬੰਦੇ ਦੀ ਕਿਤਾਬ ਹੈ, ਜਿਹੜਾ ਤੁਹਾਡੇ ਤੋਂ ਪਹਿਲਾਂ ਏਸ ਘਰ ਵਿਚ ਰਹਿੰਦਾ ਹੁੰਦਾ ਸੀ। ਉਹਦੀ ਖਵਾਹਿਸ਼ ਏ ਪਈ ਇਹ ਕਿਤਾਬਾਂ ਉਹਦੇ ਜੰਮਣ-ਘਰ ਵਿਚ ਰੱਖੀਆਂ ਜਾਣ। ਘਰ ਦੇ ਨਵੇਂ ਮਾਲਕਾਂ ਨੇ ਬਗ਼ੈਰ ਖੋਲ੍ਹਿਆਂ ਇਹ ਕਹਿ ਕੇ ਵਾਪਸ ਕਰ ਦਿੱਤੀਆਂ ਕਿ ਅਸੀਂ ਇਕ ਸਿੱਖ ਦੀ ਕਿਤਾਬ ਨੂੰ ਆਪਣੇ ਘਰ ਵਿਚ ਨਹੀਂ ਰੱਖਣਾ।"

ਇਹ ਗੱਲ ਦੱਸਦਿਆਂ ਗਿਆਨੀ ਜੀ ਚੁੱਪ ਕਰਕੇ ਸੋਚਣ ਲੱਗ ਪਏ ਸਨ ਤੇ ਮੈਂ ਓਸ ਦੁਖਾਂਤ ਨੂੰ ਮਹਿਸੂਸ ਕਰ ਰਿਹਾ ਸਾਂ, ਜਿਹੜਾ ਹਰ ਸੋਚਣ ਵਾਲੇ ਪੰਜਾਬੀ ਦਾ ਮੁਕੱਦਰ ਬਣ ਚੁੱਕਿਆ ਏ। ਪਰ ਫੇਰ ਵੀ ਮੈਂ ਮਾਯੂਸ ਨਹੀਂ ਆਂ। 30 ਸਾਲ ਪਹਿਲਾਂ ਜੇ ਇਕ ਨਸਲ ਨੇ ਧਰਮ ਪਾਰੋਂ ਏਸ ਕਿਤਾਬ ਨੂੰ ਘਰੋਂ ਕੱਢ ਦਿੱਤਾ ਸੀ ਤੇ ਅੱਜ 30 ਸਾਲ ਬਾਅਦ ਦੂਜੀ ਨਸਲ ਦਾ ਇਕ ਨੌਜਵਾਨ ਏਸ ਕਿਤਾਬ ਨੂੰ ਇੰਝ ਪੜ੍ਹ ਰਿਹਾ ਏ, ਜਿਵੇਂ ਇਹ ਉਹਦੇ ਧਰਮ ਦਾ ਹਿੱਸਾ ਹੋਵੇ।

(ਤਿਮਾਹੀ ਨਾਂ ਦੇ ਤ੍ਰੈਮਾਸਕ ਦੇ ਮਾਰਚ, 96 ਦੇ ਅੰਕ 'ਚੋਂ)

## ਦੋ ਨਜ਼ਮਾਂ/ਨਿਰਮਲ ਦੱਤ

(1) ਖ਼ੈਰ ਮੰਗਦਾ ਹਾਂ ਮੈਂ
ਓਹਨਾ ਚਿਰਾਗਾਂ ਖਾਤਰ
ਰਾਤ ਦੀ ਗੀਤ ਲਈ
ਜੋ ਨੇ ਚੁਣੌਤੀ ਬਣਦੇ,
ਮੈਂ ਦੁਆ ਕਰਦਾਂ
ਉਨਾਂ ਦੀਵਿਆਂ ਦੀ ਲੋਅ ਦੇ ਲਈ
ਜੋ ਸਿਆਹ ਵਰਕ 'ਤੇ,ਚਾਨਣ ਦੀ ਇਬਾਰਤ ਲਿਖਦੇ,
ਮੈਂ ਪੁਜਾਰੀ ਹਾਂ
ਉਨਾ ਜੁਗਨੂਆਂ ਦੇ ਝੁਰਮਟ ਦਾ
ਜੋ ਕਿ ਸੂਰਜ ਨੂੰ, ਧਰਤੀ ਦਾ ਪਤਾ ਦੱਸਦੇ ਨੇ,
ਮੇਰਾ ਸਲਾਮ
ਉਨਾ ਤਾਰਿਆਂ ਦੇ ਨਾਂ ਹੋਵੇ
ਜਿਨ੍ਹਾਂ ਨੇ ਪੀੜ ਸਹੀ ਹੈ, ਮਾਯੂਸ ਰਾਤਾਂ ਦੀ......

(2) ਅੰਤ ਨਹੀਂ, ਕੋਈ ਅੰਤ ਨਹੀਂ
ਮੇਰੀ ਭੁੱਖ ਦਾ ਕੋਈ ਅੰਤ ਨਹੀਂ,
ਸੌ ਬਾਰ ਬਹਾਰਾਂ ਛਾਈਆਂ ਨੇ
ਸੌ ਬਾਰ ਫੁਹਾਰਾਂ ਆਈਆਂ ਨੇ
ਮੈਂ ਫਿਰ ਰੰਗਾਂ ਲਈ ਸਹਿਕ ਰਿਹਾ
ਮੈਂ ਫਿਰ ਬੂੰਦਾਂ ਲਈ ਪਾਗਲ ਹਾਂ,
ਮੈਨੂੰ ਸੱਚੇ ਸੁੱਚੇ ਪਿਆਰ ਮਿਲੇ
ਮੈਨੂੰ ਸੌ ਚੁੰਮਣ ਸੌ ਬਾਰ ਮਿਲੇ
ਪਰ ਫਿਰ ਵੀ ਮੇਰੀਆਂ ਨੀਦਾਂ ਵਿਚ
ਸੌ ਜਿਸਮਾਂ ਦਾ ਵਿਉਪਾਰ ਚਲੇ,
ਕੁੱਲ ਧਰਤੀ ਮੇਰੀ ਜਗੀਰ ਬਣੇ
ਮੈਂ ਚੰਨ ਲਈ ਮਰਦੇ ਰਹਿਣਾ ਹੈ,
ਚੰਨ ਪਾਕੇ ਆਪਣੀ ਝੋਲੀ ਵਿਚ
ਸੂਰਜ ਲਈ ਸੜਦੇ ਰਹਿਣਾ ਹੈ,
ਸਭ ਤਾਰੇ ਮੇਰੇ ਨਾ ਹੋਵਣ
ਰਹਿਣੇ ਨੇ ਫਿਰ ਅਰਮਾਨ ਕਈ,
ਕਈ ਲੱਖ ਅਕਾਸ਼ਾਂ ਵਾਂਗੂ ਹੀ
ਮੇਰੀ ਭੁੱਖ ਦੇ ਨੇ ਅਸਮਾਨ ਕਈ,
ਅੰਤ ਨਹੀਂ, ਕੋਈ ਅੰਤ ਨਹੀਂ
ਮੇਰੀ ਭੁੱਖ ਦਾ ਕੋਈ ਅੰਤ ਨਹੀਂ......



## ਲੇਖਕ ਤੇ ਰਾਜਨੀਤੀ

ਸਾਹਿਤ ਉਸ ਸ਼ਰੇਣੀ ਬਣਤਰ ਤੋਂ ਨਿਰਲੇਪ ਨਹੀਂ ਰਹਿ ਸਕਦਾ, ਜੋ ਕਿ ਸਾਡੀ ਨਿਤਾ-ਪ੍ਰਤੀ ਜ਼ਿੰਦਗੀ ਨੂੰ ਪ੍ਰਭਾਵਤ ਕਰਦੀ ਹੈ। ਏਥੇ ਲੇਖਕ ਲਈ ਚੋਣ ਕਰਨ ਦੀ ਕੋਈ ਗੁੰਜਾਇਸ਼ ਨਹੀਂ। ਭਾਵੇਂ ਉਹ ਇਸ ਤੋਂ ਸੁਚੇਤ ਹੋਵੇ ਜਾਂ ਨਾ, ਉਸ ਦੀਆਂ ਰਚਨਾਵਾਂ ਸਮਾਜ ਵਿਚਲੇ ਤਿੱਖੇ ਆਰਥਕ, ਸਭਿਆਚਾਰਕ ਤੇ ਵਿਚਾਰਧਾਰਕ ਸੰਘਰਸ਼ਾਂ ਦੇ ਇਕ ਜਾਂ ਵਧੇਰੇ ਪੱਖਾਂ ਨੂੰ ਪ੍ਰਤੀਬਿੰਬਤ ਕਰਦੀਆਂ ਹਨ। ਉਹ ਬੱਸ ਇਹ ਕਰ ਸਕਦਾ ਹੈ ਕਿ ਲੜਾਈ ਦੀ ਇਕ ਜਾਂ ਦੂਸਰੀ ਧਿਰ ਨੂੰ ਚੁਣੇ. ਲੋਕਾਂ ਦੀ ਧਿਰ ਨੂੰ ਜਾਂ ਉਸ ਧਿਰ ਨੂੰ, ਜੋ ਲੋਕਾਂ ਨੂੰ ਗੁਲਾਮ ਰਖਦੀ ਹੈ। ਇਕ ਕੰਮ ਜੋ ਉਹ ਨਹੀਂ ਕਰ ਸਕਦਾ, ਉਹ ਹੈ ਨਿਰਪੱਖ ਰਹਿਣਾ। ਹਰ ਲੇਖਕ ਰਾਜਨੀਤੀ ਵਿਚ ਖੁੱਭਿਆ ਹੁੰਦਾ ਹੈ। ਪ੍ਰਸ਼ਨ ਇਹ ਹੈ ਕਿ ਕੀ ਤੇ ਕਿਸ ਦੀ ਰਾਜਨੀਤੀ।

—ਨਗੂਗੂ-ਵਾ-ਥੀਆਂਗ
(ਕੀਨੀਆਈ ਗਲਪਕਾਰ)

Registered with the Registrar of News-Papers of India
No —PUN-PUN O 2776/35/AL/TC/94.

ਫੋਨ : ਹਸਪਤਾਲ : 1531
ਘਰ : 1521

ਬੱਚਿਆਂ ਦੀਆਂ ਬੀਮਾਰੀਆਂ ਦੇ
ਸਿਰਕੱਢ ਮਾਹਰ

ਡਾ. ਰਵਿੰਦਰ ਸਿੰਘ

M.B.B.S., M.D. (Paed), Ex. P.C.M.S.

ਮੈਂਬਰ ਇੰਡੀਅਨ ਅਕਾਡਮੀ ਆਫ ਪੀਡੀਆਟਰਿਕਸ

**Child Specialist & Neonatologist**

**Circular Road, BATALA.**

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ: ਅਨੂਪ ਸਿੰਘ ਨੇ ਅਨੂਪਮ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ
ਛਪਵਾ ਕੇ E. J.-272, ਚਹਾਰ ਬਾਗ਼, ਜਲੰਧਰ ਤੋਂ ਪ੍ਰਕਾਸ਼ਤ ਕੀਤਾ।